Monthly

THE PUNJAB HERALD

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

# ਦਾ ਪੰਜਾਬ ਹੈਰਲਡ

The Punjab Herald

ਅਖਬਾਰ ਦੇ ਸੰਪਾਦਕ ਡਾ: ਅਵਤਾਰ ਐਸ. ਸੰਘਾ ਦੇ ਛਪ ਰਹੇ ਦੋ ਕਹਾਣੀ ਸੰਗ੍ਰਹਿ: 'ਮੈਹਲਾ ਮਾਜਰਾ ਤੇ ਹੋਰ ਕਹਾਣੀਆਂ' ਤੇ 'Free Train Ride and other stories'

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (145) Aug. 2026, Sydney, Phone - 0437641033 , Email - thepunjabherald1@gmail.com

www.thepunjabherald.com



**The reigning champion of FIFA World cup is Spain by defeating the holders Argentina.**

ਗਲੈਨਵੁੱਡ ਗੁਰੂਘਰ ਵਿਖੇ 26-07-2026 ਤੋਂ ਸੀਨੀਅਰ ਸਿਟੀਜ਼ਨਜ਼ ਲਈ ਕੰਪਿਊਟਰ ਸਿਖਲਾਈ (Digital literacy) ਦੀ ਜਮਾਤ ਸ਼ੁਰੂ ਹੋ ਗਈ ਹੈ। ਜਿਆਦਾ ਜਾਣਕਾਰੀ ਲਈ ਅੰਦਰ 34 ਸਫੇ ਤੇ ਖਬਰ ਪੜ੍ਹੋ ਅਤੇ ਡਾਇਰੈਕਟਰ ਸ. ਤੇਜਬੀਰ ਸਿੰਘ ਨਾਲ਼ 0468 349967 ਤੇ ਗੱਲ ਕਰੋ।

SINGH TRUCK DRIVING SCHOOL

Get your truck licence for MR,HR, HC or MC classes.

One day courses Available

Friendly trainer speaks Punjabi, Hindi and English.

Established 2012



CALL JATINDER SINGH : 0433572723

ਆਪਣੇ ਕਾਰੋਬਾਰ ਵਿਚ ਵਾਧਾ ਕਰਨ ਲਈ ਅੱਜ ਹੀ ਆਪਣਾ ਇਸ਼ਤਿਹਾਰ

'ਦਾ ਪੰਜਾਬ ਹੈਰਲਡ' ਵਿਚ ਛਪਵਾਉ।

ਈਮੇਲ - thepunjabherald1@gmail.com, Phone - 0437641033

ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ ੨੦ ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।




# ਭਾਰਤ ਵਿਕਾਸ ਪ੍ਰੀਸ਼ਦ ਦੇ ਰਾਸਟਰੀ ਪ੍ਰਧਾਨ ਮਾਨਯੋਗ ਨਿਆਂਮੂਰਤੀ ਸ੍ਰੀ ਆਦਰਸ਼ ਕੁਮਾਰ ਗੋਇਲ ਜੀ ਦਾ ਅੰਮ੍ਰਿਤਸਰ ਦੌਰਾ ਸਫਲਤਾਪੂਰਵਕ ਸੰਪੰਨ










ਭਾਰਤ ਵਿਕਾਸ ਪ੍ਰੀਸਦ ਦੇ ਰਾਸਟਰੀ ਪ੍ਰਧਾਨ, ਮਾਨਯੋਗ ਨਿਆਂਮੂਰਤੀ ਸ੍ਰੀ ਆਦਰਸ ਕੁਮਾਰ ਗੋਇਲ ਜੀ (ਸੇਵਾਮੁਕਤ ਜੱਜ, ਸੁਪਰੀਮ ਕੋਰਟ ਆਫ ਇੰਡੀਆ) ਦੇ ਪਵਿੱਤਰ ਗੁਰੂ ਨਗਰੀ ਅੰਮ੍ਰਿਤਸਰ ਦੌਰੇ ਦੌਰਾਨ ਦੋ ਮਹੱਤਵਪੂਰਨ ਸੈਸਨਾਂ ਦਾ ਸਫਲ ਆਯੋਜਨ ਕੀਤਾ ਗਿਆ।

ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਹੋਏ ਪਹਿਲੇ ਸੈਸਨ ਵਿੱਚ ਭਾਰਤ ਵਿਕਾਸ ਪ੍ਰੀਸਦ, ਅੰਮ੍ਰਿਤਸਰ ਦੇ ਅਹੁਦੇਦਾਰਾਂ ਅਤੇ ਕਾਰਕੁਨਾਂ ਵੱਲੋਂ ਮਾਨਯੋਗ ਰਾਸਟਰੀ ਪ੍ਰਧਾਨ ਜੀ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ। ਇਸ ਉਪਰੰਤ ਇੱਕ ਮਾਰਗਦਰਸਨ ਅਤੇ ਵਿਚਾਰ-ਵਟਾਂਦਰਾ ਸੈਸਨ ਆਯੋਜਿਤ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਪਰਿਸਦ ਦੀ ਵਿਚਾਰਧਾਰਾ, ਸੰਗਠਨ ਦੇ ਵਿਸਤਾਰ, ਸੇਵਾ ਪ੍ਰੋਜੈਕਟਾਂ ਅਤੇ ਸਮਾਜ ਪ੍ਰਤੀ ਸਾਡੀਆਂ ਜਿੰਮੇਵਾਰੀਆਂ ਬਾਰੇ ਵਿਸਤਾਰ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਹਾਜਰ ਕਾਰਕੁਨਾਂ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਵੱਖ-ਵੱਖ ਵਿਸਿਆਂ 'ਤੇ ਮਾਰਗਦਰਸਨ ਪ੍ਰਾਪਤ ਕੀਤਾ।

ਇਸ ਤੋਂ ਬਾਅਦ ਸਾਮ 3:00 ਵਜੇ ਤੋਂ 5:00 ਵਜੇ ਤੱਕ ਦੂਜੇ ਸੈਸਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਅੰਮ੍ਰਿਤਸਰ ਸਹਿਰ ਦੀਆਂ ਵੱਖ-ਵੱਖ ਸਮਾਜਿਕ, ਧਾਰਮਿਕ, ਉਦਯੋਗਿਕ, ਵਪਾਰਕ, ਸਿੱਖਿਆ ਅਤੇ ਹੋਰ ਖੇਤਰਾਂ ਦੀਆਂ ਪ੍ਰਮੁੱਖ ਹਸਤੀਆਂ ਨੇ ਭਾਗ ਲਿਆ। ਮਾਨਯੋਗ ਨਿਆਂਮੂਰਤੀ ਸ੍ਰੀ ਆਦਰਸ ਕੁਮਾਰ ਗੋਇਲ ਜੀ ਨੇ ਆਪਣੇ ਪ੍ਰੇਰਣਾਦਾਇਕ ਸੰਬੋਧਨ ਵਿੱਚ ਭਾਰਤ ਵਿਕਾਸ ਪ੍ਰੀਸਦ ਦੇ ਉਦੇਸਾਂ, ਸਮਾਜ ਸੇਵਾ, ਰਾਸਟਰ ਨਿਰਮਾਣ, ਸੰਸਕਾਰਾਂ ਅਤੇ ਨਾਗਰਿਕ ਫਰਜਾਂ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਹਾਜਰ ਪ੍ਰਬੁੱਧ ਨਾਗਰਿਕਾਂ ਨਾਲ ਸੰਵਾਦ ਕਰਦਿਆਂ ਉਨ੍ਹਾਂ ਦੇ ਪ੍ਰਸਨਾਂ ਦੇ ਜਵਾਬ ਵੀ ਦਿੱਤੇ।

ਦੋਵੇਂ ਸੈਸਨ ਬਹੁਤ ਹੀ ਸੁਚੱਜੇ, ਪ੍ਰਭਾਵਸਾਲੀ ਅਤੇ ਗਿਆਨਵਰਧਕ ਰਹੇ। ਹਾਜਰ ਸਾਰੇ ਮਹਿਮਾਨਾਂ ਅਤੇ ਪ੍ਰਬੁੱਧ ਨਾਗਰਿਕਾਂ ਨੇ ਇਸ ਉੱਤਮ ਆਯੋਜਨ ਦੀ ਭਰਪੂਰ ਸਰਾਹਨਾ ਕੀਤੀ ਅਤੇ ਇਸ ਨੂੰ ਸਮਾਜ ਲਈ ਬਹੁਤ ਹੀ ਲਾਭਕਾਰੀ ਦੱਸਿਆ। ਭਾਰਤ ਵਿਕਾਸ ਪ੍ਰੀਸਦ, ਅੰਮ੍ਰਿਤਸਰ ਵੱਲੋਂ ਇਸ ਮੌਕੇ 'ਤੇ ਪਹੁੰਚੇ ਸਾਰੇ ਮਹਿਮਾਨਾਂ, ਪ੍ਰਬੁੱਧ ਨਾਗਰਿਕਾਂ ਅਤੇ ਕਾਰਕੁਨਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ।

ਸਤਿਕਾਰ ਸਹਿਤ,
ਸੰਜੀਵ ਜੈਨ
ਸੰਪਰਕ ਮੁਖੀ ਭਾਰਤ ਵਿਕਾਸ ਪ੍ਰੀਸਦ ਅੰਮ੍ਰਿਤਸਰ

# ਗੋਦੀ ਮੀਡੀਆ ਨੂੰ ਲਤਾੜ ਗਿਆ ਕਾਕਰੋਚ ਅੰਦੋਲਨ

ਨੌਜਵਾਨਾਂ ਦੀ 'ਕਾਕਰੋਚ ਕ੍ਰਾਂਤੀ' ਅੱਗੇ ਕੁਝ ਹੀ ਦਿਨਾਂ ਵਿੱਚ ਨਾ ਸਿਰਫ਼ ਇਸ ਰਾਸ਼ਟਰ ਦੇ ਉਸ ਪ੍ਰਮੁੱਖ ਨੂੰ ਝੁਕਣਾ ਪਿਆ, ਜਿਹੜਾ ਸਿਰਫ਼ ਆਪਣੇ 'ਮਨ ਦੀ ਗੱਲ' ਕਰਨੀ ਜਾਣਦਾ ਹੈ ਅਤੇ ਦੂਜਿਆਂ ਦੇ ਮਨ ਦੀ ਗੱਲ ਸੁਣਨ ਤੋਂ ਮੁਨਕਰ ਰਿਹਾ ਹੈ; ਸਗੋਂ ਇਸ ਇਤਿਹਾਸਕ ਅੰਦੋਲਨ ਨੇ ਗੋਦੀ ਮੀਡੀਆ ਦਾ ਵੀ ਲੱਕ ਤੋੜ ਕੇ ਰੱਖ ਦਿੱਤਾ। ਕੀ ਇਹ ਇਹ ਉਹੀ ਮੀਡੀਆ ਨਹੀਂ ਹੈ, ਜੋ ਮੁੱਠੀ ਭਰ ਸਰਮਾਏਦਾਰਾਂ ਅਤੇ ਸਰਕਾਰ ਦਾ ਪਿੱਠੂ ਬਣ ਕੇ ਲੋਕਤੰਤਰ ਦੇ ਚੌਥੇ ਥੰਮ੍ਹ ਦੀ ਪ੍ਰਮਾਣਿਕਤਾ ਨੂੰ ਲਗਾਤਾਰ ਦਾਗਦਾਰ ਕਰ ਰਿਹਾ ਸੀ?

ਕਿਸਾਨ ਅੰਦੋਲਨ ਵੇਲੇ ਵੀ ਅਤੇ ਮੌਜੂਦਾ ਕੇਂਦਰ ਸਰਕਾਰ ਦੇ ਪਿਛਲੇ 12 ਸਾਲਾਂ ਦੇ ਕਾਰਜਕਾਲ ਦੌਰਾਨ ਹੋਏ ਹੋਰਨਾਂ ਜਨ-ਸੰਘਰਸ਼ਾਂ ਦੌਰਾਨ ਵੀ, ਗੋਦੀ ਮੀਡੀਆ ਦੀ ਭੂਮਿਕਾ ਉਨੀ ਹੀ ਨਿੰਦਣਯੋਗ ਅਤੇ ਪੱਖਪਾਤੀ ਰਹੀ ਜਿੰਨੀ ਮੌਜੂਦਾ ਹਕੂਮਤ ਦੀ। ਪਰ ਇਸ ਨੌਜਵਾਨ ਅੰਦੋਲਨ ਦੇ ਅਟੱਲ ਸਿਰੜ ਅੱਗੇ ਗੋਦੀ ਮੀਡੀਆ ਦੇ ਓਹਲੇ ਰਾਜ ਕਰਨ ਵਾਲੀ ਹਕੂਮਤ ਨੂੰ ਇੱਕ ਵਾਰ ਫਿਰ ਮੂੰਹ ਦੀ ਖਾਣੀ ਪਈ। ਨੌਜਵਾਨਾਂ ਦੇ ਭਾਰੇ ਰੋਸ ਅੱਗੇ ਪ੍ਰਧਾਨ ਮੰਤਰੀ ਨੂੰ ਝੁਕਣਾ ਪਿਆ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਕਰਨੀਆਂ ਪਈਆਂ।

ਦੇਸ਼ ਦੇ ਕੋਨੇ-ਕੋਨੇ ਤੋਂ ਪਹੁੰਚੇ ਇਹ ਨੌਜਵਾਨ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ, ਸਿੱਖਿਆ ਢਾਂਚੇ ਵਿੱਚ ਪਾਰਦਰਸ਼ਤਾ, ਪੇਪਰ ਲੀਕ ਮਾਫ਼ੀਆ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਜਵਾਬਦੇਹੀ ਦੀ ਮੰਗ ਕਰ ਰਹੇ ਸਨ। ਇਹ ਰੋਸ ਕਿਸੇ ਇੱਕ ਵਿਅਕਤੀ, ਸੰਗਠਨ ਜਾਂ ਸਿਆਸੀ ਧਿਰ ਤੱਕ ਸੀਮਤ ਨਹੀਂ ਸੀ, ਬਲਕਿ ਇਹ ਦੇਸ਼ ਦੇ ਲੱਖਾਂ ਬੇਰੁਜ਼ਗਾਰ ਅਤੇ ਪੀੜਤ ਨੌਜਵਾਨਾਂ ਦੇ ਮਨਾਂ ਵਿੱਚ ਸਾਲਾਂ ਤੋਂ ਪਣਪ ਰਹੇ ਵਿਆਪਕ ਅੰਦਰੂਨੀ ਉਬਾਲ ਦਾ ਪ੍ਰਗਟਾਵਾ ਸੀ।

ਇਸ ਸੰਘਰਸ਼ ਵਿੱਚ ਜਨਤਕ ਅਤੇ ਬੁਨਿਆਦੀ ਮੁੱਦੇ ਏਨੇ ਹਾਵੀ ਹੋ ਗਏ ਕਿ ਰਵਾਇਤੀ ਨੇਤਾਵਾਂ ਦੀ ਪ੍ਰਸੰਗਿਕਤਾ ਹੀ ਖ਼ਤਮ ਹੋ ਗਈ-ਠੀਕ ਉਵੇਂ ਹੀ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਦੌਰਾਨ ਦੇਖਣ ਨੂੰ ਮਿਲਿਆ ਸੀ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੂੰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਇਹ ਪੜ੍ਹੇ-ਲਿਖੇ ਨੌਜਵਾਨ ਵੀ 'ਦੇਸ਼ ਨੂੰ ਤੋੜਨ ਵਾਲੀਆਂ ਵਿਦੇਸ਼ੀ ਤਾਕਤਾਂ' ਦੇ ਮੋਹਰੇ ਹੀ ਜਾਪੇ।

ਇਸ ਵਿਕੇ ਹੋਏ ਮੀਡੀਆ ਨੇ ਪ੍ਰਸਿੱਧ ਵਾਤਾਵਰਨ ਪ੍ਰੇਮੀ ਸੋਨਮ ਵਾਂਗਚੁਕ ਦੇ ਮਰਨ ਵਰਤ ਦਾ ਮਜ਼ਾਕ ਉਡਾਇਆ। ਟੀਵੀ ਸਕਰੀਨਾਂ 'ਤੇ ਬੈਠੇ ਕੁਝ ਕਥਿਤ ਬੁੱਧੀਜੀਵੀ ਹਰ ਰੋਜ਼ ਹਕੂਮਤ ਦੀ ਭਗਤੀ ਕਰਦੇ ਅਤੇ 'ਕਾਕਰੋਚ ਅੰਦੋਲਨ' ਦੇ ਆਗੂ ਅਭਿਜੀਤ ਦਿਪਕੇ 'ਤੇ ਤੀਰ ਛੱਡਦੇ ਦਿਖਾਈ ਦਿੱਤੇ। ਗੋਦੀ ਮੀਡੀਆ ਨੇ ਇਹ ਸਾਬਤ ਕਰਨ ਲਈ ਪੂਰਾ ਤਾਣ ਲਗਾਇਆ ਕਿ ਇਹ ਪ੍ਰਦਰਸ਼ਨਕਾਰੀ ਉਹੀ 'ਰਾਸ਼ਟਰ-ਵਿਰੋਧੀ' ਹਨ, ਜਿਨ੍ਹਾਂ ਨੂੰ ਸ਼ਾਹੀਨ ਬਾਗ ਜਾਂ ਕਿਸਾਨ ਅੰਦੋਲਨ 'ਚ ਦੇਖਿਆ ਗਿਆ ਸੀ-ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਨੇ 'ਅੰਦੋਲਨਜੀਵੀ' ਆਖ ਕੇ ਭੰਡਿਆ ਸੀ।

ਪਰ ਗੋਦੀ ਮੀਡੀਆ ਨੇ ਜਾਣਬੁੱਝ ਕੇ ਇਹ ਸੱਚ ਛੁਪਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਮੁਹਿੰਮ ਦੀ ਚੰਗਿਆੜੀ ਸੁਪਰੀਮ ਕੋਰਟ ਦੀ ਉਸ ਅਫ਼ਸੋਸਜਨਕ ਟਿੱਪਣੀ ਤੋਂ ਭੜਕੀ ਸੀ, ਜਿਸ 'ਚ ਵਿਦਿਆਰਥੀਆਂ ਦੇ ਰੋਸ ਨੂੰ ਵਿਅੰਗ ਨਾਲ 'ਕਾਕਰੋਚ' ਵਾਂਗ ਦੇਖਿਆ ਗਿਆ। ਨੀਟ ਪੇਪਰ ਲੀਕ ਦੇ ਧੱਕੇਸ਼ਾਹੀ ਭਰੇ ਫ਼ੈਸਲਿਆਂ ਨੇ ਨੌਜਵਾਨਾਂ ਦੇ ਮਨਾਂ 'ਚ ਗੁੱਸਾ ਭਰ ਦਿੱਤਾ। ਸੋਸ਼ਲ ਮੀਡੀਆ 'ਤੇ ਸ਼ੁਰੂ ਹੋਈ ਵਿਅੰਗਾਤਮਕ ਮੁਹਿੰਮ ਨੇ ਅਜਿਹਾ ਜਨ-ਅੰਦੋਲਨ ਖੜ੍ਹਾ ਕੀਤਾ ਜਿਸ ਨੇ ਸਿਰਫ਼ 70 ਦਿਨਾਂ ਦੇ ਅੰਦਰ-ਅੰਦਰ ਕੇਂਦਰੀ ਸਿੱਖਿਆ ਮੰਤਰੀ ਨੂੰ ਕੁਰਸੀ ਛੱਡਣ ਲਈ ਮਜਬੂਰ ਕਰ ਦਿੱਤਾ।




ਇਸ ਅੰਦੋਲਨ ਦਾ ਕੋਈ ਪਰੰਪਰਾਗਤ ਸਿਆਸੀ ਰਹਿਬਰ ਨਹੀਂ ਸੀ, ਬਲਕਿ ਇੰਸਟਾਗ੍ਰਾਮ ਅਤੇ 'ਐਕਸ' ਵਰਗੇ ਡਿਜੀਟਲ ਪਲੇਟਫਾਰਮਾਂ 'ਤੇ ਬਣੇ ਨੈੱਟਵਰਕ ਨੇ ਇਸ ਦੀ ਨੀਂਹ ਰੱਖੀ। ਵਿਦਿਆਰਥੀਆਂ ਨੇ ਬੜੀ ਸੂਝ-ਬੂਝ ਨਾਲ ਸੋਸ਼ਲ ਮੀਡੀਆ 'ਤੇ 15-15 ਜਾਂ 30-30 ਸੈਕਿੰਡਾਂ ਦੀਆਂ ਛੋਟੀਆਂ-ਛੋਟੀਆਂ ਵੀਡੀਓਜ਼ ਪਾ ਕੇ ਆਪਣੇ ਅੰਦੋਲਨ ਨੂੰ ਇੰਨਾ ਮਜ਼ਬੂਤ ਕਰ ਦਿੱਤਾ ਕਿ ਇਸ ਦਾ ਸੁਨੇਹਾ ਦੇਸ਼ ਦੇ ਹਰ ਕੋਨੇ ਤੱਕ ਪਹੁੰਚ ਗਿਆ। ਬਿਨਾਂ ਕਿਸੇ ਵੱਡੇ ਦਾਅਵੇ ਜਾਂ ਫੋਕੀ ਬਿਆਨਬਾਜ਼ੀ ਦੇ, ਉਹ ਬਹੁਤ ਹੀ ਸੁਚੇਤ ਰੂਪ ਵਿੱਚ ਆਪਣੇ ਨਿਸ਼ਾਨੇ 'ਤੇ ਕੰਮ ਕਰਦੇ ਨਜ਼ਰ ਆਏ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖਿਆ ਦੇ ਖੇਤਰ 'ਚ ਹੋਈਆਂ ਧਾਂਦਲੀਆਂ ਅਤੇ ਇਸ ਨਾਲ ਜੁੜੇ ਬੇਰੁਜ਼ਗਾਰੀ ਦੇ ਗੰਭੀਰ ਮੁੱਦੇ ਤੱਕ ਹੀ ਕੇਂਦਰਿਤ ਰੱਖਿਆ।

ਇਹ ਆਵਾਜ਼ ਦਿੱਲੀ ਦੇ ਜੰਤਰ-ਮੰਤਰ ਤੋਂ ਹੁੰਦੀ ਹੋਈ ਦੇਸ਼ ਦੀਆਂ ਤਮਾਮ ਯੂਨੀਵਰਸਿਟੀਆਂ ਦੇ ਗਲਿਆਰਿਆਂ ਤੱਕ ਗੂੰਜ ਉੱਠੀ। ਇਸ ਮੁਹਿੰਮ ਨੇ ਜਿੱਥੇ ਗੋਦੀ ਮੀਡੀਆ ਦੇ ਪੱਖਪਾਤੀ ਚਿਹਰੇ ਨੂੰ ਬੇਨਕਾਬ ਕੀਤਾ, ਉੱਥੇ ਹੀ ਨੌਜਵਾਨਾਂ ਨੂੰ ਆਪਣੇ ਹੱਕਾਂ ਲਈ ਆਰ-ਪਾਰ ਦੀ ਲੜਾਈ ਲੜਨ ਦਾ ਰਾਹ ਵੀ ਦਿਖਾਇਆ।

ਇਹ ਸਮਝਣਾ ਜ਼ਰੂਰੀ ਹੈ ਕਿ ਇਹ ਲੜਾਈ ਸਿਰਫ਼ ਨੀਟ ਪ੍ਰੀਖਿਆ ਤੱਕ ਸੀਮਤ ਨਹੀਂ ਸੀ; ਇਹ ਖ਼ਰਾਬ ਪ੍ਰੀਖਿਆ ਪ੍ਰਣਾਲੀ, ਬੇਰੁਜ਼ਗਾਰੀ ਅਤੇ ਨੌਜਵਾਨਾਂ ਦੇ ਰੁਲਦੇ ਭਵਿੱਖ ਪ੍ਰਤੀ ਫੈਲੀ ਵਿਆਪਕ ਬੇਚੈਨੀ ਦਾ ਵਿਸਫੋਟ ਸੀ, ਜੋ ਇੱਕ ਕ੍ਰਾਂਤੀ ਵਿੱਚ ਬਦਲ ਗਿਆ।

ਜੇਕਰ ਇਤਿਹਾਸ 'ਤੇ ਝਾਤ ਮਾਰੀਏ ਤਾਂ ਵਿਦਿਆਰਥੀ ਅੰਦੋਲਨਾਂ ਨੇ ਹਮੇਸ਼ਾ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ: 1906 ਵਿੱਚ ਡਾ. ਰਾਜੇਂਦਰ ਪ੍ਰਸਾਦ ਦੀ ਅਗਵਾਈ ਹੇਠ 'ਬਿਹਾਰੀ ਸਟੂਡੈਂਟਸ ਸੈਂਟਰਲ ਐਸੋਸੀਏਸ਼ਨ' ਨੇ ਆਜ਼ਾਦੀ ਸੰਗ੍ਰਾਮ 'ਚ ਅਹਿਮ ਭੂਮਿਕਾ ਨਿਭਾਈ। 11 ਅਗਸਤ 1942 ਨੂੰ ਪਟਨਾ ਵਿਧਾਨ ਸਭਾ 'ਤੇ ਝੰਡਾ ਲਹਿਰਾਉਂਦਿਆਂ 7 ਵਿਦਿਆਰਥੀ ਸ਼ਹੀਦ ਹੋਏ। 1955 ਵਿੱਚ ਬਿਹਾਰ 'ਚ ਬੱਸ ਕਿਰਾਇਆ ਵਾਧੇ ਵਿਰੁੱਧ ਹੋਏ ਵਿਦਿਆਰਥੀ ਅੰਦੋਲਨ ਕਾਰਨ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਸੀ। 1973-74 ਦਾ ਗੁਜਰਾਤ ਦਾ 'ਨਵਨਿਰਮਾਣ ਅੰਦੋਲਨ' ਵਿਦਿਆਰਥੀਆਂ ਦੀ ਤਾਕਤ ਸੀ, ਜਿਸ ਨੇ ਚਿਮਨਭਾਈ ਪਟੇਲ ਦੀ ਸਰਕਾਰ ਦਾ ਤਖ਼ਤਾ ਪਲਟ ਦਿੱਤਾ। 1974 ਦਾ ਇਤਿਹਾਸਕ 'ਜੇ.ਪੀ. ਅੰਦੋਲਨ' ਵੀ ਵਿਦਿਆਰਥੀਆਂ ਦੇ ਰੋਸ ਤੋਂ ਸ਼ੁਰੂ ਹੋਇਆ, ਜਿਸ ਦੇ ਸਿੱਟੇ ਵਜੋਂ ਦੇਸ਼ 'ਚ ਇਮਰਜੈਂਸੀ ਲੱਗੀ ਅਤੇ ਕਾਂਗਰਸ ਸੱਤਾ ਤੋਂ ਬਾਹਰ ਹੋਈ। 1979-1985 ਤੱਕ ਅਸਾਮ ਦੇ ਵਿਦਿਆਰਥੀ ਅੰਦੋਲਨ ਨੇ ਕੇਂਦਰ ਸਰਕਾਰ ਨੂੰ 'ਅਸਾਮ ਸਮਝੌਤਾ' ਕਰਨ ਲਈ ਮਜਬੂਰ ਕੀਤਾ। 1990 ਦਾ ਮੰਡਲ ਕਮਿਸ਼ਨ ਵਿਰੋਧੀ ਅੰਦੋਲਨ ਹੋਵੇ ਜਾਂ 2016 ਵਿੱਚ ਹੈਦਰਾਬਾਦ ਯੂਨੀਵਰਸਿਟੀ ਦੇ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਸੰਸਥਾਗਤ ਹੱਤਿਆ ਵਿਰੁੱਧ ਉੱਠਿਆ ਰੋਸ- ਵਿਦਿਆਰਥੀਆਂ ਨੇ ਹਮੇਸ਼ਾ ਹਕੂਮਤਾਂ ਦੀਆਂ ਨੀਂਦਾਂ ਉਡਾਈਆਂ ਹਨ।

2017 ਵਿੱਚ ਪੰਜਾਬ ਯੂਨੀਵਰਸਿਟੀ (ਪੀਯੂ) ਚੰਡੀਗੜ੍ਹ ਵਿਖੇ ਫ਼ੀਸਾਂ ਦੇ ਭਾਰੀ ਵਾਧੇ ਵਿਰੁੱਧ ਵਿਦਿਆਰਥੀਆਂ ਦਾ ਇਤਿਹਾਸਕ ਸੰਘਰਸ਼, 2019 ਵਿੱਚ ਜਵਾਹਰਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਾ ਫ਼ੀਸ ਵਾਧਾ ਵਿਰੋਧੀ ਅੰਦੋਲਨ, ਅਤੇ ਹਾਲ ਹੀ ਵਿੱਚ 2025 ਵਿੱਚ ਪੰਜਾਬ ਯੂਨੀਵਰਸਿਟੀ ਦੇ ਲੋਕਤੰਤਰ ਤੇ ਸੈਨੇਟ ਨੂੰ ਬਚਾਉਣ ਲਈ ਲੜਿਆ ਗਿਆ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਨੌਜਵਾਨ ਚੁੱਪ ਨਹੀਂ ਬੈਠ ਸਕਦੇ।

ਅਫ਼ਸੋਸ ਦੀ ਗੱਲ ਇਹ ਹੈ ਕਿ ਗੋਦੀ ਮੀਡੀਆ ਨੇ ਹਮੇਸ਼ਾ ਇਨ੍ਹਾਂ ਇਤਿਹਾਸਕ ਅੰਦੋਲਨਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਇਸ 'ਕਾਕਰੋਚ ਅੰਦੋਲਨ' ਵੇਲੇ ਵੀ ਮੀਡੀਆ ਨੇ ਪ੍ਰਦਰਸ਼ਨਕਾਰੀਆਂ ਨੂੰ ਗੁਮਰਾਹਕੁੰਨ ਅਤੇ ਦੇਸ਼-ਵਿਰੋਧੀ ਗਰਦਾਨਣ 'ਚ ਕੋਈ ਕਸਰ ਨਹੀਂ ਛੱਡੀ।

ਅੰਕੜੇ ਗਵਾਹ ਹਨ ਕਿ ਪਿਛਲੇ 10 ਸਾਲਾਂ ਵਿੱਚ 99 ਤੋਂ ਵੱਧ ਪ੍ਰਮੁੱਖ ਪ੍ਰੀਖਿਆਵਾਂ ਦੇ ਪੇਪਰ ਲੀਕ ਹੋਏ, ਜਿਸ ਨਾਲ ਸਾਢੇ ਛੇ ਕਰੋੜ ਵਿਦਿਆਰਥੀਆਂ ਦਾ ਭਵਿੱਖ ਦਾਅ 'ਤੇ ਲੱਗਿਆ। ਪੇਪਰ ਮਾਫ਼ੀਆ ਦਾ ਜਾਲ 19 ਸੂਬਿਆਂ ਵਿੱਚ ਫੈਲਿਆ ਹੋਇਆ ਹੈ। ਪਰ ਹਕੂਮਤ ਦੀ ਖ਼ਾਮੋਸ਼ੀ ਅਤੇ ਗੋਦੀ ਮੀਡੀਆ ਦੀ ਅੰਨ੍ਹੀ ਵਫ਼ਾਦਾਰੀ ਸ਼ਰਮਨਾਕ ਰਹੀ। ਜਦੋਂ ਨੀਟ ਪ੍ਰੀਖਿਆ ਦੇ ਧਾਂਦਲੇਪਣ ਕਾਰਨ 22 ਦੇ ਲਗਭਗ ਮਾਸੂਮ ਵਿਦਿਆਰਥੀਆਂ ਨੇ ਨਿਰਾਸ਼ਾ ਵਿੱਚ ਆਤਮਹੱਤਿਆ ਕੀਤੀ, ਤਾਂ ਕਿਸੇ ਟੀਵੀ ਚੈਨਲ ਨੇ ਉਨ੍ਹਾਂ ਦੇ ਪਰਿਵਾਰਾਂ ਦਾ ਦਰਦ ਨਹੀਂ ਦਿਖਾਇਆ।

ਕਾਹਨ ਪਟੇਲ ਨਾਮ ਦੇ ਵਿਦਿਆਰਥੀ ਦੇ ਪਿਤਾ ਪ੍ਰਸ਼ਾਂਤ ਪਟੇਲ ਦੇ ਇਹ ਸ਼ਬਦ ਸਿਸਟਮ ਦੇ ਮੂੰਹ 'ਤੇ ਚਪੇੜ ਹਨ: "ਮੇਰੇ ਪੁੱਤ ਨੇ ਡਾਕਟਰ ਬਣਨ ਲਈ ਖੇਡਣਾ, ਘੁੰਮਣਾ, ਗਿਟਾਰ ਵਜਾਉਣਾ ਸਭ ਛੱਡ ਦਿੱਤਾ ਸੀ। ਪਰ ਪੇਪਰ ਲੀਕ ਦੀ ਖ਼ਬਰ ਨੇ ਉਸ ਦਾ ਵਿਸ਼ਵਾਸ ਤੋੜ ਦਿੱਤਾ। ਮੇਰਾ ਬੇਟਾ ਆਪ ਨਹੀਂ ਹਾਰਿਆ, ਇਸ ਭ੍ਰਿਸ਼ਟ ਸਿਸਟਮ ਨੇ ਉਸ ਦਾ ਕਤਲ ਕੀਤਾ ਹੈ।"

ਪਰ ਗੋਦੀ ਮੀਡੀਆ ਨੂੰ ਇਹ ਦਰਦ ਨਜ਼ਰ ਨਹੀਂ ਆਉਂਦਾ, ਕਿਉਂਕਿ ਉਹ ਸਿਰਫ਼ ਤਾਕਤ ਦੇ ਸੋਹਲੇ ਗਾਉਣਾ ਜਾਣਦਾ ਹੈ। ਜੰਤਰ-ਮੰਤਰ 'ਤੇ ਜਦੋਂ ਦੇਸ਼ ਦੇ ਭਵਿੱਖ ਉੱਤੇ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਬਰਸਾਏ ਜਾ ਰਹੇ ਸਨ, ਉਦੋਂ ਮੀਡੀਏ ਦੇ ਕੈਮਰੇ ਬੰਦ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਸ਼ਾਂਤਮਈ ਪ੍ਰਦਰਸ਼ਨ ਕਰ ਰਹੀਆਂ ਨੌਜਵਾਨ ਧੀਆਂ-ਭੈਣਾਂ ਅਤੇ ਲੜਕੀਆਂ ਨਾਲ ਪੁਲਿਸ ਤੇ ਪ੍ਰਸ਼ਾਸਨ ਵੱਲੋਂ ਬੇਰਹਿਮੀ ਅਤੇ ਬਦਸਲੂਕੀ ਕੀਤੀ ਗਈ। ਉਨ੍ਹਾਂ ਨੂੰ ਧੱਕੇ ਮਾਰੇ ਗਏ, ਘੜੀਸਿਆ ਗਿਆ, ਪਰ ਸਰਕਾਰੀ ਸ਼ਹਿ ਪ੍ਰਾਪਤ ਮੀਡੀਆ ਨੇ ਇਸ ਸ਼ਰਮਨਾਕ ਰਵੱਈਏ ਨੂੰ ਦਿਖਾਉਣ ਦੀ ਥਾਂ ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰੱਖੀ।

ਇਸ ਅੰਦੋਲਨ ਦੀ ਸਭ ਤੋਂ ਵੱਡੀ ਖ਼ਾਸੀਅਤ ਅਤੇ ਖ਼ੂਬਸੂਰਤੀ ਇਹ ਰਹੀ ਕਿ ਇਸ ਨੇ ਕਿਸੇ ਵੀ ਤਰ੍ਹਾਂ ਦਾ ਧਾਰਮਿਕ ਜਾਂ ਫ਼ਿਰਕੂ ਰੂਪ ਅਖ਼ਤਿਆਰ ਨਹੀਂ ਕੀਤਾ। ਹਕੂਮਤ ਅਤੇ ਗੋਦੀ ਮੀਡੀਆ ਨੇ ਇਸ ਨੂੰ ਧਰਮ ਜਾਂ ਜਾਤ ਦੀਆਂ ਵੰਡੀਆਂ 'ਚ ਉਲਝਾਉਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਨੌਜਵਾਨ ਕਿਸੇ ਜਾਲ 'ਚ ਨਹੀਂ ਫਸੇ। ਉਹ ਇੱਕ ਸਹੀ, ਨਿਰਪੱਖ ਅਤੇ ਅਗਾਂਹਵਧੂ ਸੋਚ ਨਾਲ ਅੱਗੇ ਵਧੇ, ਜਿੱਥੇ ਉਨ੍ਹਾਂ ਦਾ ਇਕਲੌਤਾ ਧਰਮ-ਇਨਸਾਫ਼, ਸਿੱਖਿਆ ਅਤੇ ਰੋਜ਼ਗਾਰ ਸੀ।

ਇਸ ਦੇ ਨਾਲ ਹੀ ਇੱਕ ਹੋਰ ਬਹੁਤ ਹੀ ਮਹੱਤਵਪੂਰਨ ਪਹਿਲੂ ਇਹ ਰਿਹਾ ਕਿ ਵਿਦਿਆਰਥੀ ਪ੍ਰਬੰਧਕਾਂ ਨੇ ਇਸ ਅੰਦੋਲਨ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਦੀ 'ਕੱਠਪੁਤਲੀ' ਨਹੀਂ ਬਣਨ ਦਿੱਤਾ। ਭਾਵੇਂ ਕਿ ਲਗਭਗ ਸਾਰੀਆਂ ਵਿਰੋਧੀ ਧਿਰਾਂ ਨੇ ਇਸ ਸੰਘਰਸ਼ ਦਾ ਸਮਰਥਨ ਕੀਤਾ ਅਤੇ ਅਨੇਕਾਂ ਸਮਾਜਿਕ ਜਥੇਬੰਦੀਆਂ ਵੀ ਵਿਦਿਆਰਥੀਆਂ ਦੇ ਹੱਕ ਵਿੱਚ ਨਿੱਤਰ ਕੇ ਸਾਹਮਣੇ ਆਈਆਂ, ਪਰ ਅੰਦੋਲਨ ਦੇ ਪ੍ਰਬੰਧਕਾਂ ਨੇ ਸਮਝਦਾਰੀ ਦਿਖਾਉਂਦਿਆਂ ਕਿਸੇ ਵੀ ਸਿਆਸੀ ਧਿਰ ਨੂੰ ਇਸ ਮੰਚ ਨੂੰ ਹਥਿਆਉਣ ਨਹੀਂ ਦਿੱਤਾ। ਨੌਜਵਾਨ ਇਸ ਸੋਚ ਨਾਲ ਅੱਗੇ ਵਧੇ ਕਿ ਇਹ ਅੰਦੋਲਨ ਕਿਸੇ ਪਾਰਟੀ ਦਾ ਮੁਫ਼ਤ ਦਾ ਸਿਆਸੀ ਹਥਿਆਰ ਬਣਨ ਦੀ ਥਾਂ, ਇੱਕ ਅਜਿਹਾ ਸੁਚੇਤ ਜਨ-ਅੰਦੋਲਨ ਬਣੇ ਜੋ ਦੇਸ਼ ਦੇ ਭਵਿੱਖ ਅਤੇ ਆਉਣ ਵਾਲੀ ਰਾਜਨੀਤੀ ਨੂੰ ਇੱਕ ਹਾਂ-ਪੱਖੀ ਤੇ ਨਵੀਂ ਦਿਸ਼ਾ ਦੇਣ ਵਿੱਚ ਇਤਿਹਾਸਕ ਭੂਮਿਕਾ ਨਿਭਾ ਸਕੇ।

ਨੌਜਵਾਨਾਂ ਨੇ ਇਹ ਵੀ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਇਹ ਸੰਘਰਸ਼ ਹੁਣੇ ਖ਼ਤਮ ਹੋਣ ਵਾਲਾ ਨਹੀਂ ਹੈ। ਜੇਕਰ ਸਰਕਾਰ ਪ੍ਰਵਾਨ ਕੀਤੀਆਂ ਮੰਗਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਤੋਂ ਪਿੱਛੇ ਹਟਦੀ ਹੈ ਜਾਂ ਆਪਣੇ ਵਾਅਦਿਆਂ ਤੋਂ ਮੁਨਕਰ ਹੁੰਦੀ ਹੈ, ਤਾਂ ਇਹ ਅੰਦੋਲਨ ਅਗਲੇ ਚਰਨ ਵਿੱਚ ਪ੍ਰਧਾਨ ਮੰਤਰੀ ਦੇ ਅਸਤੀਫ਼ੇ ਤੱਕ ਦੀ ਮੰਗ ਵੱਲ ਵਧ ਸਕਦਾ ਹੈ।

ਇਹ ਸੱਚਾਈ ਹੈ ਕਿ ਦੇਸ਼ ਦੀ 1.42 ਅਰਬ ਆਬਾਦੀ ਵਿੱਚੋਂ ਅੱਧੇ ਨਾਲੋਂ ਵੱਧ ਹਿੱਸਾ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦਾ ਹੈ। ਜਦੋਂ ਇਹ ਚੇਤਨ ਸ਼ਕਤੀ ਆਪਣੇ ਹੱਕਾਂ ਲਈ ਸੜਕਾਂ 'ਤੇ ਉੱਤਰਦੀ ਹੈ, ਤਾਂ ਵੱਡੇ ਤੋਂ ਵੱਡੇ ਹੰਕਾਰੀ ਸ਼ਾਸਕਾਂ ਦੇ ਤਖ਼ਤ ਹਿੱਲ ਸਕਦੇ ਹਨ। ਇਸ ਅੰਦੋਲਨ ਦਰਮਿਆਨ ਪ੍ਰਧਾਨ ਮੰਤਰੀ ਦੀ ਲੰਮੀ ਖ਼ਾਮੋਸ਼ੀ ਅਤੇ ਮੀਡੀਆ ਦਾ ਪ੍ਰੋਪੇਗੰਡਾ ਨੌਜਵਾਨਾਂ ਦੇ ਡਿਜੀਟਲ ਅਤੇ ਸੜਕੀ ਸੰਘਰਸ਼ ਦੇ ਸੁਮੇਲ ਅੱਗੇ ਬੇਅਸਰ ਹੋ ਗਿਆ।

'ਕਾਕਰੋਚ ਅੰਦੋਲਨ' ਸਿਰਫ਼ ਵਿਦਿਆਰਥੀਆਂ ਦੀ ਇੱਕ ਆਰਜ਼ੀ ਜਿੱਤ ਨਹੀਂ ਹੈ, ਸਗੋਂ ਇਹ ਗੋਦੀ ਮੀਡੀਆ ਦੀ ਗੁਲਾਮ ਮਾਨਸਿਕਤਾ ਅਤੇ ਸੱਤਾ ਦੇ ਹੰਕਾਰ ਲਈ ਇੱਕ ਬਹੁਤ ਵੱਡਾ ਇਤਿਹਾਸਕ ਸਬਕ ਹੈ। ਨੌਜਵਾਨਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਦੋਂ ਲੋਕਤੰਤਰ ਦਾ ਚੌਥਾ ਥੰਮ੍ਹ (ਮੀਡੀਆ) ਆਪਣਾ ਇਖ਼ਲਾਕ ਵੇਚ ਕੇ ਸੱਤਾ ਦਾ ਗੁਲਾਮ ਬਣ ਜਾਵੇ, ਤਾਂ ਦੇਸ਼ ਦਾ ਨੌਜਵਾਨ ਖ਼ੁਦ ਸੜਕਾਂ 'ਤੇ ਉੱਤਰ ਕੇ ਲੋਕਤੰਤਰ ਦੀ ਰਾਖੀ ਕਰਨ ਅਤੇ ਨਵੇਂ ਇਤਿਹਾਸ ਦੇ ਪੰਨੇ ਲਿਖਣ ਦੀ ਸਮਰੱਥਾ ਰੱਖਦਾ ਹੈ। ਗੋਦੀ ਮੀਡੀਆ ਦੀਆਂ ਸਮੁੱਚੀਆਂ ਚਾਲਾਂ ਨੂੰ ਮਾਤ ਦੇ ਕੇ ਇਨ੍ਹਾਂ 'ਕਾਕਰੋਚਾਂ' ਨੇ ਸ਼ਾਸਕਾਂ ਨੂੰ ਲਤਾੜ ਕੇ ਇੱਕ ਨਵੀਂ ਕ੍ਰਾਂਤੀ ਦਾ ਆਗਾਜ਼ ਕਰ ਦਿੱਤਾ ਹੈ।

ਗੁਰਮੀਤ ਸਿੰਘ ਪਲਾਹੀ

# ਪੰਜਾਬੀ ਸਾਹਿਤਕ/ਕਵੀ ਦਰਬਾਰ ਸਿਡਨੀ ਆਸਟ੍ਰੇਲੀਆ

## "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"



ਕੁਲਦੀਪ ਸਿੰਘ ਜੌਹਲ



ਬੀਤਣ ਨਹੀਂ ਦਿੰਦਾ ਮੈਂ ਬੀਤੇ ਵਕਤਾਂ ਨੂੰ ਦੁਨੀਆਂ ਦੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਮਹਾਨ ਕਥਨ ਅਨੁਸਾਰ ਗੁਰਦੁਆਰਾ ਸਾਹਿਬ ਗਲੈਨਵੁੱਡ ਦੇ ਸੀਨੀਅਰ ਸਿਟੀਜਨ ਵਿੰਗ ਵੱਲੋਂ ਪੰਜਾਬੀ ਸਾਹਿਤਕ/ਕਵੀ ਦਰਬਾਰ ਮਿਤੀ 1 ਜੁਲਾਈ 2026 ਦਿਨ ਬੁਧਵਾਰ ਨੂੰ ਬਾਬਾ ਬੁਢਾ ਜੀ ਹਾਲ ਵਿਚ ਡਾਇਰੈਕਟਰ ਸੀਨੀਅਰ ਸਿਟੀਜਨਜ ਸ੍ਰ ਅਮੋਲਕ ਸਿੰਘ ਜਸਵਾਲ ਸਿੰਘ ਦੇ ਦਿਸਾ ਨਿਰਦੇਸਾਂ ਅਨੁਸਾਰ ਵੱਖ ਵੱਖ ਸਾਹਿਤਕ ਰੰਗ ਬਿਖੇਰਦਾ ਗੁਲਦਸਤਾ ਪੇਸ ਕੀਤਾ ਗਿਆ।

ਇਸ ਸਾਹਿਤਕ ਦਰਬਾਰ ਵਿਚ ਭਾਰੀ ਗਿਣਤੀ ਵਿਚ ਪ੍ਰਸਿੱਧ ਸਾਹਿਤਕਾਰਾਂ ਅਤੇ ਸਰੋਤਿਆਂ ਨੇ ਭਾਗ ਲਿਆ।

ਕਹਿੰਦੇ ਹਨ ਕਿ ਜਰੂਰੀ ਨਹੀਂ ਅਸੀਂ ਕਿਸੇ ਮੁਦੇ ਤੇ ਇਕ ਦੂਜੇ ਨਾਲ ਸਹਿਮਤ ਹੋਈਏ ਪਰ ਹਰ ਇਕ ਦੀ ਵਖਰੀ ਸਖਸੀਅਤ, ਵਖਰੀ ਸੋਚ ਤੇ ਵੱਖਰੇ ਜਿੰਦਗੀ ਦੇ ਤਜਰਬੇ ਹੁੰਦੇ ਹਨ। ਸੋ ਸਾਨੂੰ ਵੱਧ ਤੋਂ ਵੱਧ ਲੋਕਾਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਆਪਣੇ ਵਿਚਾਰ ਵੀ ਉਹਨਾਂ ਸਾਹਮਣੇ ਰਖਣੇ ਚਾਹੀਦੇ ਹਨ। ਇਹ ਪੰਜਾਬੀ ਸਾਹਿਤਕ ਦਰਬਾਰ ਨਵਿਆਂ ਸਾਹਿਤਕਾਰਾਂ ਨੂੰ ਬੋਲਣ ਲਈ ਇਕ ਸਾਨਦਾਰ ਮੰਚ ਮੁਹੱਈਆ ਕਰਵਾ ਰਿਹਾ ਹੈ।

ਸਟੇਜ ਸਕੱਤਰ ਦੀ ਭੂਮਿਕਾ ਜੁਗਿੰਦਰ ਸਿੰਘ ਸੋਹੀ ਨੇ ਬਾਖੂਬੀ ਨਿਭਾਈ। ਜੀਵਨ ਸਿੰਘ ਦੁਸਾਂਝ ਕੋਆਰਡੀਨੇਟਰ ਨੇ ਸਭਾ ਦੀ ਪ੍ਰਤੀਨਿਧਤਾ ਕਰਦਿਆਂ ਸਭ ਹਾਜਰੀਨਾ ਨੂੰ ਜੀ ਆਇਆਂ ਆਖਿਆ।

ਇਸ ਸਾਹਿਤਕ ਦਰਬਾਰ ਵਿਚ ਇਸ ਵਾਰ ਰਿਕਾਰਡ 28 ਬੁਲਾਰਿਆਂ ਨੇ ਆਪਣੀਆਂ ਰਚਨਾਵਾਂ ਪੇਸ ਕਰਕੇ ਚੰਗੀ ਵਾਹਵਾ ਖੱਟੀ।

ਸਾਹਿਤਕ ਦਰਬਾਰ ਦੀ ਸੁਰੂਆਤ ਬੀਬੀ ਜਸਵਿੰਦਰ ਕੌਰ ਚਾਵਲਾ ਨੇ ਗੁਰਬਾਣੀ ਦੇ ਸਬਦ ਨਾਲ ਸੁਰੂ ਕੀਤੀ :

ਪ੍ਰਭ ਜੀਉ ਤੂ ਮੇਰੋ ਸਾਹਿਬੁ ਦਾਤਾ ਕਰਿ ਕਿਰਪਾ ਪ੍ਰਭ ਦੀਨ ਦਇਆਲਾ। ਗੁਣ ਗਾਵਉ ਰੰਗਿ ਰਾਤਾ।

ਸੰਤੋਖ ਸਿੰਘ ਅੱਟਾ ਨੇ ਸਿਖਾਂ ਦੇ ਬੁਰੇ ਹਾਲਾਤਾਂ ਵੇਲੇ ਦੇ ਸਮੇਂ ਨੂੰ ਯਾਦ ਕਰਦਿਆਂ ਕਿਹਾ:ਇਹ ਕੀ ਤੂੰ ਪੁਤਰਾ ਕਰਿਆ ਨਾ ਬੁਰੇ ਸਮੇਂ ਤੋਂ ਡਰਿਆ। ਪਾਕੇ ਉਤੋਂ ਦੀ ਕਿਰਪਾਨ ਉਤੇ ਬੰਨ ਲਈ ਪੱਗ ਸੁਨਹਿਰੀ। ਬਚ ਬੁਰੇ ਹਾਲਾਤਾਂ ਤੋਂ ਪੱਤਾ ਪੱਤਾ ਸਿੰਘਾਂ ਦਾ ਵੈਰੀ।

ਨੌਰੰਗ ਸਿੰਘ ਖਾਲਸਾ ਨੇ ਮਾਤਾ ਗੰਗਾ ਜੀ ਦੇ ਗੁਰੂ ਸਾਹਿਬ ਤੋਂ ਵਰ ਲੈਕੇ ਆਉਣ ਅਤੇ ਸਰੀਕਾਂ ਵਲੋਂ ਸਾੜਾ ਕਰਨ ਤੇ ਕਵਿਤਾ ਕਹੀ :

ਵਰ ਲੈਕੇ ਮਾਤਾ ਗੰਗਾ ਜੀ ਆਈ ਬੈਠਗੀ ਭਰੋਸਾ ਕਰਕੇ। ਗੁਜਰੇ ਦਸ ਮਾਸ ਸਵੱਲੇ, ਪੈਦਾ ਹੋਇਆ ਸਾਹਿਬਜਾਦਾ, ਸੋਗ ਪਿਆ ਕਰਮੋਂ ਨੂੰ। ਅਤੇ

ਹਿਰਦੇ ਚ ਧਾਰ ਲਵੀਂ ਮਨੋਂ ਨਾ ਵਿਸਾਰ ਲਵੀਂ ਗੁਰੂ ਤੋਂ ਪਿਆਰ ਲਵੀਂ ਵਾਰ ਵਾਰ ਲਵੀਂ ਬਹੁਤਾ ਸੁਖ ਪਾਵੇਂਗਾ।

ਬੀਬੀ ਬਿਮਲਾ ਵਰਮਾ ਦੀ ਕਵਿਤਾ ਦਾ ਸਾਰ ਇਹ ਸੀ ਕਿ ਬੰਦੇ ਨੂੰ ਔਖੇ ਵੇਲੇ ਲੋੜਵੰਦਾਂ ਦੇ ਕੰਮ ਆਉਣਾ ਚਾਹੀਦਾ ਹੈ:

ਬੰਦਾ ਹੋਕੇ ਨਾ ਬੰਦੇ ਦੇ ਕੰਮ ਆਇਆ ਫੇਰ ਬੰਦਾ ਕਿਹੜੇ ਕੰਮ ਦਾ ਪਿਆਰਿਆ, ਚੋਲਾ ਇਹ ਮਨੁਖੀ ਦੇਹੀ ਦਾ ਕਾਹਨੂੰ ਪਾ ਲਿਆ

ਹਰਬੰਸ ਸਿੰਘ ਮਾਲਵਾ ਨੇ ਆਪਣੇ ਬੀਤੇ ਸਮੇਂ ਦੀ ਤਸਵੀਰ ਸਿਰਜਦਿਆਂ ਕਿਹਾ :

ਅੱਜ ਵੀ ਮੈਂ ਉਹੀ ਤਸਵੀਰ ਸਿਰਜ ਲੈਨਾ, ਆਪਣੇ ਆਪ ਨੂੰ ਰਾਂਝਾ ਤੈਨੂੰ ਹੀਰ ਸਿਰਜ ਲੈਨਾ,ਬੀਤਣ ਨਹੀਂ ਦਿੰਦਾ ਮੈਂ ਬੀਤੇ ਵਖਤਾਂ ਨੂੰ।

ਸੁਖਰਾਜ ਸਿੰਘ ਵੇਰਕਾ ਨੇਂ ਸਿਖਾਂ ਦੀ ਮੁਖਬਰੀ ਕਰਨ ਵਾਲੇ ਅਤੇ ਸਰਕਾਰੀ ਟਾਊਟਾਂ ਨੂੰ ਲਾਹਨਤਾਂ ਪਾਈਆਂ।

ਤਰਸੇਮ ਸਿੰਘ ਗਰਚਾ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹੰਦ ਦੇ ਸੂਬੇਦਾਰ ਵਜੀਰ ਖਾਂ ਨਾਲ ਹੋਈ ਖੂਨ ਡੋਹਲਵੀਂ ਜੰਗ ਦਾ ਬਿਰਤਾਂਤ ਸੁਣਾਉਂਦਿਆਂ ਹੋਰ ਅਗੇ ਆਖਿਆ:

ਸੁਣੋ ਕੌਮ ਦੇ ਵਾਰਸੋ ਇਕ ਗਾਥਾ ਮਹਾਨ ਸੁਣਾਵਾਂ ।

ਬੈਂਕ ਮੈਨੇਜਰ ਗੁਰਦੇਵ ਸਿੰਘ ਸੰਗਰੂਰ ਨੇ ਬੈਕਿੰਗ ਟਰਮ ਦੇ ਅਰਥ ਸਮਝਾਉਂਦਿਆਂ ਹੋਰ ਵੀ ਬੈਂਕਿੰਗ ਸੇਵਾਵਾਂ ਵਾਰੇ ਚਾਨਣਾ ਪਾਇਆ। ਉਹਨਾਂ ਇਕ ਸੇਅਰ "ਜਵਾਨੀ ਆਈ ਅਤੇ ਆਕੇ ਚਲੀ ਗਈ ਬੁਢਾਪਾ ਆਇਆ ਪਰ ਜਾਣ ਦਾ ਨਾਮ ਨਹੀਂ ਲੈਂਦਾ" ਸੁਣਾਕੇ ਕਮਿਊਨੀਕੇਸਨ ਸਕਿਲ ਤੇ ਇਕ ਚੁਟਕਲਾ ਵੀ ਸੁਣਾਇਆ।

ਜਸਵੰਤ ਸਿੰਘ ਪੰਨੂ ਨੇ ਬੰਦੇ ਦੇ ਇੰਡੀਆ ਤੋਂ ਪਰਵਾਸ ਕਰਨ ਤੋਂ ਪਹਿਲਾਂ ਅਤੇ ਹੁਣ ਵਾਲੀ ਜਿੰਦਗੀ ਦਾ ਮੁਕਾਬਲਾ ਕਰਦਿਆਂ ਕਿਹਾ :

ਆਪਣੇ ਦੇਸ ਵਿਚ ਰਹਿੰਦਿਆਂ ਜਿੰਦਗੀ ਬੜੀ ਖੁਸਗਵਾਰ ਸੀ ਪਰ ਐਥੇ ਆਕੇ ਹੋਏ ਪ੍ਰੇਸਾਨ, ਭਾਸਾ ਦੀ ਲਿਖਤ ਸਭ ਚੈਨਲ ਅੰਗਰੇਜੀ।

ਉਹਨਾਂ ਗੁਰਦੁਆਰਾ ਸਾਹਿਬ ਦਾ ਸੁਕਰਾਨਾ ਕਰਦਿਆਂ ਕਿਹਾ ਕਿ ਇਹ ਸਾਡੇ ਬੁੱਢਿਆਂ ਦਾ ਇਕ ਸਹਾਰਾ ਹੈ ਜਿਥੇ ਗੁਰਬਾਣੀ ਕਥਾ ਸੁਣਨ ਦੇ ਨਾਲ ਨਾਲ ਭਾਈਚਾਰੇ ਵਿੱਚ ਬੈਠਕੇ ਦੁਖ ਸੁਖ ਵੀ ਕਰ ਲਈਦਾ ਹੈ।

ਸੁਰਿੰਦਰ ਸਿੰਘ ਜਗਰਾਓਂ ਨੇ ਆਪਣੀ ਕਸਮੀਰ ਯਾਤਰਾ ਵਿਚ ਮਾਤਾ ਭਾਗ ਭਰੀ ਦੇ ਪਵਿਤਰ ਅਸਥਾਨ ਦੇ ਦਰਸਨਾਂ ਦਾ ਜਿਕਰ ਕੀਤਾ। ਭਾਗ ਭਰੀ ਦੀ ਉਮਰ ਉਦੋਂ 104 ਸਾਲ ਦੀ ਸੀ ਜਦੋਂ ਉਸਨੇ ਆਪਣੇ ਪੁਤਰ ਤੋਂ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਮਹਿਮਾਂ ਵਾਰੇ ਸੁਣਿਆ ਤੇ ਦਰਸਨਾਂ ਦੀ ਤਾਂਘ ਵਿਚ ਜਦੋਂ ਗੁਰੂ ਜੀ ਨੂੰ ਯਾਦ ਕੀਤਾ ਤਾਂ ਉਹਨਾਂ ਆਪਣੀ ਸੇਵਕ ਦੇ ਦਿਲ ਦੀ ਗੱਲ ਬੁਝਦਿਆਂ ਆਪ ਜਾਕੇ ਦਰਸਨ ਦਿਤੇ ਸਨ।

ਸੁਰਿੰਦਰ ਸਿੰਘ ਨੇ ਇਕ ਕਵਿਤਾ "ਰਾਜ ਬਲ ਤੋਂ ਬਿਨਾਂ ਨਹੀਂ ਖੋਹੇ ਜਾਂਦੇ" ਸੁਣਾਈ।

ਕੁਲਦੀਪ ਸਿੰਘ ਜੌਹਲ ਨੇ ਇਕ ਸੇਅਰ "ਸੱਚ ਲਭਦਾ ਨਹੀਂ ਕਿਸੇ ਇਨਸਾਨ ਵਿਚੋਂ ਇਸਦਾ ਭੇਤ ਜਾਣੇ ਭਗਵਾਨ ਵਿਚੋਂ" ਅਤੇ ਗੁਰੂ ਅਰਜਨ ਦੇਵ ਜੀ ਦੀ ਸਹੀਦੀ ਉਤੇ ਫੀਰੋਜਦੀਨ ਸਰਫ ਦੀ ਕਲਾਸੀਕਲ ਕਵਿਤਾ ਸੁਣਾਈ:

ਪਰਲੋਂ ਤੀਕ ਅਧੀਨ ਹੈ ਪੰਥ ਸਾਰਾ ਪੰਚਮ ਗੁਰੂ ਦੀਆਂ ਮਿਹਰਬਾਨੀਆਂ ਦਾ, ਦੁਖ ਝੱਲਕੇ ਆਪਣੀ ਜਾਨ ਉਤੇ ਰਾਹ ਦੱਸ ਗਏ ਜਿਹੜੇ ਕੁਰਬਾਨੀਆਂ ਦਾ"।

ਬੀਬੀ ਭਗਵੰਤ ਕੌਰ ਜੌਹਲ ਦੀ ਕਵਿਤਾ:

ਡਰ ਨੂੰ ਇਸ ਕਦਰ ਤੂੰ ਡਰਾਕੇ ਰੱਖੀਂ ਬੱਸ ਆਪਣਾ ਹੌਸਲਾ ਬਣਾਕੇ ਰੱਖੀਂ, ਵਕਤ ਦੇ ਆਸਰੇ ਨਾਂ ਰਹੀਂ ਕਦੇ, ਵਕਤ ਨੂੰ ਅੱਗੇ ਲਾਕੇ ਰੱਖੀਂ।

ਜੁਗਿੰਦਰ ਸਿੰਘ ਸੋਹੀ ਨੇ ਜਸਵਿੰਦਰ ਚਾਹਲ ਦੀ "ਮਾਂ ਬੋਲੀ ਪੰਜਾਬੀ" ਕਵਿਤਾ ਸੁਣਾਈ:

ਪੰਜ ਬਾਣੀਆਂ ਦੀ ਮੈਂ ਜਾਈ ਹਾਂ ਗੋਰਖ ਤੋਂ ਗੁੜ੍ਹਤੀ ਲੈਕੇ ਆਈ ਹਾਂ ਭਾਈ ਮਰਦਾਨੇ ਦੀ ਮੈਂ ਧੁਨ ਰਵਾਬੀ ਵੇ। ਮੈਨੂੰ ਪੜੋ ਮੇਰੇ ਬਚਿਉ ਮੈਂ ਤੁਹਾਡੀ ਮਾਂ ਬੋਲੀ ਪੰਜਾਬੀ ਵੇ।

ਤਾਰਾ ਸਿੰਘ ਬਮਰਾ ਨੂੰ ਇਕ ਵਿਆਹ ਅਟੈਂਡ ਕਰਦਿਆਂ ਯਾਰਾਂ ਨਾਲ ਗੁੱਸਾ ਗਿਲਾ ਹੋਣ ਤੋਂ ਬਾਅਦ ਇਕ ਮੇਲੇ ਵਿਚ ਪੀਰਾਂ ਨਾਲ ਵਾਸਤਾ ਪੈ ਗਿਆ :

ਮੇਰੀ ਅਣਬਣ ਹੋਗੀ ਵੀਰਾਂ ਨਾਲ ਮੈਨੂੰ ਕੰਮ ਪੈ ਗਿਆ ਪੀਰਾਂ ਨਾਲ। ਮੇਰਾ ਹੱਲ ਕਰੋ ਇਹ ਪਰਚਾ ਜੀ। ਮੇਲੇ ਤੇ ਕਰਾਂਗਾ ਖੁਲਾ ਖਰਚਾ ਜੀ।

ਰਿਟਾਇਰਡ ਡੀਅਐਸਪੀ ਕਿਸਨ ਬੈਨੀਵਾਲ ਹਰਿਆਣਾ ਨੇ ਸਭ ਦਾ ਸੁਕਰੀਆ ਕਰਦਿਆਂ ਕੁਝ ਟੋਟਕੇ ਸੁਣਾਏ :

ਜਬ ਜੇਬ ਮੇਂ ਛੇਦ ਹੋ ਜਾਏ ਤਾਂ ਸਿਕੋਂ ਸੇ ਪਹਿਲੇ ਰਿਸਤੇ ਗਿਰਤੇ ਹੈਂ। ਜਿੰਦਗੀ ਕੇ ਸਫਰ ਮੇਂ ਅਕਸਰ ਐਸਾ ਹੋਤਾ ਹੈ ਮੁਸਕਲ ਸਫਰ ਹਮੇਸਾ ਬੇਹਤਰ ਹੋਤਾ ਹੈ। ਇਸਤੋਂ ਇਲਾਵਾ ਉਹਨਾ ਇਕ ਕੰਜੂਸ ਸੱਸ ਅਤੇ ਤੇਜ ਤਰਾਰ ਜਵਾਈ ਦਾ ਚੁਟਕਲਾ ਵੀ ਸੁਣਾਇਆ।

ਬੀਬੀ ਦੇਵਿੰਦਰ ਕੌਰ ਸਰਕਾਰੀਆ ਦੀ ਆਪਣੀ ਸੱਜਰੀ ਲਿਖੀ ਕਵਿਤਾ :

ਝੂਠ ਦੀ ਹਨੇਰੀ ਵਿਚ ਦੀਵਾ ਸੱਚ ਦਾ ਜਗਾਉਣਾ ਬੜਾ ਔਖਾ ਏ, ਝੂਠ ਦੀ ਕਚਹਿਰੀ ਵਿੱਚ ਨਿਰਦੋਸ ਹੋਣਾ ਬੜਾ ਔਖਾ ਏ, ਸਰਕਾਰੀਆ ਪੈਰ ਸੋਚ ਸੋਚ ਕੇ ਰੱਖੀਂ ਇਸ ਦੁਨੀਆਂ ਵਿਚ ਜਿਉਣਾ ਬੜਾ ਔਖਾ ਏ।

ਗਿਆਨੀ ਸੰਤੋਖ ਸਿੰਘ ਨੇ 1606 ਵਿਚ ਹੋਈ ਗੁਰੂ ਅਰਜਨ ਦੇਵ ਜੀ ਸਹੀਦੀ ਅਤੇ ਬੰਦਾ ਸਿੰਘ ਬਹਾਦਰ ਦੀ ਸਹੀਦੀ ਦਾ ਪ੍ਰਸੰਗ ਸੁਣਾਉਂਦਿਆਂ ਦੱਸਿਆ ਕੀ ਗੁਰੂ ਹਰਿਗੋਬਿੰਦ ਸਾਹਿਬ ਜੀ 1606 ਤੋਂ 1609 ਤੱਕ ਤਿੰਨ ਸਾਲ ਜੰਗਲੀ ਇਲਾਕੇ ਆਪਣੇ ਸਾਂਢੂ ਸਾਹਿਬ ਨਾਲ ਪਿੰਡ ਡਰੋਲੀ ਭਾਈ ਵਿਚ ਰਹੇ ਸਨ। ਹਮੇਸਾ ਦੀ ਤਰਾਂ ਇਸ ਵਾਰ ਹਾਲ ਵਿਚ ਹਾਸਾ ਬਿਖੇਰਦਿਆਂ ਇਕ ਬੀਬੀ ਦੀ ਕਹਾਣੀ ਸੁਣਾਈ ਜੋਂ ਢਾਡੀ ਦਰਬਾਰ ਸੁਣਕੇ ਆਈ ਸੀ ਘਰਦਿਆਂ ਦੇ ਪੁਛਣ ਤੇ ਕਿ ਉਸਨੇ ਢਾਡੀ ਦਰਬਾਰ ਵਿਚ ਕੀ ਦੇਖਿਆ ਤਾਂ ਬੀਬੀ ਨੇ ਸੰਖੇਪ ਸਬਦਾਂ ਵਿਚ ਸੀਨ ਇੰਝ ਪੇਸ ਕੀਤਾ :

ਦੋ ਚੱਟੂ ਪੀਟੈਂ ਇਕ ਲਕੜੀ ਪੇ ਲੱਕੜੀ ਘੀਸੈਂ, ਇਕ ਕੋ ਨਾ ਕੁਝ ਆਵੈ ਸੈ ਨਾ ਕੁਝ ਗਾਵੈ ਸੈ ਬੱਸ ਬਾਤੋਂ ਕਾ ਖੱਟਿਆ ਖਾਵੈ ਸੈ। ਇਸਦਾ ਭਾਵ ਸੀ ਕਿ ਦੋ ਢਾਡੀ ਢੱਡ ਵਜਾ ਰਹੇ ਸਨ, ਇਕ ਸਾਰੰਗੀ ਅਤੇ

ਇਕ ਪ੍ਰਸੰਗ ਸੁਣਾ ਰਿਹਾ ਸੀ।

ਮਨਜੀਤ ਸਿੰਘ ਖਹਿਰਾ ਨੇ ਸਭ ਘਰਾਂ ਦੀ ਸੁਖਾਂ ਦੀ ਅਰਦਾਸ ਕਰਦਿਆਂ ਬੋਲਿਆ :
ਗੁਜਰੇ ਪੁਤ ਨਾ ਬੁਢੇ ਮਾਪਿਆਂ ਦਾ ਜੋਬਨ ਰੁੱਤੇ ਨਾ ਕੋਈ ਮੁਟਿਆਰ ਗੁਜਰੇ। ਪਰਵਾਨਾ ਵਿਚ ਜਵਾਨੀ ਨਾ ਪਤੀ ਗੁਜਰੇ ਚੜਦੀ ਉਮਰੇ ਨਾ ਕਿਸੇ ਦੀ ਨਾਰ ਗੁਜਰੇ।

ਸੀਨੀਅਰ ਐਡਵੋਕੇਟ ਅਵਤਾਰ ਸਿੰਘ ਖਹਿਰਾ ਜਗਰਾਓਂ ਨੇ ਪੜੇ ਲਿਖੇ ਬੇਰੁਜਗਾਰਾ ਦੀ ਤਰਾਸਦੀ ਬਿਆਨਦੀ ਇਕ ਕਵਿਤਾ ਸੁਣਾਈ :
ਕਿਉਂ ਬਾਪੂ ਤੈਂ ਪੜਨੇ ਪਾਇਆ, ਕਿਉਂ ਨਾ ਮੈਨੂੰ ਕੰਮ ਤੇ ਲਾਇਆ। ਅੱਜ ਸੜਕਾਂ ਤੇ ਮੈਂ ਨਾ ਰੁਲਦਾ ਨਾ ਸਰਕਾਰੀ ਝੱਖੜ ਝੁਲਦਾ, ਸਬੱਬ ਨਾਲ ਮਿਲਦਾ ਦੂਣ ਸਵਾਇਆ।

ਦਰਸਨ ਸਿੰਘ ਪੰਧੇਰ ਨੇ ਤਰੁੰਨਮ ਵਿਚ ਇਕ ਪੰਜਾਬੀ ਲੋਕ ਗੀਤ ਸੁਣਾਇਆ:
ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀਂ। ਕੰਨਾਂ ਵਿਚ ਬੁੰਦੇ ਤੇਰੇ ਰੂਪ ਦਾ ਸਿੰਗਾਰ ਨੀ।

ਪ੍ਰੋਫੈਸਰ ਸੁਖਵੰਤ ਸਿੰਘ ਗਿੱਲ ਨੇ ਪੁਰਾਣੀ ਯਾਦ ਤਾਜਾ ਕਰਦਿਆਂ ਦੱਸਿਆ ਕਿ ਕਿਵੇਂ ਕਰੋਨਾ ਕਾਲ ਤੋਂ ਬਾਅਦ ਪੰਜ ਕੁ ਬੰਦਿਆਂ ਨਾਲ ਸੁਰੂ ਕੀਤਾ ਇਹ ਸਾਹਿਤਕ ਦਰਬਾਰ ਅੱਜ ਸਿਖਰਾਂ ਨੂੰ ਛੋਹ ਰਿਹਾ ਹੈ। ਉਹਨਾਂ ਦੇ ਇਕ ਪੁਰਾਣੇ ਸਾਥੀ ਗੁਰਮੁਖ ਸਿੰਘ ਐਮਏ ਜੋ ਅਜ ਕੱਲ ਗੁਰਦੁਆਰਾ ਸਾਹਿਬ ਕਵੀਸਰੀ ਦਾ ਦੀਵਾਨ ਸਜਾ ਰਹੇ ਹਨ ਪੰਜਾਹ ਤੋਂ ਉਪਰ ਸਾਲਾਂ ਤੋਂ ਵਿਛੜਿਆਂ ਉਹਨਾਂ ਨੂੰ ਹੁਣ ਸਿਡਨੀ ਵਿਚ ਮਿਲੇ ਹਨ। ਗਿਲ ਸਾਹਿਬ ਨੇ ਉਹਨਾਂ ਨਾਲ ਵਿਚ ਹਿਸਾ ਲੈਣ ਵੇਲੇ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਇਤਫਾਕ ਦੀ ਗੱਲ ਸੀ ਕਿ ਇਸ ਸਾਹਿਤਕ ਦਰਬਾਰ ਵਿੱਚ ਗਿਆਨੀ ਗੁਰਮੁਖ ਸਿੰਘ ਵੀ ਹਾਜਰੀ ਭਰਨ ਆਏ ਸਨ।

ਪੰਜਾਬ ਹੈਰਾਲਡ ਮੈਗਜੀਨ ਦੇ ਸੰਪਾਦਕ ਡਾ ਅਵਤਾਰ ਸਿੰਘ ਸੰਘਾ ਨੇ ਆਪਣੀ ਪਤਨੀ ਅਮਰਜੀਤ ਕੌਰ ਦੁਆਰਾ ਪੜੀ ਹੋਈ ਕਹਾਣੀ ਦੀ ਆਡੀਓ ਪੇਸ ਕੀਤੀ। ਕਹਾਣੀ ਇਕ ਅਜੀਬ ਕਿਰਾਏਦਾਰ ਦੀ ਹੈ ਜੋ ਦਿਲੀ ਵਿਚ ਇਕ ਏਅਰਫੋਰਸ ਅਫਸਰ ਦਾ ਗੈਰਾਜ ਇਸ ਸਰਤ ਤੇ ਕਿਰਾਏ ਤੇ ਲੈ ਲੈਂਦਾ ਹੈ ਕਿ ਉਹ ਉਸਦੇ ਘਰ ਦੀ ਸਫਾਈ, ਕਪੜੇ ਅਤੇ ਬਰਤਨਾਂ ਦੀ ਸਫਾਈ ਵੀ ਕਰੇਗਾ। ਕਿਰਾਏਦਾਰ ਕੋਲ ਸਮਾਨ ਬੜਾ ਕੀਮਤੀ ਅਤੇ ਮਾਲਕ ਮਕਾਨ ਤੋਂ ਵੀ ਜਿਆਦਾ ਹੁੰਦਾ ਹੈ। ਉਸਦੀ ਬੀਵੀ ਅਤੀ ਸੁੰਦਰ ਅਤੇ ਮਹਿੰਗੇ ਕੱਪੜੇ ਪਹਿਨਦੀ ਹੈ ਨਾਲ ਉਹ ਪਕਵਾਨ ਵੀ ਬਹੁਤ ਸਵਾਦੀ ਬਨਾਉਣ ਦੀ ਮਾਹਿਰ ਹੈ। ਉਸਦੀ ਸੁੰਦਰਤਾ ਦੇਖਕੇ ਮਾਲਕ ਮਕਾਨ ਉਸ ਵੱਲ ਖਿਚੇ ਜਾਂਦੇ ਹਨ ਪਰ ਮਕਾਨ ਮਾਲਕਣ ਨੂੰ ਇਸ ਗੱਲ ਦੀ ਭਿਣਕ ਪੈਣ ਤੇ ਉਹ ਉਹਨਾਂ ਨੂੰ ਇਕ ਪਲੈਨਿੰਗ ਬਣਾਕੇ ਉਹਨਾਂ ਨੂੰ ਘਰੋਂ ਕੱਢ ਦਿੰਦੀ ਹੈ।

ਗਿਆਨੀ ਗੁਰਮੁਖ ਸਿੰਘ ਕਵੀਸਰ ਨੇ ਕਿਹਾ ਕਿ ਸਾਨੂੰ ਆਪਣਾ ਪਿਛੋਕੜ ਨਹੀਂ ਭੁਲਣਾ ਚਾਹੀਦਾ। ਉਹਨਾਂ 1967 ਵਿਚ ਆਪਣੇ ਪਿਤਾ ਜੋਗਾ ਸਿੰਘ ਜੋਗੀ ਨਾਲ ਕਵੀਸਰੀ ਗਾਉਣੀ ਸੁਰੂ ਕੀਤੀ ਸੀ ਜੋ ਉਹਨਾਂ ਦੇ ਪਿਤਾ ਦੀ 2017 ਵਿਚ ਮੌਤ ਤੱਕ ਚਲਦੀ ਰਹੀ ਅਤੇ ਅੱਜ ਵੀ ਆਪਣੇ ਕਵੀਸਰੀ ਜੱਥੇ ਨਾਲ ਲੈਕਚਰ ਕਰਨ ਦੇ ਰੂਪ ਵਿਚ ਚਲ ਰਹੀ ਹੈ। ਉਹਨਾਂ ਆਪਣਾ ਲਿਖਿਆ ਅਨੋਖਾ ਬਹੱਤਰ ਕਲਾ ਛੰਦ ਵੀ ਸੁਣਾਇਆ। ਬਹੱਤਰ ਕਲਾ ਛੰਦ ਦੀ ਕਾਢ ਸਾਹੋਕੇ ਪਿੰਡ ਵਿਚ ਜੰਮੇ ਅਤੇ ਬਟਵਾਰੇ ਤੋਂ ਬਾਅਦ ਪਾਕਿਸਤਾਨ ਚਲੇ ਗਏ ਬਾਬੂ ਰਜਬ ਅਲੀ ਨੇ ਕੀਤੀ ਸੀ। ਗਿਆਨੀ ਜੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਵੇਲੇ ਦਾ ਮੰਜਰ "ਕੱਲਾ ਸੇਰ ਨਹੀਂ ਚਿਖਾ ਦੇ ਵਿਚ ਸੜਿਆ ਸੜ ਗਈ ਨਾਲ ਤਕਦੀਰ ਪੰਜਾਬੀਆਂ ਦੀ" ਸੁਣਾਕੇ ਵਾਹਵਾ ਖੱਟੀ।

ਜਗਜੀਤ ਸਿੰਘ ਨੇ ਇਕ ਸੇਅਰ "ਜਾਤ ਨਾ ਪੁਛੋ ਸਾਧ ਕੀ ਪੂਛ ਲੀ ਜਿਓ ਗਿਆਨ" ਅਤੇ
ਮੇਰੇ ਜਜਬਾਤਾਂ ਤੋਂ ਇਸ ਕਦਰ ਵਾਕਫ ਹੈ ਮੇਰੀ ਕਲਮ, ਮੈਂ ਇਸਕ ਵੀ ਲਿਖਦਾ ਹਾਂ ਤਾਂ ਇਹ ਇਨਕਲਾਬ ਲਿਖ ਜਾਂਦੀ ਹੈ" ਆਪਣੀ ਕਵਿਤਾ ਦੀ ਵੰਨਗੀ ਦਾ ਵਧੀਆ ਪ੍ਰਦਰਸਨ ਕੀਤਾ।

ਪ੍ਰਿੰਸੀਪਲ ਡਾਕਟਰ ਗੁਰਜੰਟ ਸਿੰਘ ਨੇ ਕਿਹਾ ਕਿ ਸਾਨੂੰ ਅੰਧ ਵਿਸਵਾਸ ਤੋਂ ਬਚਣਾ ਚਾਹੀਦਾ ਹੈ ਅਤੇ ਗੁਰਬਾਣੀ ਨੂੰ ਗੁਰੂ ਆਸੇ ਅਨੁਸਾਰ ਪੜਕੇ ਅਮਲ ਕਰਨਾ ਚਾਹੀਦਾ ਹੈ। ਉਹਨਾਂ ਪ੍ਰਚਾਰੇ ਜਾ ਰਹੇ ਪੰਜ ਵਿਕਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਦਾਰਸਨਿਕ ਐਂਗਲ ਤੋਂ ਵਿਆਖਿਆ ਕੀਤੀ। ਉਹਨਾਂ ਕਿਹਾ ਕਿ ਜਿਥੇ ਇਹਨਾਂ ਪੰਜਾਂ ਨੂੰ ਵਿਕਾਰ ਕਿਹਾ ਗਿਆ ਹੈ ਇਹ ਪੰਜੇ ਜਿੰਦਗੀ ਦਾ ਜਰੂਰੀ ਅੰਗ ਵੀ ਤਾਂ ਹਨ ਇਹ ਸਿਰਫ ਸਾਨੂੰ ਗੁਰਬਾਣੀ ਪੜਨ ਤੇ ਹੀ ਪਤਾ ਲਗਦਾ ਹੈ ਕਿ ਇਹਨਾਂ ਵਿਕਾਰਾਂ ਦਾ ਕਿੰਨਾ ਕੁ ਤਿਆਗ ਕਰਨਾ ਹੈ ਅਤੇ ਇਹਨਾਂ ਵਿਕਾਰਾਂ ਦੀ ਸਾਨੂੰ ਲੋੜ ਕਿੰਨੀ ਕੁ ਹੈ। ਦੁਨੀਆਂ ਨੂੰ ਚਾਲੂ ਰਖਣ ਲਈ ਕਾਮ ਸਰੀਰ ਦੀ ਮੁਢਲੀਆਂ ਲੋੜਾਂ ਵਿਚੋਂ ਇਕ ਹੈ। ਕਿਸੇ ਤੇ ਜੁਲਮ ਹੁੰਦਾ ਦੇਖਕੇ ਕ੍ਰੋਧ ਆਉਣਾ ਵਾਜਬ ਹੈ। ਜੇ ਲੋਭ ਨਾ ਹੁੰਦਾ ਤਾਂ ਮਨੁੱਖ ਪਰਵਾਸ ਕਰਕੇ ਦੂਜੀਆਂ ਥਾਵਾਂ ਤੇ ਨਾ ਜਾਂਦਾ। ਇਹ ਮੋਹ ਹੀ ਹੈ ਜਿਹੜਾ ਪਰਿਵਾਰਾਂ ਨੂੰ ਆਪਸ ਵਿਚ ਜੋੜਕੇ ਰਖਦਾ ਹੈ ਅਤੇ ਮਾਵਾਂ ਮੋਹ ਕਰਕੇ ਆਪਣੇ ਬਚਿਆਂ ਦੀ ਰਾਖੀ ਕਰਨ ਲਈ ਆਪਣੀ ਜਾਨ ਤੱਕ ਵਾਰਨ ਨੂੰ ਤਿਆਰ ਹੋ ਜਾਂਦੀਆਂ ਹਨ। ਉਹਨਾਂ ਕਿਹਾ ਕਿ ਅਸੀਂ ਸੋਚਣਾ ਹੈ ਕਿ ਇਹਨਾਂ ਪੰਜਾਂ ਵਿਕਾਰਾਂ ਦੀ ਹੱਦ ਕਿਥੋਂ ਤੱਕ ਤਹਿ ਕਰਨੀ ਹੈ। ਲੋੜ ਤੋਂ ਵੱਧ ਵਰਤੋਂ ਹਰ ਚੀਜ ਦੀ ਮਾੜੀ ਹੀ ਹੁੰਦੀ ਹੈ।

ਸੀਨੀਅਰ ਮੈਨੇਜਰ ਨਰਿੰਦਰਪਾਲ ਸਿੰਘ ਨੇ ਅਜੋਕੀ ਜੀਵਨ ਸੈਲੀ, ਰੋਜ ਦੀ ਭੱਜ ਦੌੜ, ਘਰਾਂ ਵਿਚ ਇਕੱਠੇ ਬੈਠਕੇ ਆਪਸੀ ਗਲਬਾਤ ਕਰਨ ਦੀ ਘਾਟ ਅਤੇ ਨਵਾਂ ਸਾਹਿਤ ਸਿਰਜਣ ਲਈ ਸਮੇਂ ਦੀ ਘਾਟ ਉਤੇ ਚਿੰਤਾ ਵਿਅਸਥ ਕੀਤੀ। ਉਹਨਾਂ ਸਿਆਸੀ ਗੰਦਗੀ ਅਤੇ ਸਿਰਫ ਆਪਣੇ ਹਿਤ ਪੂਰਦੇ ਕਾਨੂੰਨ ਘੜਨ ਅਤੇ ਗੰਦੇ ਸਿਸਟਮ ਤੇ ਚੋਟ ਕਰਦਿਆਂ ਕਿਹਾ ਕਿ ਅੱਜ ਕੱਲ ਇਥੋਂ ਤੱਕ ਕਿਹਾ ਜਾਣ ਲੱਗ ਪਿਆ ਹੈ ਕਿ ਮੌਤ ਦਾ ਸਰਟੀਫਿਕੇਟ ਕਿਸੇ ਦੀ ਮੌਤ ਦਾ ਪ੍ਰਮਾਣ ਨਹੀਂ ਬਲਕਿ ਇਸਨੂੰ ਦੂਜੀ ਦੁਨੀਆਂ ਵਿਚ ਜਾਣ ਦਾ ਟਰੈਵਲ ਡਾਕੂਮੈਂਟ ਕਿਹਾ ਜਾਣ ਲੱਗ ਪਿਆ ਹੈ ਭਾਵ ਸਰਕਾਰਾਂ ਵਲੋਂ ਆਪਣੇ ਹਿੱਤ ਪਾਲਣ ਲਈ ਲੋਕਾਂ ਨੂੰ ਪ੍ਰੇਸਾਨ ਕੀਤਾ ਜਾ ਰਿਹਾ ਹੈ।

ਵਲੰਟੀਅਰ ਬੀਬੀ ਸਲਿੰਦਰ ਕੌਰ ਬੈਂਸ ਨੇ ਖੁਲੀ ਕਵਿਤਾ ਸੁਣਾਈ:
ਮੰਗਿਆਂ ਕੁਝ ਨੀ ਮਿਲਦਾ ਬਿਨ ਮੰਗਿਆਂ ਸਭ ਕੁਝ ਮਿਲਦਾ, ਇਕ ਭਾਈ ਮਹਿਲਾਂ ਵਿਚ ਰਹਿੰਦਾ ਹੈ ਦੂਜਾ ਛੁਪ ਛੁਪ ਕੇ ਰੋਂਦਾ ਹੈ, ਮਾਂ ਤਾਂ ਦੋਨਾਂ ਦੀ ਏਕ ਹੈ।

ਬਹਾਦਰ ਸਿੰਘ ਨੇ ਗੁਰੂ ਜੀ ਦੀ ਪੰਜ ਪਿਆਰਿਆਂ ਨਾਲ ਪਾਣੀ ਵਿਚ ਬੇੜੀ ਰਾਹੀਂ ਯਾਤਰਾ ਕਰਨ ਅਤੇ ਮਲਾਹ ਵਲੋਂ ਗੁਰੂ ਜੀ ਦੇ ਦਰਸਨ ਕਰਕੇ ਨਿਹਾਲ ਹੋਣ ਅਤੇ ਪੈਸੇ ਨਾ ਲੈਣ ਦੀ ਬੇਨਤੀ ਦਾ ਪ੍ਰਸੰਗ ਕਵਿਤਾ ਰਾਹੀਂ ਸੁਣਾਇਆ:
ਪੰਜ ਪਿਆਰੇ ਨਾਲ ਗੁਰੂ ਦੇ ਬੇੜੀ ਪੱਤਣ ਆਏ, ਕਹਿਣ ਲਗੇ ਅੱਜ ਚਿਤ ਅਸਾਡਾ ਸੈਰ ਕਰਨ ਨੂੰ ਚਾਏ
।ਐਨੀ ਗੱਲ ਸੁਣਕੇ ਇਕ ਮਲਾਹੀ ਬੇੜੀ ਚੁਕ ਲਿਆਇਆ, ਆਦਰ ਨਾਲ ਗੁਰਾਂ ਦੇ ਤਾਈਂ ਬੇੜੀ ਵਿਚ ਬਹਾਇਆ।

ਇਸ ਸਾਹਿਤਕ ਦਰਬਾਰ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਕੁਲਵੰਤ ਕੌਰ ਗਿੱਲ, ਮਨਜੀਤ ਕੌਰ, ਪ੍ਰਦੀਪ ਸਿੰਘ ਨਾਗੀ, ਸਤਪਾਲ ਸਿੰਘ ਵਿਰਕ, ਨਰਿੰਦਰ ਸਿੰਘ ਭੰਡਾਲ ਚਾਰਲੀ ਆਦਿ ਨੇ ਵੀ ਆਪਣੀ ਵਡਮੁਲੀ ਹਾਜਰੀ ਲਗਵਾਈ। ਅਖੀਰ ਵਿਚ ਇਕ ਫੋਟੋ ਸੈਸਨ ਆਯੋਜਿਤ ਕੀਤਾ ਗਿਆ ਅਤੇ ਸਭ ਨੇ ਅਗਲੀ ਵਾਰ ਫਿਰ ਪਿਆਰ ਨਾਲ ਮਿਲ ਬੈਠਣ ਦਾ ਵਾਅਦਾ ਕਰਦਿਆਂ ਅਤੇ ਫਤਹਿ ਦੀ ਸਾਂਝ ਪਾਉਂਦਿਆਂ ਆਪਣੇ ਆਪਣੇ ਘਰਾਂ ਨੂੰ ਵਿਦਾਇਗੀ ਲਈ।

# ਪ੍ਰਧਾਨ ਦਾ ਅਸਤੀਫਾ ਬੱਸ ਸ਼ੁਰੂਆਤ ...

ਕੌਕਰੋਚ ਜਨਤਾ ਪਾਰਟੀ ਵਧਾਈ ਦੀ ਪਾਤਰ ਹੈ ਕਿਉਂਕਿ ਉਸਨੇ ਉਸ ਨੀਤੀਗਤ ਦਲਦਲ ਵੱਲ ਦੇਸ ਦਾ ਧਿਆਨ ਖਿੱਚਿਆ ਹੈ ਜਿਸ ਨੇ ਪਿਛਲੇ ਕਈ ਸਾਲਾਂ ਤੋਂ ਭਾਰਤੀ ਸਿੱਖਿਆ ਖੇਤਰ ਦਾ ਘਾਣ ਕੀਤਾ ਹੋਇਆ ਹੈ। ਜੰਤਰ-ਮੰਤਰ 'ਤੇ ਕੀਤੇ ਗਏ ਡਟਵੇਂ ਵਿਰੋਧ ਪ੍ਰਦਰਸਨਾਂ ਨੇ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੂੰ ਅਸਤੀਫਾ ਦੇਣ ਲਈ ਮਜਬੂਰ ਕਰ ਦਿੱਤਾ। ਸੀ ਜੇ ਪੀ ਦਾ ਪਹਿਲਾ ਟੀਚਾ ਪੂਰਾ ਹੋ ਗਿਆ ਹੈ। ਉਮੀਦ ਹੈ ਕਿ ਮੋਦੀ ਸਰਕਾਰ ਪਾਰਟੀ ਦੀਆਂ ਬਾਕੀ ਮੰਗਾਂ ਪ੍ਰਤੀ ਹਮਦਰਦੀ ਵਾਲਾ ਰੁਖ ਅਪਣਾਏਗੀ ਅਤੇ 20 ਜੁਲਾਈ ਨੂੰ ਵਿਦਿਆਰਥੀਆਂ 'ਤੇ ਕੀਤੀ ਗਈ ਜਾਲਮਾਨਾ ਕਾਰਵਾਈ (ਜੋ ਕਿ ਭਾਰਤ ਦੇ ਇਤਿਹਾਸ ਵਿੱਚ ਇੱਕ ਕਾਲਾ ਦਿਨ ਹੈ) ਬਦਲੇ ਸੱਚੇ ਦਿਲੋਂ ਸੁਧਾਰ ਕਰੇਗੀ। ਪ੍ਰਧਾਨ ਦਾ ਅਸਤੀਫਾ ਸਿੱਖਿਆ ਖੇਤਰ ਵਿੱਚ ਲੋੜੀਂਦੇ ਵਿਆਪਕ ਸੁਧਾਰ ਦੀ ਸਿਰਫ ਸੁਰੂਆਤ ਹੈ। ਅਸਲ ਚੁਣੌਤੀ ਇਸ ਗੱਲ ਨੂੰ ਕਬੂਲ ਕਰਨ ਦੀ ਹੈ ਕਿ ਸਾਡੇ ਸਿਸਟਮ ਵਿੱਚ ਡੂੰਘੀ ਖਰਾਬੀ ਆ ਚੁੱਕੀ ਹੈ ਜਿੱਥੇ ਸਿੱਖਿਆ ਘਟੀਆ ਰਾਜਨੀਤੀ ਦੀ ਕਠਪੁਤਲੀ ਬਣ ਕੇ ਰਹਿ ਗਈ ਹੈ। ਸਕੂਲਾਂ ਤੋਂ ਲੈ ਕੇ ਕਾਲਜਾਂ, ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਤੱਕ ਪੂਰੇ ਸਿੱਖਿਆ ਢਾਂਚੇ ਨੂੰ ਸਿਰੇ ਤੋਂ ਹੀ ਨੀਤੀਗਤ ਬਦਲਾਅ ਦੀ ਲੋੜ ਹੈ। 'ਨੀਟ' ਦਾ ਪੇਪਰ ਲੀਕ ਹੋਣਾ ਅਤੇ 20 ਤੋਂ ਵੱਧ ਵਿਦਿਆਰਥੀਆਂ ਵੱਲੋਂ ਖੁਦਕੁਸੀ ਕਰਨਾ ਉਹ ਆਖਰੀ ਘਟਨਾ ਸਾਬਤ ਹੋਈ ਜਿਸ ਨੇ ਪਾਣੀ ਸਿਰੋਂ ਲੰਘਾ ਦਿੱਤਾ। ਇਸੇ ਕਾਰਨ ਜੰਤਰ-ਮੰਤਰ 'ਤੇ ਰੋਸ ਪ੍ਰਦਰਸਨ ਹੋਏ ਪਰ ਇਸ ਦੀਆਂ ਜੜ੍ਹਾਂ ਵਿੱਚ ਉਹ ਵਿਗੜਿਆ ਅਤੇ ਭ੍ਰਿਸਟਾਚਾਰ ਨਾਲ ਲਿੱਬੜਿਆ ਢਾਂਚਾ ਹੈ ਜਿੱਥੇ ਗਿਆਨ ਵੰਡਣ ਦੇ ਅਸਲ ਮਕਸਦ ਨੂੰ ਪਿੱਛੇ ਧੱਕ ਕੇ ਗੈਰ-ਕਾਨੂੰਨੀ ਪੈਸਾ ਬਣਾਉਣ ਅਤੇ ਸਿਆਸੀ ਵਫਾਦਾਰੀਆਂ ਨਿਭਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ।

ਸਿੱਖਿਆ ਖੇਤਰ ਲਈ ਬਜਟ 2013-14 ਦੌਰਾਨ ਕੁੱਲ ਕੇਂਦਰੀ ਬਜਟ ਦਾ 4.6 ਫੀਸਦੀ ਸੀ, ਜੋ ਕਿ ਘਟ ਕੇ 2024-25 ਵਿੱਚ ਮਹਿਜ 2.5 ਫੀਸਦੀ ਰਹਿ ਗਿਆ ਹੈ। ਇਸ ਘਾਟੇ ਨੂੰ ਨਿੱਜੀ ਅਦਾਰਿਆਂ ਨੇ ਭਰ ਦਿੱਤਾ ਹੈ, ਜਿਨ੍ਹਾਂ ਦਾ ਮੁੱਖ ਮਕਸਦ ਸਿਰਫ ਵਪਾਰਕ ਮੁਨਾਫਾ ਕਮਾਉਣਾ ਹੈ। ਦੇਸ ਵਿੱਚ 3.4 ਲੱਖ ਪ੍ਰਾਈਵੇਟ ਸਕੂਲ ਹਨ ਜਦੋਂ ਕਿ 10 ਲੱਖ ਤੋਂ ਵੱਧ ਸਰਕਾਰੀ ਸਕੂਲ ਚੱਲ ਰਹੇ ਹਨ। ਪਿਛਲੇ ਇੱਕ ਦਹਾਕੇ ਦੌਰਾਨ ਲਗਪਗ 94,000 ਸਰਕਾਰੀ ਸਕੂਲ ਬੰਦ ਕੀਤੇ ਜਾ ਚੁੱਕੇ ਹਨ। ਪ੍ਰਾਈਵੇਟ ਕਾਲਜਾਂ (ਜਿਨ੍ਹਾਂ ਵਿੱਚੋਂ ਕਈਆਂ ਦੇ ਸਿਆਸਤਦਾਨਾਂ ਨਾਲ ਸਿੱਧੇ ਤਾਰ ਜੁੜੇ ਹੋਏ ਹਨ) ਦਾ ਪਸਾਰ ਹੋਰ ਵੀ ਵੱਡੇ ਪੱਧਰ 'ਤੇ ਹੋਇਆ ਹੈ। ਦੇਸ਼ ਵਿੱਚ ਸਿਰਫ 17 ਫੀਸਦੀ ਕਾਲਜ ਹੀ ਸਰਕਾਰੀ ਹਨ, ਜਦਕਿ ਬਾਕੀ ਸਾਰੇ ਪ੍ਰਾਈਵੇਟ ਹਨ ਜਿੱਥੇ ਅਧਿਆਪਕਾਂ ਅਤੇ ਸਹੂਲਤਾਂ ਦਾ ਮਿਆਰ ਨਿਘਾਰ ਵੱਲ ਹੈ ਅਤੇ ਬਹੁਤੀ ਵਾਰ ਇਹ ਲੋੜ ਤੋਂ ਵੀ ਹੇਠਲੇ ਪੱਧਰ ਦਾ ਹੁੰਦਾ ਹੈ।

ਦੇਸ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਗਿਣਤੀ ਵਧ ਕੇ 500 ਤੋਂ ਪਾਰ ਹੋ ਗਈ ਹੈ, ਜਦੋਂ ਕਿ 700 ਤੋਂ ਵੱਧ ਯੂਨੀਵਰਸਿਟੀਆਂ ਸਰਕਾਰੀ ਹੱਥਾਂ ਵਿੱਚ ਹਨ। ਪਿਛਲੇ ਇੱਕ ਦਹਾਕੇ ਵਿੱਚ ਪ੍ਰਾਈਵੇਟ ਯੂਨੀਵਰਸਿਟੀਆਂ ਦਾ ਵਾਧਾ ਸਰਕਾਰੀ ਯੂਨੀਵਰਸਿਟੀਆਂ ਨਾਲੋਂ ਲਗਪਗ ਤਿੰਨ ਗੁਣਾ ਤੇਜੀ ਨਾਲ ਹੋਇਆ ਹੈ। ਸਰਕਾਰੀ ਸਕੂਲਾਂ ਦਾ ਮਿਆਰ ਭਾਵੇਂ ਹਰ ਸੂਬੇ ਮੁਤਾਬਿਕ ਵੱਖਰਾ ਹੈ ਪਰ ਵੱਖ-ਵੱਖ ਸਰਵੇਖਣ ਦੱਸਦੇ ਹਨ ਕਿ ਵਿਦਿਆਰਥੀਆਂ ਵਿੱਚ ਸਿੱਖਣ ਦਾ ਹੁਨਰ ਮਿਆਰ ਤੋਂ ਕਾਫੀ ਹੇਠਲੇ ਪੱਧਰ ਦਾ ਹੈ। ਇਹੀ ਕਾਰਨ ਹੈ ਕਿ ਸਮਾਜ ਦੇ ਹਰ ਵਰਗ ਦੇ ਮਾਪੇ ਆਪਣੇ ਬੱਚਿਆਂ ਨੂੰ ਮੁੱਢਲੀ ਸਿੱਖਿਆ ਅਤੇ ਦਾਖਲਾ ਪ੍ਰੀਖਿਆਵਾਂ ਦੀ ਤਿਆਰੀ ਲਈ ਟਿਊਸਨ ਸੈਂਟਰਾਂ ਵਿੱਚ ਭੇਜਣ ਲਈ ਮਜਬੂਰ ਹਨ। ਅੱਜ ਕੋਚਿੰਗ ਉਦਯੋਗ 60,000 ਕਰੋੜ ਰੁਪਏ ਦਾ ਬਣ ਚੁੱਕਿਆ ਹੈ, ਜਦੋਂ ਕਿ ਬੱਚਿਆਂ ਦਾ ਸਕੂਲਾਂ ਅਤੇ ਕਾਲਜਾਂ ਵਿੱਚ ਦਾਖਲਾ ਕਰਵਾਉਣਾ ਮਾਪਿਆਂ ਲਈ ਇੱਕ ਅਗਨੀ-ਪ੍ਰੀਖਿਆ ਬਣ ਗਿਆ ਹੈ।

ਹਾਲੀਆ ਸਾਲਾਂ ਦੌਰਾਨ ਸਿੱਖਿਆ ਸੰਸਥਾਵਾਂ ਦੇ ਮੁਖੀਆਂ ਦੀਆਂ ਨਿਯੁਕਤੀਆਂ ਵਿੱਚ ਯੋਗਤਾ ਨਾਲੋਂ ਸਿਆਸੀ ਵਿਚਾਰਧਾਰਾ ਅਤੇ 'ਆਰ ਐੱਸ ਐੱਸ' ਦੀ ਪ੍ਰਵਾਨਗੀ ਨੂੰ ਵੱਧ ਪਹਿਲ ਦਿੱਤੀ ਗਈ ਹੈ। ਸਿੱਖਿਆ ਦੇ



ਮਿਆਰ ਉੱਤੇ ਇਸ ਦੇ ਲੰਬੇ ਸਮੇਂ ਲਈ ਮਾੜੇ ਨਤੀਜੇ ਨਿਕਲਣਗੇ ਕਿਉਂਕਿ ਸੀਨੀਅਰ ਫੈਕਲਟੀ 65 ਸਾਲ ਦੀ ਉਮਰ ਤੱਕ ਸੇਵਾ ਨਿਭਾ ਸਕਦੀ ਹੈ। ਭਾਵੇਂ ਅਕਾਦਮਿਕ ਉੱਤਮਤਾ ਦੇ ਕੁਝ ਕੁ ਕੇਂਦਰ ਅਜੇ ਵੀ ਬਚੇ ਹੋਏ ਹਨ ਪਰ ਸਮੁੱਚਾ ਰੁਝਾਨ ਇਸ ਪਾਸੇ ਜਾ ਰਿਹਾ ਹੈ ਕਿ ਹਿੰਦੂ ਬਹੁਗਿਣਤੀਵਾਦੀ ਸੋਚ ਅਤੇ ਚੋਣਵੇਂ ਰੂਪ ਵਿੱਚ ਤਿਆਰ ਕੀਤੇ ਗਏ ਅਤੇ ਜਿਆਦਾਤਰ ਮਿਥਿਹਾਸਕ ਪੁਰਾਤਨ ਅਤੀਤ ਪੜ੍ਹਾਉਣ ਨੂੰ ਪਹਿਲ ਦਿੱਤੀ ਜਾ ਰਹੀ ਹੈ। ਭਾਰਤ ਦੀ ਜੈੱਨ-ਜੀ ਪੀੜ੍ਹੀ ਲਈ ਸਿੱਖਿਆ ਅਤੇ ਰੁਜਗਾਰ ਦਾ ਆਪਸੀ ਮੇਲ ਬਹੁਤ ਅਹਿਮ ਹੈ। ਰੁਜਗਾਰ ਦੇ ਮੌਕੇ ਲਗਾਤਾਰ ਸੁੰਗੜ ਰਹੇ ਹਨ। ਹਰ ਸਾਲ ਗ੍ਰੈਜੂਏਸਨ ਕਰਨ ਵਾਲੇ 80 ਲੱਖ ਵਿਦਿਆਰਥੀਆਂ ਲਈ ਨੌਕਰੀਆਂ ਦੀ ਦੌੜ ਬਹੁਤ ਔਖੀ ਅਤੇ ਭਾਰੂ ਹੈ। ਸਭ ਤੋਂ ਵੱਧ ਮੰਗ ਸਰਕਾਰੀ ਨੌਕਰੀ ਦੀ ਹੈ ਅਤੇ ਇੱਥੇ ਅੰਕੜੇ ਬਹੁਤ ਨਿਰਾਸਾਜਨਕ ਹਨ। ਹਰ ਸਾਲ 2 ਕਰੋੜ ਨੌਜਵਾਨ ਮਹਿਜ 1 ਲੱਖ ਸਰਕਾਰੀ ਨੌਕਰੀਆਂ ਲਈ ਅਰਜੀਆਂ ਦਿੰਦੇ ਹਨ। ਦੇਸ ਦੀ ਸਭ ਤੋਂ ਮੋਹਰੀ ਮੰਨੀ ਜਾਣ ਵਾਲੀ ਯੂ ਪੀ ਐੱਸ ਸੀ ਪ੍ਰੀਖਿਆ ਵਿੱਚ ਤਕਰੀਬਨ 1,000 ਅਸਾਮੀਆਂ ਲਈ 13 ਲੱਖ ਉਮੀਦਵਾਰ ਮੈਦਾਨ ਵਿੱਚ ਹੁੰਦੇ ਹਨ। ਇਸ ਵਿੱਚ ਸਫਲ ਹੋਣ ਦੀ ਸੰਭਾਵਨਾ ਸਿਰਫ 0.08 ਫੀਸਦੀ ਹੈ। ਆਲੋਚਕਾਂ ਦਾ ਕਹਿਣਾ ਹੈ ਕਿ ਭਾਰਤ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਾਬਲ ਬਣਾਉਣ ਲਈ ਸਿੱਖਿਆ ਪ੍ਰਣਾਲੀ ਨਹੀਂ ਚਲਾ ਰਿਹਾ, ਸਗੋਂ ਇੱਕ ਲਾਟਰੀ ਚਲਾ ਰਿਹਾ ਹੈ, ਜਿਸ ਵਿੱਚ ਬਹੁਤ ਸਾਰੇ ਨਤੀਜੇ ਪਹਿਲਾਂ ਹੀ ਤੈਅ ਹੁੰਦੇ ਹਨ।

ਭਾਰਤ ਦੇ ਉਨ੍ਹਾਂ ਵੱਡੇ ਖੇਤਰੀ ਸੁਧਾਰਾਂ ਨੂੰ ਯਾਦ ਕਰਨਾ ਬਣਦਾ ਹੈ ਜਿਨ੍ਹਾਂ ਨੇ ਦੇਸ ਨੂੰ ਡੂੰਘੇ ਸੰਕਟ 'ਚੋਂ ਕੱਢ ਕੇ ਲਿਆਂਦਾ ਸੀ। 1960ਵਿਆਂ ਦੇ ਅਖੀਰ ਦੀ 'ਹਰੀ ਕ੍ਰਾਂਤੀ' ਨੇ ਭਾਰਤ ਨੂੰ ਭੋਜਨ ਦੀ ਨਿਰਭਰਤਾ ਅਤੇ 'ਝੋਲੀ ਅੱਡਣ' ਵਾਲੀ ਬਦਨਾਮੀ ਤੋਂ ਨਿਜਾਤ ਦਿਵਾਈ। ਇਹ ਇਸ ਲਈ ਕਾਮਯਾਬ ਰਹੀ ਕਿਉਂਕਿ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਖੁਰਾਕ ਮੰਤਰਾਲਾ ਇੱਕ ਤਜਰਬੇਕਾਰ ਅਤੇ ਕਾਬਲ ਸੀਨੀਅਰ ਮੰਤਰੀ ਸੀ. ਸੁਬਰਾਮਨੀਅਮ ਨੂੰ ਸੌਂਪਿਆ ਸੀ, ਜਿਨ੍ਹਾਂ ਕੋਲ ਐੱਮ ਐੱਸ ਸਵਾਮੀਨਾਥਨ ਅਤੇ ਬੀ ਪੀ ਪਾਲ ਵਰਗੇ ਦੁਨੀਆ ਭਰ ਵਿੱਚ ਨਾਮਣਾ ਖੱਟਣ ਵਾਲੇ ਮਾਹਿਰਾਂ ਦੀ ਟੀਮ ਸੀ। ਇਸੇ ਤਰ੍ਹਾਂ ਦੁੱਧ ਦੀ ਪੈਦਾਵਾਰ ਵਿੱਚ ਵਾਧਾ ਕਰਨ ਵਾਲੀ 'ਚਿੱਟੀ ਕ੍ਰਾਂਤੀ' ਦੀ ਅਗਵਾਈ ਇੱਕ ਯੋਗ ਪੇਸੇਵਰ ਡਾ. ਵਰਗੀਜ ਕੁਰੀਅਨ ਨੇ ਬਾਖੂਬੀ ਕੀਤੀ ਸੀ।

1991 ਦੇ ਆਰਥਿਕ ਸੁਧਾਰ ਇਸ ਲਈ ਸਫਲ ਹੋਏ ਕਿਉਂਕਿ ਤਤਕਾਲੀ ਪ੍ਰਧਾਨ ਮੰਤਰੀ ਪੀ ਵੀ ਨਰਸਿਮਹਾ ਰਾਓ ਕੋਲ ਵਿੱਤ ਮੰਤਰੀ ਵਜੋਂ ਡਾ. ਮਨਮੋਹਨ ਸਿੰਘ ਵਰਗੇ ਮੰਨੇ-ਪ੍ਰਮੰਨੇ ਅਰਥਸਾਸਤਰੀ ਮੌਜੂਦ ਸਨ ਅਤੇ ਨੌਕਰਸਾਹੀ ਵਿੱਚ ਮੌਂਟੇਕ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਮਾਹਿਰਾਂ ਦੀ ਇੱਕ ਉੱਚ-ਪੱਧਰੀ ਟੀਮ ਕੰਮ ਕਰ ਰਹੀ ਸੀ। ਇਨ੍ਹਾਂ ਦੋਵਾਂ ਮੌਕਿਆਂ 'ਤੇ ਸਿਆਸੀ ਦਖਲ ਤੋਂ ਬਿਨਾਂ ਆਪੋ-ਆਪਣੇ ਖੇਤਰ ਦੇ ਮਾਹਿਰਾਂ ਨੂੰ ਚੁਣ ਕੇ ਅੱਗੇ ਲਿਆਂਦਾ ਗਿਆ ਸੀ। ਸਿਆਸਤ ਪਿੱਛੇ ਹਟ ਗਈ, ਜਦਕਿ ਯੋਗਤਾ ਨੇ ਮੋਹਰੀ ਹੋ ਕੇ ਅਗਵਾਈ ਕੀਤੀ। ਅੱਜ ਸਰਕਾਰ ਦਾ ਧਿਆਨ ਸਿੱਖਿਆ ਨਾਲੋਂ ਵੱਧ ਵਿਚਾਰਧਾਰਾ ਉੱਤੇ ਕੇਂਦਰਿਤ ਹੈ (ਜਿਸ ਵਿੱਚ ਸਕੂਲੀ ਪਾਠ ਪੁਸਤਕਾਂ ਵਿੱਚ ਤੋੜ-ਮਰੋੜ ਅਤੇ ਬਦਲਾਅ ਕੀਤੇ ਜਾ ਰਹੇ ਹਨ)। ਸਿਆਸੀ ਖੁਸਾਮਦ ਅਤੇ ਬਿਨਾਂ ਕਿਸੇ ਤਰਕ ਦੇ ਵਿਚਾਰਧਾਰਕ ਗੁਲਾਮੀ ਨੇ ਕੇਂਦਰੀਕਰਨ, ਨਿੱਜੀਕਰਨ ਅਤੇ ਮਾਲੀਆ ਲੁੱਟ ਨੂੰ ਹੋਰ ਵਧਾ ਦਿੱਤਾ ਹੈ।

ਭਾਰਤ ਨੂੰ ਇਸ ਸਮੇਂ ਇੱਕ 'ਰਾਸਟਰੀ ਸਿੱਖਿਆ ਸੁਧਾਰ ਕਮਿਸਨ' ਦੀ ਸਖਤ ਲੋੜ ਹੈ, ਜਿਸ ਵਿੱਚ ਦੇਸ ਦੇ ਸਭ ਤੋਂ ਮੰਨੇ-ਪ੍ਰਮੰਨੇ ਸਿੱਖਿਆ ਸਾਸਤਰੀ, ਅਕਾਦਮਿਕ ਮਾਹਿਰ ਅਤੇ ਹੋਰ ਖੇਤਰਾਂ ਦੇ ਨਾਮਵਰ ਵਿਦਵਾਨ ਸਾਮਲ ਹੋਣ। ਇਸ ਕਮਿਸਨ ਕੋਲ ਸਿੱਖਿਆ ਢਾਂਚੇ ਦੀ ਸਮੀਖਿਆ ਕਰਨ ਅਤੇ ਇਸ ਦਾ ਮੁੜ ਮੁਲਾਂਕਣ ਕਰਨ ਲਈ 12 ਮਹੀਨਿਆਂ ਦਾ ਸਮਾਂ ਹੋਵੇ। ਇਸ ਕਮਿਸਨ ਦੀਆਂ ਸਿਫਾਰਸਾਂ ਉੱਤੇ ਸੰਸਦ ਅਤੇ ਸਿਵਲ ਸੁਸਾਇਟੀ ਵਿੱਚ ਖੁੱਲ੍ਹ ਕੇ ਬਹਿਸ ਹੋਣੀ ਚਾਹੀਦੀ ਹੈ ਤਾਂ ਜੋ ਨੀਤੀਗਤ ਬਦਲਾਅ ਕਰਕੇ ਇੱਕ ਨਵੇਂ ਰਾਸਟਰੀ ਸਿੱਖਿਆ ਢਾਂਚੇ ਦੀ ਨੀਂਹ ਰੱਖੀ ਜਾ ਸਕੇ ਜੋ ਵਿਦਿਆਰਥੀਆਂ ਨੂੰ ਨਿਰਪੱਖ ਅਤੇ ਸਹੀ ਤਰੀਕੇ ਨਾਲ ਕਾਬਲ ਤੇ ਪੜ੍ਹਿਆ-ਲਿਖਿਆ ਬਣਾਵੇ।

ਭਾਰਤ ਦੀ ਜੈੱਨ-ਜੀ ਪੀੜ੍ਹੀ ਪੇਪਰ ਲੀਕ ਹੋਣ ਅਤੇ ਉਸ ਵਿਗੜੇ ਹੋਏ ਸਿੱਖਿਆ ਸਿਸਟਮ ਤੋਂ ਅੱਕ ਚੁੱਕੀ ਹੈ, ਜਿੱਥੇ ਯੋਗਤਾ ਨਾਲੋਂ ਸਿਫਾਰਿਸਾਂ ਜਾਂ ਪਰਿਵਾਰਵਾਦ ਨੂੰ ਵੱਧ ਅਹਿਮੀਅਤ ਦਿੱਤੀ ਜਾਂਦੀ ਹੈ ਅਤੇ ਇਮਾਨਦਾਰੀ ਦਾ ਮਜਾਕ ਉਡਾਇਆ ਜਾਂਦਾ ਹੈ। ਸਥਿਤੀ ਬਿਲਕੁਲ ਸਪੱਸਟ ਹੈ: ਪ੍ਰਧਾਨ ਮੰਤਰੀ ਮੋਦੀ ਜਾਂ ਤਾਂ ਮਹਿਜ ਦਿਖਾਵੇ ਵਾਲੇ ਮਾਮੂਲੀ ਬਦਲਾਅ ਕਰਕੇ ਜੰਤਰ-ਮੰਤਰ ਵਰਗੇ ਕਿਸੇ ਹੋਰ ਵੱਡੇ ਰੋਸ ਧਮਾਕੇ ਦਾ ਇੰਤਜਾਰ ਕਰਨ ਜਾਂ ਫਿਰ ਪੁਰਾਣੇ ਸਮਿਆਂ ਵਾਂਗ ਇਸ ਚੁਣੌਤੀ ਨੂੰ ਕਬੂਲਦਿਆਂ ਸਿੱਖਿਆ ਪ੍ਰਣਾਲੀ ਦੀ ਮੁੜ-ਸੁਰਜੀਤੀ ਵੱਲ ਕਦਮ ਵਧਾਉਣ।

ਧਰਮੇਂਦਰ ਪ੍ਰਧਾਨ ਦਾ ਅਸਤੀਫਾ ਤਾਂ ਉੱਚ ਸਿੱਖਿਆ ਨੂੰ ਅੰਦਰੋਂ ਖੋਖਲਾ ਕਰ ਰਹੀ ਗੰਭੀਰ ਬਿਮਾਰੀ ਦੀ ਸਿਰਫ ਇੱਕ ਝਲਕ ਮਾਤਰ ਹੈ, ਅਸਲ ਮੁਸੀਬਤ ਤਾਂ ਹੇਠਾਂ ਲੁਕੀ ਹੋਈ ਹੈ। ਇਕੱਲੇ ਪ੍ਰਧਾਨ ਦੇ ਅਸਤੀਫੇ ਨਾਲ ਕੋਈ ਮੌਲਿਕ ਨੀਤੀਗਤ ਬਦਲਾਅ ਨਹੀਂ ਆਉਣ ਵਾਲਾ। ਇਮਤਿਹਾਨ ਲੈਣ ਦੀ ਜਿੰਮੇਵਾਰੀ 'ਨੈਸਨਲ ਟੈਸਟਿੰਗ ਏਜੰਸੀ' ਤੋਂ ਵਾਪਸ ਲੈ ਕੇ ਮੁੜ ਯੂਨੀਵਰਸਿਟੀਆਂ ਨੂੰ ਸੌਂਪੀ ਜਾਣੀ ਚਾਹੀਦੀ ਹੈ।

ਸੀ ਉਦੈ ਭਾਸਕਰ

# ਕਾਰਗਿਲ ਦੇ ਸਬਕ

ਜੁਲਾਈ 1999 ਦੇ ਆਖਰੀ ਹਫਤੇ ਜੰਗ ਖਤਮ ਹੋਈ ਤਾਂ ਕਾਰਗਿਲ ਵਿੱਚ ਤਾਇਨਾਤ 15ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਕਿਸਨ ਪਾਲ ਨੇ ਬਹੁਤ ਹੀ ਸੋਚ-ਵਿਚਾਰ ਕਰਕੇ ਬੜੀ ਡੂੰਘੀ ਗੱਲ ਆਖੀ ਸੀ: "ਭਾਰਤੀ ਫੌਜ ਨੂੰ ਹੁਣ ਇਹ ਮੰਨਣਾ ਛੱਡ ਦੇਣਾ ਚਾਹੀਦਾ ਹੈ ਕਿ ਜੰਗ 'ਚ ਮੁੱਖ ਆਸਰਾ ਸਿਰਫ ਪੈਦਲ ਸੈਨਾ ਅਤੇ ਬਖਤਰਬੰਦ ਕੋਰ 'ਤੇ ਹੀ ਹੁੰਦਾ ਹੈ ਸਗੋਂ ਹੁਣ ਸਾਨੂੰ ਆਰਟਿਲਰੀ (ਤੋਪਖਾਨਾ), ਪੈਦਲ ਸੈਨਾ ਅਤੇ ਬਖਤਰਬੰਦ ਕੋਰ ਤਿੰਨਾਂ ਨੂੰ ਹੀ ਭਵਿੱਖ ਦੀਆਂ ਜੰਗਾਂ ਵਿੱਚ ਫੈਸਲਾਕੁੰਨ ਤਾਕਤਾਂ ਵਜੋਂ ਦੇਖਣਾ ਚਾਹੀਦਾ ਹੈ।" ਉਨ੍ਹਾਂ ਅੱਗੇ ਕਿਹਾ, "ਆਰਟਿਲਰੀ (ਤੋਪਖਾਨੇ) ਦੀ ਵਰਤੋਂ ਇੱਕ ਪੂਰੇ ਲੜਾਕੂ ਅੰਗ ਵਜੋਂ ਕੀਤੀ ਗਈ।" ਪੱਕੇ ਇਨਫੈਂਟਰੀ ਜਨਰਲ ਦਾ ਗੰਨਰਾਂ ਪ੍ਰਤੀ ਨਜਰੀਆ ਆਮ ਤੌਰ 'ਤੇ ਬਹੁਤਾ ਲਿਹਾਜਦਾਰੀ ਵਾਲਾ ਨਹੀਂ ਹੁੰਦਾ। ਇਸ ਲਈ ਕਾਰਗਿਲ ਜੰਗ ਦੇ ਤਜਰਬਿਆਂ ਸਦਕਾ ਪਤਾ ਲੱਗੀ ਕਿਸੇ ਅਟੱਲ ਪੇਸੇਵਰ ਸਚਾਈ ਕਾਰਨ ਹੀ ਇਸ ਜਿੱਤ ਮਗਰੋਂ ਲੈਫਟੀਨੈਂਟ ਜਨਰਲ ਕਿਸਨ ਪਾਲ ਨੇ ਅਜਿਹੀ ਟਿੱਪਣੀ ਕੀਤੀ ਹੋਵੇਗੀ। ਆਮ ਲੋਕਾਂ ਅਤੇ ਫੌਜੀ ਇਤਿਹਾਸ ਦੇ ਵਿਦਿਆਰਥੀਆਂ ਨੇ ਬਿਨਾਂ ਕਿਸੇ ਸ਼ੱਕ ਦੇ ਇਹ ਮੰਨ ਲਿਆ ਹੈ ਕਿ ਕਾਰਗਿਲ ਵਿੱਚ ਸਾਡੀ ਜਿੱਤ ਦਾ ਅਸਲ ਕਾਰਨ ਆਰਟਿਲਰੀ (ਤੋਪਖਾਨਾ) ਹੀ ਸੀ। ਹੁਣ ਅਸਲ ਸਵਾਲ ਇਹ ਹੈ: ਕੀ ਇਸ ਜੰਗ ਅਤੇ ਟਿੱਪਣੀ ਨੇ ਭਾਰਤੀ ਫੌਜ 'ਤੇ ਇੰਨਾ ਡੂੰਘਾ ਅਸਰ ਛੱਡਿਆ ਹੈ ਕਿ ਉਹ ਫੈਸਲਾਕੁੰਨ ਤਾਕਤ ਵਜੋਂ ਆਰਟਿਲਰੀ ਦੀ ਵਧਦੀ ਅਹਿਮੀਅਤ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰਦਿਆਂ ਇਸ ਨੂੰ ਰਸਮੀ ਤੌਰ 'ਤੇ ਪ੍ਰਵਾਨ ਕਰੇਗੀ?

ਪਿਛਲੇ ਕੁਝ ਦਹਾਕਿਆਂ ਵਿੱਚ ਜੰਗ ਦੇ ਸਰੂਪ ਅਤੇ ਤੌਰ-ਤਰੀਕਿਆਂ ਵਿੱਚ ਇਨਕਲਾਬੀ ਤਬਦੀਲੀਆਂ ਆਈਆਂ ਹਨ। ਪਹਿਲੀ ਆਲਮੀ ਜੰਗ ਦੌਰਾਨ ਖਾਈ ਜੰਗ (ਟਰੈਂਚ ਵਾਰਫੇਅਰ) ਨੂੰ ਅਹਿਮ ਮੰਨਿਆ ਗਿਆ, ਦੂਜੀ ਆਲਮੀ ਜੰਗ ਨੇ ਫੌਜਾਂ ਦੇ ਮਸੀਨੀਕਰਨ ਨੂੰ ਉਭਾਰਿਆ ਜਦੋਂਕਿ ਹਾਲੀਆ ਜੰਗਾਂ ਨੇ ਪਾਸਾ ਪਲਟਦਿਆਂ ਜਮੀਨੀ ਗੋਲਾਬਾਰੀ (ਫਾਇਰਪਾਵਰ), ਖਾਸਕਰ ਜਮੀਨੀ ਹਥਿਆਰ ਪ੍ਰਣਾਲੀਆਂ ਨੂੰ ਸਰਬਉੱਚ ਸਾਬਿਤ ਕੀਤਾ ਹੈ। ਇਸੇ ਤਰ੍ਹਾਂ ਆਰਟਿਲਰੀ ਦੀ ਭੂਮਿਕਾ ਅਤੇ ਇਸ ਦੇ ਸਾਜੋ-ਸਾਮਾਨ ਵਿੱਚ ਵੀ ਵੱਡੀਆਂ ਤਬਦੀਲੀਆਂ ਆਈਆਂ ਹਨ। ਆਪਣੇ ਲੰਮੀ ਦੂਰੀ ਤੱਕ ਮਾਰ ਕਰਨ ਵਾਲੇ ਹਥਿਆਰਾਂ, ਡੂੰਘੀ ਨਿਗਰਾਨੀ ਪਹੁੰਚ ਅਤੇ ਆਧੁਨਿਕ ਤਕਨੀਕੀ ਤਾਲਮੇਲ (ਸੈਂਸਰ-ਸੂਟਰ ਕੰਬਾਈਨ) ਨਾਲ ਲੈਸ ਹੋ ਕੇ ਤੋਪਖਾਨਾ ਅਜੋਕੇ ਜੰਗ ਦੇ ਮੈਦਾਨ ਨੂੰ ਓਨਾ ਪ੍ਰਭਾਵਿਤ ਕਰ ਰਿਹਾ ਹੈ ਜਿੰਨਾ ਇਸ ਨੇ ਪਹਿਲਾਂ ਕਦੇ ਨਹੀਂ ਸੀ ਕੀਤਾ। ਇਹ ਦੁਸਮਣ ਨੂੰ ਲਗਾਤਾਰ ਇੱਕੋ ਸਮੇਂ ਕਈ ਪੱਧਰਾਂ 'ਤੇ ਘੇਰ, ਉਨ੍ਹਾਂ ਦੀ ਜੰਗੀ ਤਾਕਤ ਨੂੰ ਭਾਰੀ ਨੁਕਸਾਨ ਪਹੁੰਚਾ ਅਤੇ ਦੁਸਮਣ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਮਜੋਰ ਕਰਦਿਆਂ ਉਨ੍ਹਾਂ ਦੀ ਉੱਚ ਲੀਡਰਸਿਪ ਦੇ ਮਨੋਬਲ ਨੂੰ ਤੋੜ ਸਕਦਾ ਹੈ। ਦਰਅਸਲ, ਜਮੀਨੀ ਗੋਲਾਬਾਰੀ ਫੌਜ ਦਾ ਸਭ ਤੋਂ ਵੱਡਾ ਅਤੇ ਅਜਿੱਤ ਹਥਿਆਰ ਬਣ ਚੁੱਕੀ ਹੈ, ਜਿਸ ਨੇ ਜੰਗ ਦੇ ਪੂਰੇ ਸਰੂਪ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ।

ਸਾਲਾਂ ਦੇ ਅੰਕੜੇ ਦੱਸਦੇ ਹਨ ਕਿ ਜੰਗ ਦੇ ਮੈਦਾਨ ਵਿੱਚ 82 ਫੀਸਦੀ ਨੁਕਸਾਨ ਤੋਪਖਾਨੇ ਨਾਲ ਕੀਤਾ ਜਾਂਦਾ ਹੈ ਜਦੋਂਕਿ ਬਾਕੀ 18 ਫੀਸਦੀ ਨੁਕਸਾਨ ਹੋਰ ਸਾਧਨਾਂ ਰਾਹੀਂ। ਕਦੇ ਜੰਗ ਦੇ ਮੈਦਾਨ ਵਿੱਚ ਸਿਰਫ ਪ੍ਰਭਾਵ ਪਾਉਣ ਵਾਲੇ ਹਿੱਸੇ ਵਜੋਂ ਜਾਣੇ ਜਾਂਦੇ ਤੋਪਖਾਨੇ ਨੇ ਹੁਣ ਜਿੱਤ ਯਕੀਨੀ ਬਣਾਉਣ ਵਾਲੇ ਦ੍ਰਿੜ੍ਹ ਅਤੇ ਫੈਸਲਾਕੁੰਨ ਜੰਗੀ ਹਥਿਆਰ ਦਾ ਰੂਪ ਧਾਰਨ ਕਰ ਲਿਆ ਹੈ। ਇਸ ਸਭ ਦੇ ਬਾਵਜੂਦ ਇਸ ਨੂੰ ਅਜੇ ਵੀ 'ਲੜਾਕੂ ਸਹਾਇਕ ਅੰਗ' ਹੀ ਮੰਨਿਆ ਜਾਂਦਾ ਹੈ ਜਦੋਂਕਿ ਆਰਮਡ ਕੋਰ, ਮਸੀਨੀਕ੍ਰਿਤ ਪੈਦਲ ਸੈਨਾ (ਮੈਕੇਨਾਈਜਡ ਇਨਫੈਂਟਰੀ) ਅਤੇ ਪੈਦਲ ਸੈਨਾ (ਇਨਫੈਂਟਰੀ) ਨੂੰ 'ਲੜਾਕੂ ਅੰਗ' ਦਾ ਦਰਜਾ ਹਾਸਲ ਹੈ। ਫੌਜ ਵਿੱਚ ਲੜਾਕੂ ਅੰਗ ਹੀ ਰਣਨੀਤੀਆਂ, ਆਪਰੇਸ਼ਨਲ ਹਦਾਇਤਾਂ ਅਤੇ ਜਮੀਨੀ ਪੱਧਰ ਦੀਆਂ ਯੋਜਨਾਵਾਂ ਤਿਆਰ ਕਰਦੇ ਅਤੇ ਫਿਰ ਸਹਾਇਕ ਅੰਗਾਂ ਨੂੰ ਆਪਣੀਆਂ ਯੋਜਨਾਵਾਂ ਵਿੱਚ ਫਿੱਟ ਕਰਦੇ ਹਨ। ਕਾਰਗਿਲ ਦੌਰਾਨ ਭਾਵੇਂ ਸਾਰੀਆਂ ਜੰਗੀ ਯੋਜਨਾਵਾਂ ਪੈਦਲ ਸੈਨਾ ਵੱਲੋਂ ਹੀ ਬਣਾਈਆਂ ਗਈਆਂ ਸਨ, ਪਰ ਹਾਲਾਤ ਦੀ ਮਜਬੂਰੀ ਕਾਰਨ ਉਨ੍ਹਾਂ ਨੂੰ ਫਾਇਰਪਾਵਰ ਆਸਰੇ ਹੀ ਅੰਜਾਮ ਦਿੱਤਾ ਗਿਆ। ਜੰਗ ਦਾ ਬਦਲਦਾ ਸਰੂਪ ਸਪੱਸਟ ਤੌਰ 'ਤੇ ਮੰਗ ਕਰਦਾ ਹੈ ਕਿ ਇਸ ਪੂਰੇ ਚੱਕਰ ਨੂੰ ਉਲਟਾਇਆ ਜਾਵੇ ਅਤੇ ਫਾਇਰਪਾਵਰ ਦੀ ਕੇਂਦਰੀ ਭੂਮਿਕਾ ਨੂੰ ਅਧਿਕਾਰਤ ਤੌਰ 'ਤੇ ਸਵੀਕਾਰ ਕੀਤਾ ਜਾਵੇ।



ਦਿਲਚਸਪ ਗੱਲ ਇਹ ਹੈ ਕਿ ਕਾਰਗਿਲ ਵਿੱਚ ਤੋਪਖਾਨੇ ਦੀ ਵਰਤੋਂ ਰਵਾਇਤੀ ਸਹਾਇਕ ਭੂਮਿਕਾ ਵਜੋਂ ਨਹੀਂ ਸਗੋਂ ਇੱਕ ਘਾਤਕ ਹਮਲਾਵਰ ਹਥਿਆਰ ਵਜੋਂ ਕੀਤੀ ਗਈ ਸੀ, ਜਿਸ ਦਾ ਦੁਸਮਣ ਕੋਲ ਕੋਈ ਜਵਾਬ ਨਹੀਂ ਸੀ। ਇਸੇ ਲਈ ਦੁਸ਼ਮਣ ਨਿਰਾਸ ਅਤੇ ਖੌਫਜਦਾ ਸੀ। ਤੋਪਖਾਨੇ ਕੋਲ ਜਿੱਤ ਲਈ ਸਾਰੇ ਢੰਗ-ਤਰੀਕੇ ਸਨ, ਜਿਸ ਨੇ ਉਨ੍ਹਾਂ ਦੀ ਬਾਖੂਬੀ ਵਰਤੋਂ ਕੀਤੀ। ਇਹ ਪਾਸਾ ਪਲਟ ਦੇਣ ਵਾਲਾ ਅਜਿਹਾ ਕਦਮ ਸੀ, ਜਿਸ ਨੇ ਸਾਡੇ ਬਹਾਦਰ ਪੈਦਲ ਸੈਨਿਕਾਂ ਨੂੰ ਉੱਚੀਆਂ ਚੋਟੀਆਂ ਤੱਕ ਪਹੁੰਚਣ ਅਤੇ ਦੁਸਮਣ ਨੂੰ ਫੈਸਲਾਕੁੰਨ ਤੌਰ 'ਤੇ ਹਰਾਉਣ ਦੇ ਯੋਗ ਬਣਾਇਆ। ਇਸ ਗੋਲਾਬਾਰੀ ਦੀ ਤਾਕਤ ਤੋਂ ਬਿਨਾਂ ਉਨ੍ਹਾਂ ਵੱਲੋਂ ਦੁਸਮਣ ਦਾ ਮੁਕਾਬਲਾ ਕਰਨਾ ਔਖਾ ਹੋਣਾ ਸੀ। ਇੰਨਾ ਹੀ ਨਹੀਂ, 12 ਜੂਨ ਨੂੰ ਤੋਲੋਲਿੰਗ ਅਤੇ ਫਿਰ 7 ਜੁਲਾਈ ਨੂੰ ਪਿੰਪਲ- ਵਿਖੇ ਪੁਆਇੰਟ 4875 ਕੰਪਲੈਕਸ ਵਿੱਚ ਹੋਏ ਦੋ ਕੰਪਨੀ ਹਮਲਿਆਂ ਦੌਰਾਨ ਕੰਪਨੀ ਕਮਾਂਡਰ ਸਹੀਦ ਹੋ ਗਏ ਤਾਂ ਅੱਗੇ ਤਾਇਨਾਤ ਫਾਰਵਰਡ ਆਬਜਰਵੇਸਨ ਅਫਸਰਾਂ ਨੇ ਖੁਦ ਕੰਪਨੀਆਂ ਦੀ ਕਮਾਂਡ ਸੰਭਾਲੀ ਅਤੇ ਉਨ੍ਹਾਂ ਨੂੰ ਸਫਲਤਾ ਦਿਵਾਈ।

ਦੁਨੀਆ ਦੀਆਂ ਸਭ ਤੋਂ ਉੱਨਤ ਫੌਜਾਂ ਖਾਸਕਰ ਰੂਸ, ਅਮਰੀਕਾ ਅਤੇ ਕੈਨੇਡਾ ਆਦਿ ਵਿੱਚ ਤੋਪਖਾਨੇ ਨੂੰ ਮਾਨਤਾ ਪ੍ਰਾਪਤ ਲੜਾਕੂ ਅੰਗ ਮੰਨਿਆ ਜਾਂਦਾ ਹੈ। ਹਿੰਦੋਸਤਾਨੀ ਉਪ-ਮਹਾਂਦੀਪ ਦੀ ਸੱਤਾ 'ਤੇ ਕਾਬਜ ਬਰਤਾਨਵੀਆਂ ਨੇ ਉਦੋਂ ਤੋਪਖਾਨੇ ਨੂੰ ਸਹਾਇਕ ਅੰਗ ਦਾ ਦਰਜਾ ਦਿੱਤਾ ਸੀ। ਇਸ ਵਿਰਾਸਤ ਨੂੰ ਆਜਾਦ ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਅੱਗੇ ਤੋਰਿਆ।

ਗੋਲਾਬਾਰੀ ਦੀ ਤਾਕਤ ਦੀ ਅਹਿਮੀਅਤ ਨੂੰ ਸਮਝਦਿਆਂ ਪਾਕਿਸਤਾਨ ਨੇ ਤਾਂ ਤੋਪਖਾਨੇ ਨੂੰ ਤੁਰੰਤ ਲੜਾਕੂ ਅੰਗ ਦਾ ਦਰਜਾ ਦੇ ਦਿੱਤਾ ਜਦੋਂਕਿ ਭਾਰਤੀ ਫੌਜ ਅਜੇ ਵੀ ਇਸ ਮਾਮਲੇ ਵਿੱਚ ਟਾਲ-ਮਟੋਲ ਕਰ ਰਹੀ ਹੈ। ਅਜੋਕੀਆਂ ਜੰਗਾਂ ਵਿੱਚ ਗੋਲਾਬਾਰੀ ਦੀ ਤਾਕਤ ਜਾਨੀ-ਮਾਲੀ ਨੁਕਸਾਨ ਨੂੰ ਬਹੁਤ ਘਟਾਉਂਦਿਆਂ ਬਾਜੀ ਆਪਣੇ ਪੱਖ ਵਿੱਚ ਪਲਟਣ ਵਿੱਚ ਨਿਵੇਕਲੀ ਭੂਮਿਕਾ ਨਿਭਾਉਂਦੀ ਹੈ। ਗੋਲਾਬਾਰੀ ਅਤੇ ਫੌਜੀ ਹਰਕਤ (ਫਾਇਰ ਐਂਡ ਮੈਨੂਵਰ) ਦਾ ਪੁਰਾਣਾ ਸਿਧਾਂਤ ਵੀ ਹੁਣ ਬਦਲ ਰਿਹਾ ਹੈ। ਹੁਣ ਫੌਜ ਦੀ ਹਰਕਤ ਜਾਂ ਘੇਰਾਬੰਦੀ ਦਾ ਮਕਸਦ ਸਿਰਫ ਗੋਲਾਬਾਰੀ ਰਾਹੀਂ ਬਣੇ ਮੌਕੇ ਦਾ ਲਾਭ ਉਠਾਉਣਾ ਹੁੰਦਾ ਹੈ, ਨਾ ਕਿ ਇਸ ਤੋਂ ਉਲਟ। ਜੰਗ ਦੇ ਅੰਤ ਵਿੱਚ ਲੈਫਟੀਨੈਂਟ ਜਨਰਲ ਕਿਸਨ ਪਾਲ ਨੇ ਬਿਨਾਂ ਕਿਸੇ ਝਿਜਕ ਤੋਂ ਤੋਪਖਾਨੇ ਨੂੰ ਇੱਕ ਲੜਾਕੂ ਅੰਗ ਵਜੋਂ ਸਵੀਕਾਰ ਕੀਤਾ ਅਤੇ ਜੋਰ ਦੇ ਕੇ ਕਿਹਾ ਕਿ 'ਗੰਨਰਾਂ (ਤੋਪਚੀਆਂ) ਨੇ ਇੱਕ ਵਾਰ ਫਿਰ ਜੰਗ ਦੇ ਮੈਦਾਨ ਵਿੱਚ ਗੋਲਾਬਾਰੀ ਦੀ ਤਾਕਤ ਦਾ ਰਣਨੀਤਕ ਦਬਦਬਾ ਸਾਬਿਤ ਕਰ ਦਿੱਤਾ ਹੈ ਅਤੇ ਆਪਣੀ ਬਹਾਦਰੀ ਤੇ ਪੇਸੇਵਰ ਮੁਹਾਰਤ ਸਦਕਾ ਦੇਸ ਦਾ ਮਾਣ ਵਧਾਇਆ ਹੈ'। ਉਨ੍ਹਾਂ ਦੀ ਇਹ ਦੂਰਅੰਦੇਸੀ ਜੰਗ ਦੇ ਬਦਲਦੇ ਸਰੂਪ ਤੋਂ ਪੂਰੀ ਤਰ੍ਹਾਂ ਸਹੀ ਸਾਬਿਤ ਹੁੰਦੀ ਹੈ। ਜੰਗ ਦੇ ਮੈਦਾਨ ਵਿੱਚ ਗੋਲਾਬਾਰੀ ਵੱਲ ਵਧ ਰਹੇ ਇਸ ਰੁਝਾਨ ਦੀ ਉਦਾਹਰਣ ਸਤੰਬਰ 2020 ਦੀ ਅਜਰਬਾਇਜਾਨ-ਅਰਮੀਨੀਆ ਜੰਗ ਵਿੱਚ ਦੇਖਣ ਨੂੰ ਮਿਲੀ, ਜਿੱਥੇ ਹਥਿਆਰਬੰਦ ਡਰੋਨਾਂ ਨੇ ਬਾਜੀ ਅਜਰਬਾਇਜਾਨ ਦੇ ਪੱਖ ਵਿੱਚ ਪਲਟ ਦਿੱਤੀ ਸੀ। ਸਾਲ 2022 ਤੋਂ ਚੱਲ ਰਹੀ ਰੂਸ-ਯੂਕਰੇਨ ਜੰਗ ਵੱਡੇ ਪੱਧਰ 'ਤੇ ਫੌਜਾਂ ਦੇ ਕੂਚ ਅਤੇ ਦਾਅਪੇਚਾਂ ਨਾਲ ਸੁਰੂ ਹੋਈ ਸੀ, ਜੋ ਸਮੇਂ ਨਾਲ ਆਪਣੀ ਉਸ ਸੁਰੂਆਤੀ ਰਫਤਾਰ ਨੂੰ ਗੁਆ ਬੈਠੀ ਅਤੇ ਆਖਰ ਇੱਕ-ਦੂਜੇ 'ਤੇ ਗੋਲਾਬਾਰੀ ਕਰਨ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਭਾਰਤ ਅਤੇ ਪਾਕਿਸਤਾਨ ਵਿਚਕਾਰ 7 ਤੋਂ 10 ਮਈ 2025 ਤੱਕ ਚੱਲੀ ਚਾਰ ਦਿਨਾਂ ਦੀ ਕਾਰਵਾਈ 'ਅਪਰੇਸ਼ਨ ਸਿੰਧੂਰ' ਪੂਰੀ ਤਰ੍ਹਾਂ ਗੋਲਾਬਾਰੀ, ਮਿਜਾਈਲਾਂ ਅਤੇ ਤੋਪਖਾਨੇ ਉੱਤੇ ਹੀ ਨਿਰਭਰ ਸੀ। ਅਮਰੀਕਾ-ਇਰਾਨ ਜੰਗ ਵਿੱਚ ਵੀ ਪੂਰਾ ਧਿਆਨ ਵੱਖ-ਵੱਖ ਪਲੇਟਫਾਰਮਾਂ ਰਾਹੀਂ ਕੀਤੀ ਜਾਣ ਵਾਲੀ ਗੋਲਾਬਾਰੀ, ਐਨ ਟਿਕਾਣੇ 'ਤੇ ਲੱਗਣ ਵਾਲੀਆਂ ਮਿਜਾਈਲਾਂ, ਰਾਕੇਟਾਂ ਅਤੇ ਡਰੋਨਾਂ ਉੱਤੇ ਹੀ ਰਿਹਾ ਹੈ।

ਕਾਰਗਿਲ ਯੁੱਧ ਵਿੱਚ ਤੋਪਖਾਨੇ ਦੇ ਸਾਨਦਾਰ ਯੋਗਦਾਨ ਤੋਂ ਪ੍ਰੇਰਿਤ ਹੋ ਕੇ ਦਿੱਲੀ ਵਿੱਚ ਫੌਜ ਦੇ ਮੁੱਖ ਹੈੱਡਕੁਆਰਟਰ ਵਿੱਚ ਤੋਪਖਾਨੇ ਨੂੰ ਲੜਾਕੂ ਅੰਗ ਦਾ ਦਰਜਾ ਦੇਣ ਲਈ ਜੋਰਦਾਰ ਮੰਗ ਉੱਠੀ ਸੀ। ਫਿਰ ਅਚਾਨਕ ਪਾਸਾ ਪਲਟਦਿਆਂ ਉੱਚ ਫੌਜੀ ਲੀਡਰਸਿਪ ਨੇ ਇਸ ਵਿਚਾਰ ਦਾ ਸਮਰਥਨ ਨਹੀਂ ਕੀਤਾ ਅਤੇ ਇਸ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ। ਕਾਰਗਿਲ ਜੰਗ ਲੜਨ ਵਾਲੇ ਜਨਰਲ ਅਫਸਰਾਂ ਅਤੇ ਭਾਰਤੀ ਫੌਜ ਦੇ ਆਮ ਜਵਾਨਾਂ ਵੱਲੋਂ ਤੋਪਖਾਨੇ ਦੇ ਸਾਨਦਾਰ ਯੋਗਦਾਨ ਬਾਰੇ ਦਿੱਤੇ ਗਏ ਸਾਰੇ ਮਜਬੂਤ ਤੇ ਸਕਾਰਾਤਮਕ ਬਿਆਨ ਫੌਜ ਦੇ ਮੁੱਖ ਹੈੱਡਕੁਆਰਟਰ ਵਿੱਚ ਬੈਠੇ ਅਧਿਕਾਰੀਆਂ ਨੂੰ ਉਸੇ ਰੂਪ ਵਿੱਚ ਪ੍ਰਭਾਵਿਤ ਨਹੀਂ ਕਰ ਸਕੇ। ਭਾਰਤ ਦੀ ਉੱਚ ਫੌਜੀ ਲੀਡਰਸਿਪ ਆਪਣੇ ਰਵਾਇਤੀ ਨਜਰੀਏ ਕਾਰਨ ਜੰਗ ਦੇ ਮੈਦਾਨ ਦੀਆਂ ਅਸਲ ਜਮੀਨੀ ਹਕੀਕਤਾਂ ਨੂੰ ਦਰਕਿਨਾਰ ਕਰ ਰਹੀ ਜਾਪਦੀ ਹੈ। ਜਾਪਦਾ ਹੈ ਕਿ ਉਨ੍ਹਾਂ ਦੇ ਇਹ ਖਦਸੇ ਆਪਣੇ ਵਿਸੇਸ ਅਧਿਕਾਰ ਖੇਤਰ ਦੇ ਘੱਟ ਹੋਣ ਦੇ ਡਰੋਂ ਪੈਦਾ ਹੋਏ ਸਨ। ਇਹ ਰੁਝਾਨ ਸਾਂਤੀ ਦੇ ਸਮੇਂ ਵੀ ਵੱਡੇ ਪੱਧਰ 'ਤੇ ਮਾੜੇ ਪ੍ਰਭਾਵ ਛੱਡਦਾ ਹੈ, ਜਿੱਥੇ ਤਰੱਕੀਆਂ ਅਤੇ ਰੁਤਬੇ ਦੇ ਮਾਮਲੇ ਵਿੱਚ ਕੰਬੈਟ ਆਰਮਜ ਨੂੰ ਲੜਾਕੂ ਸਹਾਇਕ ਅੰਗਾਂ ਨਾਲੋਂ ਜਿਆਦਾ ਤਰਜੀਹ ਮਿਲਦੀ ਹੈ। ਇੱਥੋਂ ਤੱਕ ਕਿ ਲੜਾਕੂ ਸਹਾਇਕ ਅੰਗਾਂ ਦੇ ਔਸਤ ਤੋਂ ਉੱਪਰ (ਬਿਹਤਰ) ਕਾਰਗੁਜਾਰੀ ਵਾਲੇ ਅਫਸਰ ਨੂੰ ਪਿੱਛੇ ਛੱਡ ਕੇ ਲੜਾਕੂ ਅੰਗਾਂ ਦਾ ਇੱਕ ਸਾਧਾਰਨ ਅਫਸਰ ਵੀ ਬਾਜੀ ਮਾਰ ਜਾਂਦਾ ਹੈ ਅਤੇ ਉਸ ਨੂੰ ਅਹਿਮ ਕੋਰਸਾਂ ਤੇ ਉੱਚ ਅਹੁਦਿਆਂ ਦੀਆਂ ਤਰੱਕੀਆਂ ਲਈ ਤਰਜੀਹ ਦਿੱਤੀ ਜਾਂਦੀ ਹੈ।

ਸਾਬਕਾ ਡਾਇਰੈਕਟਰ ਜਨਰਲ ਔਫ ਆਰਟਿਲਰੀ, ਲੈਫਟੀਨੈਂਟ ਜਨਰਲ ਕੇ ਐੱਸ ਰਾਓ ਦੀ ਇੱਕ ਦਿਲਚਸਪ ਟਿੱਪਣੀ ਦਾ ਜਿਕਰ ਕਰਨਾ ਬਣਦਾ ਹੈ, "ਦੂਜਾ ਸਭ ਤੋਂ ਵੱਡਾ ਲੜਾਕੂ ਅੰਗ ਹੋਣ ਨਾਤੇ ਤੋਪਖਾਨਾ ਅਫਸਰਾਂ ਦੇ ਕਾਡਰ ਦਾ 28 ਫੀਸਦੀ ਹਿੱਸਾ ਹੈ ਜਦੋਂਕਿ ਪੈਦਲ ਸੈਨਾ (ਇਨਫੈਂਟਰੀ) 40 ਫੀਸਦੀ। ਜਦੋਂ ਲੈਫਟੀਨੈਂਟ ਜਨਰਲਾਂ ਦੀ ਗੱਲ ਆਉਂਦੀ ਹੈ ਤਾਂ ਮੌਜੂਦਾ ਸਮੇਂ ਵਿੱਚ ਪੈਦਲ ਸੈਨਾ ਦੇ 57 ਜਨਰਲ ਹਨ ਜਦੋਂਕਿ ਤੋਪਖਾਨੇ ਦੇ ਹਿੱਸੇ ਮਹਿਜ ਚਾਰ ਜਨਰਲ ਹੀ ਆਏ ਹਨ।" ਇਹ ਅਸੰਤੁਲਨ ਹੈਰਾਨੀਜਨਕ ਹੈ, ਜਿਸ ਨੂੰ ਦੂਰ ਕੀਤੇ ਜਾਣ ਦੀ ਲੋੜ ਹੈ। ਫਾਇਰਪਾਵਰ ਦੇ ਦਬਦਬੇ ਵਾਲੇ ਇਸ ਦੌਰ ਵਿੱਚ ਗੋਲਾਬਾਰੀ ਦੇ ਮਾਹਿਰਾਂ ਨੂੰ ਸਿਖਰਲੇ ਪੱਧਰ ਦੀ ਰਣਨੀਤਕ ਯੋਜਨਾਬੰਦੀ ਤੋਂ ਬਾਹਰ ਰੱਖਣਾ ਦੇਸ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਿਆਂ ਗੰਭੀਰ ਕਮਜੋਰੀਆਂ ਪੈਦਾ ਕਰ ਸਕਦਾ ਹੈ। ਸਿੱਟੇ ਵਜੋਂ ਅਜੋਕੇ ਦੌਰ ਵਿੱਚ ਤੋਪਖਾਨਾ ਇੱਕ ਰਣਨੀਤਕ ਹਥਿਆਰ ਦਾ ਰੂਪ ਧਾਰ ਚੁੱਕਾ ਹੈ ਅਤੇ ਜੰਗਾਂ ਦਾ ਫੈਸਲਾ ਮੁੱਖ ਤੌਰ 'ਤੇ ਤੋਪਖਾਨੇ ਰਾਹੀਂ ਹੀ ਹੋਣ ਲੱਗਾ ਹੈ ਤਾਂ ਇਸ ਨੂੰ ਸਹਾਇਕ ਲੜਾਕੂ ਅੰਗ ਗਰਦਾਨਣਾ ਵੱਡੀ ਗਲਤੀ ਹੋਵੇਗੀ। ਫੌਜੀ ਉੱਚ-ਕਮਾਂਡ ਨੂੰ ਆਪਣੇ ਇਸ ਅਵੇਸਲੇਪਣ ਵਿੱਚੋਂ ਬਾਹਰ ਨਿਕਲਣਾ ਚਾਹੀਦਾ ਹੈ ਅਤੇ ਦੁਨੀਆ ਭਰ ਵਿੱਚ ਲੜੀਆਂ ਗਈਆਂ ਜੰਗਾਂ ਕਾਰਗਿਲ, ਅਰਮੀਨੀਆ-ਅਜਰਬਾਇਜਾਨ ਜੰਗ, ਰੂਸ-ਯੂਕਰੇਨ ਜੰਗ, ਅਪਰੇਸ਼ਨ ਸਿੰਧੂਰ ਅਤੇ ਅਮਰੀਕਾ-ਇਰਾਨ ਜੰਗ ਤੋਂ ਸਬਕ ਲੈ ਕੇ ਆਪਣੀਆਂ ਹਥਿਆਰਬੰਦ ਸੈਨਾਵਾਂ ਦਾ ਪੁਨਰਗਠਨ ਕਰਨਾ ਚਾਹੀਦਾ ਹੈ ਅਤੇ ਤੋਪਖਾਨੇ ਨੂੰ ਪੂਰੇ ਲੜਾਕੂ ਅੰਗ ਦਾ ਦਰਜਾ ਦੇਣਾ ਚਾਹੀਦਾ ਹੈ। ਇਹ ਕਦਮ ਅਪਰੇਸ਼ਨਲ ਅਤੇ ਵਿੱਤੀ ਤੌਰ 'ਤੇ ਇੱਕ ਵੱਡੀ ਛਾਲ ਹੋਵੇਗਾ, ਜੋ ਫੌਜੀ ਮਾਮਲਿਆਂ ਵਿੱਚ ਇਸ ਨੂੰ ਵਿੱਤੀ ਪੱਖ ਤੋਂ ਸਭ ਨਾਲੋਂ ਵੱਧ ਪ੍ਰਭਾਵਸਾਲੀ ਸੁਧਾਰ ਬਣਾ ਦੇਵੇਗਾ। ਜੰਗ ਦੇ ਬਦਲਦੇ ਰੁਝਾਨਾਂ ਦੇ ਮੱਦੇਨਜਰ ਕੁਝ ਹੀ ਸਮੇਂ ਵਿੱਚ ਤੋਪਖਾਨਾ ਆਪਣੇ ਬਣਦੇ ਹੱਕ ਵਜੋਂ ਪ੍ਰਮੁੱਖ ਲੜਾਕੂ ਅੰਗ ਦਾ ਦਰਜਾ ਹਾਸਲ ਕਰ ਲਵੇਗਾ। ਜਿੰਨੀ ਜਲਦੀ ਅਜਿਹਾ ਹੋ ਸਕੇ, ਓਨਾ ਹੀ ਚੰਗਾ ਹੋਵੇਗਾ।

ਲਖਵਿੰਦਰ ਸਿੰਘ

ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

# ਜੈੱਨ-ਜ਼ੀ ਦੀ ਬਗਾਵਤ ਤੇ ਸਿਆਸਤ ਦੀ ਨਵੀਂ ਤਸਵੀਰ

ਪਿਛਲੇ ਇੱਕ ਹਫਤੇ ਦੌਰਾਨ ਦੇਸ ਭਰ ਦੇ ਹਜਾਰਾਂ ਵਿਦਿਆਰਥੀਆਂ ਨੇ ਪੂਰੇ ਮੁਲਕ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ ਅਤੇ ਇਸ ਵਿੱਚ ਸਫਲ ਵੀ ਰਹੇ ਹਨ। ਉਨ੍ਹਾਂ ਨੇ ਡਰ 'ਤੇ ਕਾਬੂ ਪਾਉਂਦਿਆਂ ਅਤੇ ਆਪਣੀਆਂ ਚਿੰਤਾਵਾਂ ਲਾਂਭੇ ਰੱਖਦਿਆਂ ਭੁੱਖ ਹੜਤਾਲਾਂ ਕੀਤੀਆਂ, ਰੋਸ ਮਾਰਚ ਕੱਢੇ, ਖੁਦ 'ਤੇ ਹੱਸੇ, ਅੰਬੇਡਕਰ, ਗਾਂਧੀ ਤੇ ਚੀ ਗਵੇਰਾ ਦੀਆਂ ਤਸਵੀਰਾਂ ਹੱਥਾਂ 'ਚ ਲਹਿਰਾਈਆਂ ਅਤੇ ਸਭ ਤੋਂ ਵੱਡੀ ਗੱਲ ਸਮੁੱਚੇ ਸਿਆਸੀ ਤਬਕੇ ਨੂੰ ਚੌਕਸ ਕਰ ਦਿੱਤਾ।

ਕਾਂਗਰਸ ਵੀ ਪੂਰੇ ਉਤਸਾਹ ਵਿੱਚ ਹੈ। ਰਾਹੁਲ ਗਾਂਧੀ ਨੇ ਤਾਂ ਇਸੇ ਹਫਤੇ ਦੇ ਸੁਰੂ ਵਿੱਚ ਪ੍ਰਧਾਨ ਮੰਤਰੀ ਮੋਦੀ ਦੀ ਰਿਹਾਇਸ ਅੱਗੇ ਧਰਨਾ ਵੀ ਦਿੱਤਾ, ਜਿੱਥੋਂ ਉਨ੍ਹਾਂ ਅਤੇ ਪ੍ਰਿਅੰਕਾ ਨੂੰ ਹਿਰਾਸਤ ਵਿੱਚ ਲੈ ਕੇ ਕੁਝ ਸਮੇਂ ਲਈ ਦੋ ਵੱਖ-ਵੱਖ ਥਾਣਿਆਂ ਵਿੱਚ ਰੱਖਿਆ ਗਿਆ। ਵੀਰਵਾਰ ਸਾਮ ਤੱਕ 'ਇੰਡੀਆ' ਗੱਠਜੋੜ (ਜਿੰਨਾ ਕੁ ਵੀ ਇਹ ਬਾਕੀ ਬਚਿਆ ਹੈ) ਇੱਕਜੁੱਟ ਹੋਇਆ ਅਤੇ ਇੱਕ ਬੱਸ ਵਿੱਚ ਸਵਾਰ ਹੋ ਕੇ 'ਗਾਂਧੀ ਸਮ੍ਰਿਤੀ' ਵੱਲ ਰਵਾਨਾ ਹੋ ਗਿਆ। ਜੇਕਰ ਅੰਦੋਲਨ ਕਰ ਰਹੇ ਵਿਦਿਆਰਥੀਆਂ ਦੀ ਪਹਿਲੀ ਸਫਲਤਾ ਮੋਦੀ ਸਰਕਾਰ ਖਿਲਾਫ ਆਪਣੇ ਮਹੀਨਾ ਭਰ ਚੱਲੇ ਸੰਘਰਸ ਨੂੰ ਨਿਰੰਤਰ ਜਾਰੀ ਰੱਖਣਾ ਰਹੀ ਹੈ ਤਾਂ ਦੂਜੀ ਵੱਡੀ ਪ੍ਰਾਪਤੀ ਵਿਰੋਧੀ ਧਿਰ ਦੇ ਨੇਤਾ ਦਾ ਧਿਆਨ ਇਸ ਪਾਸੇ ਕੇਂਦਰਿਤ ਕਰਵਾਉਣਾ ਹੈ। ਇਹ ਦੂਜੀ ਪ੍ਰਾਪਤੀ ਵੀ ਕੋਈ ਛੋਟੀ-ਮੋਟੀ ਗੱਲ ਨਹੀਂ ਹੈ। ਰਾਹੁਲ ਨੇ 'ਨੀਟ' () ਮਾਮਲੇ 'ਤੇ ਵਿਦਿਆਰਥੀਆਂ ਦੇ ਹੱਕ 'ਚ ਪ੍ਰਦਰਸਨ ਕਰਨ ਦਾ ਵਾਅਦਾ ਕੀਤਾ ਸੀ, ਪਰ ਫਿਰ ਉਹ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਚਲੇ ਗਏ।

ਉਹ ਇੱਕ ਮਹੀਨੇ ਬਾਅਦ ਵਾਪਸ ਪਰਤੇ ਤਾਂ ਉਨ੍ਹਾਂ ਨੂੰ ਇਹ ਅਹਿਸਾਸ ਹੋਇਆ ਕਿ ਦੇਸ ਦੇ ਹੋਰਨਾਂ ਹਿੱਸਿਆਂ ਵਿੱਚ 'ਛਾਤਰੋਂ ਕੀ ਗੂੰਜ' ਪ੍ਰੋਗਰਾਮਾਂ ਦਾ ਉਹ ਅਸਰ ਨਹੀਂ ਹੋ ਰਿਹਾ ਸੀ। ਇਸ ਇੱਕ ਮਹੀਨੇ ਦੌਰਾਨ ਪੰਜਾਬ ਸਮੇਤ ਪੂਰੇ ਦੇਸ ਵਿੱਚ ਕਾਂਗਰਸ ਦੀ ਸਿਆਸਤ ਠੱਪ ਪਈ ਰਹੀ ਅਤੇ ਪਾਰਟੀ ਦੇ ਕਿਸੇ ਵੀ ਹੋਰ ਆਗੂ ਨੇ ਇਸ ਪਾਸੇ ਧਿਆਨ ਦੇਣ ਦੀ ਜਹਿਮਤ ਨਹੀਂ ਉਠਾਈ। ਇਸੇ ਦੌਰਾਨ ਸੰਘਰਸ ਦਾ ਕੇਂਦਰ ਬਿੰਦੂ ਦਿੱਲੀ ਦੇ ਦਿਲ 'ਜੰਤਰ-ਮੰਤਰ' ਵਿੱਚ ਤਬਦੀਲ ਹੋ ਚੁੱਕਾ ਸੀ। ਵੀਹ ਜੁਲਾਈ ਦੇ ਸੰਸਦ ਮਾਰਚ ਨੇ ਇਸ ਗੱਲ 'ਤੇ ਪੱਕੀ ਮੋਹਰ ਲਾ ਦਿੱਤੀ। 2014 ਤੋਂ ਬਾਅਦ ਪਹਿਲੀ ਵਾਰ ਹੋਇਆ ਹੈ ਕਿ ਵਿਰੋਧੀ ਧਿਰ ਦੇ ਸੰਕਲਪ ਵਿੱਚ ਜਾਨ ਫੂਕਣ ਦੇ ਮਾਮਲੇ ਵਿੱਚ ਸੜਕੀ ਸੰਘਰਸ ਸਿਆਸੀ ਪਾਰਟੀਆਂ ਤੋਂ ਵੀ ਅੱਗੇ ਲੰਘ ਗਿਆ ਹੈ। ਜਿਵੇਂ 2011 ਵਿੱਚ ਲੋਕਪਾਲ ਲਈ ਅੰਨਾ ਹਜਾਰੇ ਦਾ ਅੰਦੋਲਨ ਹੋਇਆ ਸੀ, ਉਸੇ ਤਰ੍ਹਾਂ 2012 ਦਾ 'ਨਿਰਭਯਾ' ਅੰਦੋਲਨ ਹੁਣ ਇੱਕ ਧੁੰਦਲੀ ਯਾਦ ਬਣ ਕੇ ਰਹਿ ਗਿਆ ਹੈ, ਜਦੋਂ ਬੱਸ ਵਿੱਚ ਲੜਕੀ ਨਾਲ ਹੋਏ ਸਮੂਹਿਕ ਜਬਰ-ਜਨਾਹ ਦਾ ਰੋਸ ਜਤਾ ਰਹੀਆਂ ਦਿੱਲੀ ਦੀਆਂ ਔਰਤਾਂ 'ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ




ਸਨ। ਨਾ ਹੀ 2020 ਦੇ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਪ੍ਰਦਰਸਨ ਨੂੰ ਇਸ ਵਿੱਚ ਗਿਣਿਆ ਜਾ ਸਕਦਾ ਹੈ ਕਿਉਂਕਿ ਉਹ ਹਿੰਦੂ-ਮੁਸਲਿਮ ਫਸਾਦਾਂ ਦੀ ਭੇਟ ਚੜ੍ਹ ਗਿਆ ਸੀ ਅਤੇ ਉਸ ਵਿੱਚ 53 ਲੋਕ ਮਾਰੇ ਗਏ ਸਨ। ਦੂਜੇ ਪਾਸੇ, ਸੋਮਵਾਰ ਦੇ ਮਾਰਚ ਵਿੱਚ ਪੈਲੇਟ ਗੰਨ ਦੇ ਛੱਰ੍ਹਿਆਂ ਵਾਲੀਆਂ ਸੱਟਾਂ ਕਾਰਨ ਦਿੱਲੀ ਵਿੱਚ ਕਸਮੀਰ ਵਰਗੇ ਹਾਲਾਤ ਦੀ ਝਲਕ ਦੇਖਣ ਨੂੰ ਮਿਲੀ। ਇਸ ਦੇ ਨਾਲ-ਨਾਲ ਪੱਥਰਬਾਜੀ, ਅੱਥਰੂ ਗੈਸ ਅਤੇ ਲਾਠੀਚਾਰਜ ਵੀ ਹੋਇਆ ਪਰ ਇਸ ਸਭ ਦੇ ਬਾਵਜੂਦ ਵਿਦਿਆਰਥੀਆਂ ਨੇ ਆਪਣੀ ਉਮਰ ਤੋਂ ਕਿਤੇ ਵੱਧ ਹੌਸਲੇ ਅਤੇ ਸੰਜਮ ਦਾ ਮੁਜਾਹਰਾ ਕੀਤਾ। ਪੁਲੀਸ ਵਾਲਿਆਂ ਤੋਂ ਬੇਰਹਿਮੀ ਨਾਲ ਕੁੱਟ ਖਾ ਰਹੇ ਇੱਕ ਨੌਜਵਾਨ ਦੀ ਵੀਡੀਓ, ਜਿਸ ਵਿੱਚ ਉਹ ਆਖ ਰਿਹਾ ਹੈ "ਹੋਰ ਮਾਰੋ, ਹੋਰ ਮਾਰੋ" ਨੌਜਵਾਨਾਂ ਦੀ ਇਸ ਅਦੁੱਤੀ ਲਹਿਰ ਦਾ ਪ੍ਰਤੀਕ ਬਣ ਗਈ ਹੈ ਜਿਨ੍ਹਾਂ ਨੇ ਸੰਵਿਧਾਨ ਦੀਆਂ ਕਾਪੀਆਂ ਨੂੰ ਆਪਣੀਆਂ ਢਾਲਾਂ ਵਜੋਂ ਵਰਤਿਆ ਹੈ।

ਭਾਰਤ ਦੀ ਨਵੀਂ ਪੀੜ੍ਹੀ ਨੂੰ ਇਹ ਸਮਝ ਆ ਗਿਆ ਹੈ ਕਿ ਜੇ ਹਜਾਰਾਂ ਲੋਕ ਇਕੱਠੇ ਹੋ ਕੇ ਡਟ ਜਾਣ ਤਾਂ ਬਗਾਵਤ ਆਪ ਹੀ ਇੱਕ ਵੱਡਾ ਹਥਿਆਰ ਬਣ ਜਾਂਦੀ ਹੈ। ਇਹ ਗੱਲ ਸੋਸਲ ਮੀਡੀਆ ਦੀ ਬਿਜਲਈ ਰਫਤਾਰ ਨਾਲ ਪੂਰੇ ਦੇਸ ਵਿੱਚ ਫੈਲ ਚੁੱਕੀ ਹੈ। ਜੇ ਤੁਸੀਂ ਮਿਜੋਰਮ ਵਾਂਗ ਰੋਸ ਗੀਤ ਗਾਉਣ ਲੱਗ ਪਵੋ ਜਾਂ ਹੁੱਡੀ ਪਾਈ ਇੱਕ ਮੁਟਿਆਰ ਇਕੱਲੀ ਹੀ ਪ੍ਰਦਰਸਨਕਾਰੀਆਂ ਨਾਲ ਭਰੀ ਮੁੰਬਈ ਪੁਲੀਸ ਦੀ ਗੱਡੀ ਅੱਗੇ ਅੜ ਕੇ ਖੜ੍ਹ ਜਾਵੇ ਤਾਂ ਅਜਿਹੇ ਵਿੱਚ ਹਕੂਮਤ ਕਰ ਵੀ ਕੀ ਸਕਦੀ ਹੈ ? ਜਦੋਂ 'ਇੰਡੀਆ ਟੂਡੇ' ਨੇ ਪੁੱਛਿਆ ਕਿ ਕਿਸੇ ਸਿਆਸੀ ਪਾਰਟੀ ਜਰੀਏ ਬਦਲਾਅ ਲਿਆਉਣ ਦੀ ਬਜਾਏ ਮੌਜ-ਮਸਤੀ ਲਈ ਜਾਣੀ ਜਾਂਦੀ ਇਹ ਨਵੀਂ ਪੀੜ੍ਹੀ ਆਖਰਕਾਰ ਹੁਣ ਪਰਵਾਹ ਕਿਉਂ ਕਰਨ ਲੱਗੀ ਹੈ ਤਾਂ ਉਸ ਮੁਟਿਆਰ ਨੇ ਜਵਾਬ ਦਿੱਤਾ, "ਸਾਡੀ ਵਿੱਚ '' ਦਾ ਮਤਲਬ 'ਜਿੱਦੀ' ਹੈ ਅਤੇ ਅਸੀਂ ਇਹੀ ਹਾਂ।" ਇਨ੍ਹਾਂ ਭਾਰਤੀ ਨੌਜਵਾਨਾਂ ਦੀ ਖਾਸ ਗੱਲ ਇਹ ਹੈ ਕਿ ਇਹ ਨੇਪਾਲ ਅਤੇ ਬੰਗਲਾਦੇਸ ਦੇ ਉਨ੍ਹਾਂ ਨੌਜਵਾਨਾਂ ਵਰਗੇ ਨਹੀਂ ਹਨ, ਜਿਨ੍ਹਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਆਪਣੀਆਂ ਸਰਕਾਰਾਂ ਦੇ ਤਖਤੇ ਪਲਟ ਦਿੱਤੇ ਸਨ। ਇਨ੍ਹਾਂ ਨੂੰ ਮੋਦੀ ਨੂੰ ਸੱਤਾ ਤੋਂ ਲਾਂਭੇ ਕਰਨ ਜਾਂ ਕਾਂਗਰਸ ਨੂੰ ਵਾਪਸ ਲਿਆਉਣ ਨਾਲ ਸਾਇਦ ਕੋਈ ਬਹੁਤਾ ਫਰਕ ਨਹੀਂ ਪੈਂਦਾ। ਇਹ ਤਾਂ ਬੱਸ ਇਸ ਭ੍ਰਿਸਟ ਅਤੇ ਅੜੀਅਲ ਨਿਜਾਮ ਤੋਂ ਅੱਕ ਚੁੱਕੇ ਹਨ, ਜੋ ਬਦਲਾਅ ਮੰਨਣ ਨੂੰ ਤਿਆਰ ਹੀ ਨਹੀਂ।

ਇਨ੍ਹਾਂ ਨੌਜਵਾਨਾਂ ਦਾ ਕਹਿਣਾ ਹੈ ਕਿ ਜਦੋਂ ਮੋਦੀ ਜੀ ਪਹਿਲੀ ਵਾਰ ਪ੍ਰਧਾਨ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ "ਨਾ ਖਾਊਂਗਾ, ਨਾ ਖਾਨੇ ਦੂੰਗਾ" ਦਾ ਨਾਅਰਾ ਦੇ ਕੇ ਆਸ ਬੰਨ੍ਹਾਈ ਸੀ, ਪਰ ਹਾਲਾਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਏ ਹਨ। ਘਟਦੇ ਮੌਕਿਆਂ ਅਤੇ ਡਿੱਗਦੀ ਆਮਦਨ ਕਾਰਨ ਨੌਜਵਾਨਾਂ ਵਿੱਚ ਪਹਿਲਾਂ ਹੀ ਡੂੰਘੀ ਨਿਰਾਸਾ ਸੀ ਅਤੇ ਨੀਟ ਪੇਪਰ ਲੀਕ ਮਾਮਲੇ ਨੇ ਇਸ ਵਿੱਚ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਦੂਜੇ ਪਾਸੇ ਅਮੀਰ ਹੋਰ ਅਮੀਰ ਹੁੰਦੇ ਗਏ। ਨਵੀਂ ਪੀੜ੍ਹੀ ਨੂੰ ਲੱਗਣ ਲੱਗ ਪਿਆ ਕਿ ਉਹ ਬਿਨਾਂ ਕਿਸੇ ਮੰਜਿਲ ਦੇ ਬੱਸ ਹੱਥ-ਪੈਰ ਹੀ ਮਾਰ ਰਹੀ ਹੈ ਅਤੇ ਸਾਰੇ ਰਸਤੇ ਬੰਦ ਹੋ ਰਹੇ ਹਨ। ਬੇਸੱਕ, ਭਾਜਪਾ ਵੀ ਨਾ ਚਾਹੁੰਦੇ ਹੋਏ ਇਨ੍ਹਾਂ ਦੇ ਪ੍ਰਭਾਵ ਨੂੰ ਸਵੀਕਾਰ ਕਰ ਰਹੀ ਹੈ। ਹੋਰ ਤਾਂ ਹੋਰ, ਖੁਦ ਪ੍ਰਧਾਨ ਮੰਤਰੀ ਨੇ ਸੁੱਕਰਵਾਰ ਅੱਧੀ ਰਾਤ ਤੋਂ ਬਾਅਦ ਇੱਕ ਵੀਡੀਓ-ਸੈਲਫੀ ਪੋਸਟ ਸਾਂਝੀ ਕਰਦਿਆਂ ਸਿੱਖਿਆ ਸੁਧਾਰਾਂ ਦਾ ਭਰੋਸਾ ਦਿੱਤਾ, ਜਿਸ ਤੋਂ ਬਾਅਦ ਸੋਨਮ ਵਾਂਗਚੁਕ ਨੇ ਆਪਣਾ ਮਰਨ-ਵਰਤ ਖਤਮ ਕਰ ਦਿੱਤਾ।

ਇਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਸ ਵਿਦਿਆਰਥੀ ਅੰਦੋਲਨ ਨੇ ਕਾਂਗਰਸ ਵਰਗੀਆਂ ਸਿਆਸੀ ਪਾਰਟੀਆਂ ਵਿੱਚ ਨਵੀਂ ਰੂਹ ਫੂਕ ਦਿੱਤੀ ਹੈ, ਜਿਨ੍ਹਾਂ ਦੀ ਸਿਆਸਤ ਭਾਜਪਾ ਦੀ ਚੋਣ ਮਸੀਨਰੀ ਅੱਗੇ ਦਮ ਤੋੜ ਰਹੀ ਸੀ। ਪਿਛਲੇ ਕੁਝ ਸਮੇਂ ਤੋਂ ਇੱਕ ਤੋਂ ਬਾਅਦ ਇੱਕ ਚੋਣ ਹਾਰਨ ਕਰਕੇ ਦੇਸ ਦੀ ਸਭ ਤੋਂ ਪੁਰਾਣੀ ਪਾਰਟੀ ਦਾ ਆਗੂ ਰਾਹੁਲ ਹੁਣ ਸੱਤਾ ਦਾ ਦਾਅਵੇਦਾਰ ਘੱਟ ਤੇ ਰਾਜ-ਗੱਦੀ ਦਾ ਮਹਿਜ ਦਿਖਾਵੇਦਾਰ ਜਿਆਦਾ ਨਜਰ ਆਉਣ ਲੱਗ ਪਿਆ ਸੀ। ਲੱਗਦਾ ਇਹੀ ਸੀ ਕਿ ਕਾਂਗਰਸ ਭਾਜਪਾ ਦੀ ਦੁਖਦੀ ਰਗ ਲੱਭਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਭਾਜਪਾ ਵਾਂਗ ਕਾਂਗਰਸ ਨੂੰ ਵੀ ਇਹ ਗੱਲ ਸਮਝ ਆ ਗਈ ਹੈ ਕਿ ਨਿਰਾਸਾ ਵਿੱਚੋਂ ਨਿਕਲੀ ਵਿਦਿਆਰਥੀਆਂ ਦੀ ਇਹ ਬਗਾਵਤ ਪੂਰੇ ਦੇਸ ਦੇ ਮਨਾਂ 'ਤੇ ਛਾ ਗਈ ਹੈ। ਜੇ ਅਜਿਹਾ ਨਾ ਹੁੰਦਾ ਤਾਂ ਅਣਪਛਾਤੇ ਲੋਕ ਜੰਤਰ-ਮੰਤਰ 'ਤੇ ਲਗਾਤਾਰ ਖਾਣ-ਪੀਣ ਦਾ ਸਾਮਾਨ ਕਿਉਂ ਭੇਜਦੇ ? ਇਹੋ ਵਜ੍ਹਾ ਹੈ ਕਿ ਕਰਾਚੀ ਤੋਂ ਲੈ ਕੇ ਕਨੈਕਟੀਕਟ ਤੱਕ ਸੋਸਲ ਮੀਡੀਆ 'ਤੇ ਲੋਕ ਇਨ੍ਹਾਂ ਨੌਜਵਾਨਾਂ ਦੀ ਹਿੰਮਤ ਦੀ ਦਾਦ ਦੇ ਰਹੇ ਹਨ, ਜੋ ਸਮਾਜ ਦੇ ਸਭ ਤੋਂ ਹੇਠਲੇ ਪੱਧਰ 'ਤੇ ਹੋਣ ਦੇ ਬਾਵਜੂਦ ਨਿਡਰਤਾ ਨਾਲ ਡਟੇ ਹੋਏ ਹਨ। (ਪਾਕਿਸਤਾਨੀ ਇਹ ਸਭ ਹੈਰਾਨੀ ਨਾਲ ਦੇਖ ਰਹੇ ਹਨ ਅਤੇ ਸਵਾਲ ਕਰ ਰਹੇ ਹਨ ਕਿ ਉਨ੍ਹਾਂ ਵਿੱਚ ਆਪਣੀ ਫੌਜ ਨੂੰ ਲਲਕਾਰਨ ਦਾ ਜੇਰਾ ਕਿਉਂ ਨਹੀਂ, ਜੋ ਵਿਰੋਧ ਕਰਨ ਵਾਲੇ ਵਿਦਿਆਰਥੀਆਂ ਅਤੇ ਆਮ ਲੋਕਾਂ ਨੂੰ ਲਗਾਤਾਰ ਚੁੱਕ ਕੇ ਗਾਇਬ ਕਰਦੀ ਆ ਰਹੀ ਹੈ।)

ਸੋਨਮ ਵਾਂਗਚੁਕ ਵੱਲੋਂ ਮਰਨ-ਵਰਤ ਖਤਮ ਕਰਨ ਨਾਲ ਹੀ ਜੰਤਰ-ਮੰਤਰ ਦਾ ਇਹ ਅੰਦੋਲਨ ਹੁਣ ਅਗਲੇ ਪੜਾਅ ਵਿੱਚ ਦਾਖਲ ਹੋ ਜਾਵੇਗਾ। ਪ੍ਰਧਾਨ ਮੰਤਰੀ ਵੱਲੋਂ ਵਿਦਿਆਰਥੀਆਂ ਨੂੰ ਦਿੱਤਾ ਨਿੱਜੀ ਹੁੰਗਾਰਾ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ, ਭਾਵੇਂ ਕਿ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦਾ ਅਸਤੀਫਾ ਫਿਲਹਾਲ ਇਸ ਚਰਚਾ ਦਾ ਹਿੱਸਾ ਨਹੀਂ ਸੀ। ਪ੍ਰਧਾਨ ਮੰਤਰੀ ਚਾਹੁਣਗੇ ਕਿ ਇਹ ਬਹਿਸ ਵਾਪਸ ਸੰਸਦ ਵਿੱਚ ਪਰਤੇ ਜਿੱਥੇ ਭਾਜਪਾ ਸਥਿਤੀ ਨੂੰ ਆਪਣੇ ਹਿਸਾਬ ਨਾਲ ਚਲਾ ਸਕਦੀ ਹੈ। ਦੂਜੇ ਪਾਸੇ ਰਾਹੁਲ ਗਾਂਧੀ ਇਹ ਗੱਲ ਚੰਗੀ ਤਰ੍ਹਾਂ ਸਮਝ ਚੁੱਕੇ ਹਨ ਕਿ ਜੇਕਰ ਉਹ ਅਤੇ ਉਨ੍ਹਾਂ ਦੀ ਪਾਰਟੀ ਸੜਕੀ ਸੰਘਰਸ ਵਿੱਚ ਡਟੇ ਰਹਿੰਦੇ ਹਨ ਤਾਂ ਉਹ ਆਪਣਾ ਪੱਖ ਲੋਕਾਂ ਤੱਕ ਵਧੇਰੇ ਅਸਰਦਾਰ ਢੰਗ ਨਾਲ ਪਹੁੰਚਾ ਸਕਦੇ ਹਨ।

ਭਾਵੇਂ ਇਹ ਪ੍ਰਦਰਸਨ ਹੌਲੀ-ਹੌਲੀ ਮੱਧਮ ਪੈ ਜਾਣ, ਪਰ ਇਸ ਉਬਾਲ ਨੂੰ ਆਪਣੇ ਹੱਕ ਵਿੱਚ ਭੁਗਤਾਉਣ ਲਈ ਕਾਂਗਰਸ ਅਗਲਾ ਕੀ ਕਦਮ ਚੁੱਕਦੀ ਹੈ, ਇਹ ਬਹੁਤ ਅਹਿਮ ਹੋਵੇਗਾ। ਹੁਣ ਸਭ ਦੀਆਂ ਨਜਰਾਂ ਰਾਹੁਲ ਗਾਂਧੀ 'ਤੇ ਟਿਕੀਆਂ ਹੋਈਆਂ ਹਨ ਕਿ ਕੀ ਉਹ ਜੰਤਰ-ਮੰਤਰ 'ਤੇ ਵਿਦਿਆਰਥੀਆਂ ਦੁਆਰਾ ਲਾਈ ਇਸ ਚਿਣਗ ਨੂੰ ਸੰਭਾਲ ਕੇ ਇਸ ਨੂੰ ਆਪਣੇ ਸਿਆਸੀ ਫਾਇਦੇ ਲਈ ਵਰਤਣ ਵਿੱਚ ਕਾਮਯਾਬ ਹੁੰਦੇ ਹਨ ਜਾਂ ਨਹੀਂ।

ਜਯੋਤੀ ਮਲਹੋਤਰਾ

# ਖੇਤੀ ਸੰਕਟ ਦਾ ਵਕਤੀ ਹੱਲ

ਪੰਜਾਬ 'ਚ ਕਿਸਾਨ ਖੁਦਕੁਸੀਆਂ ਦਾ ਰੁਝਾਨ ਘਟਣਾ ਰਾਹਤ ਵਾਲੀ ਗੱਲ ਹੈ ਪਰ ਇਸ ਨੂੰ ਸਿਰਫ ਇਕ ਅੰਕੜੇ ਵਜੋਂ ਨਹੀਂ ਸਗੋਂ ਇਕ ਡੂੰਘੀ ਸਮਾਜਿਕ-ਆਰਥਿਕ ਘਟਨਾ ਵਜੋਂ ਸਮਝਣਾ ਜਰੂਰੀ ਹੈ। ਤਾਜਾ ਰਿਪੋਰਟ ਅਨੁਸਾਰ ਸਾਲ 2024 'ਚ ਪੰਜਾਬ 'ਚ ਕਿਸਾਨਾਂ ਤੇ ਖੇਤ ਮਜਦੂਰਾਂ ਦੀਆਂ ਖੁਦਕੁਸੀਆਂ ਦੀ ਗਿਣਤੀ ਪਿਛਲੇ ਦਸ ਸਾਲਾਂ 'ਚ ਸਭ ਤੋਂ ਘੱਟ ਰਹੀ ਹੈ। ਸਾਲ 2023 'ਚ ਇਹ ਅੰਕੜਾ 161 ਤੋਂ 174 ਦੇ ਆਸਪਾਸ ਸੀ, ਜੋ ਕਿ 2024 'ਚ ਘਟ ਕੇ 90 ਤੋਂ 127 ਤੱਕ ਆ ਗਿਆ। ਸਾਲ 2019 'ਚ ਇਹ ਗਿਣਤੀ 302 ਸੀ, ਜੋ ਕਿ ਹੁਣ 40 ਫੀਸਦੀ ਘੱਟ ਹੋ ਚੁੱਕੀ ਹੈ। ਇਹ ਗਿਰਾਵਟ ਯਕੀਨਨ ਖੁਸੀ ਦੀ ਗੱਲ ਹੈ ਪਰ ਇਸ ਦੇ ਕਾਰਨਾਂ ਨੂੰ ਸਮਝਣਾ ਤੇ ਇਸ ਨੂੰ ਟਿਕਾਊ ਬਣਾਉਣਾ ਹੋਰ ਵੀ ਅਹਿਮ ਹੈ। ਇਸ ਘਟਾਅ ਦਾ ਇਕ ਮੁੱਖ ਕਾਰਨ ਜਮੀਨਾਂ ਦੇ ਭਾਅ ਵਧਣਾ ਮੰਨਿਆ ਜਾ ਰਿਹਾ ਹੈ। ਪੰਜਾਬ 'ਚ ਖੇਤੀ ਯੋਗ ਜਮੀਨ ਦੀ ਕੀਮਤ ਪਿਛਲੇ ਕੁਝ ਸਾਲਾਂ 'ਚ ਲਗਾਤਾਰ ਵਧੀ ਹੈ। ਬਹੁਤ ਸਾਰੇ ਇਲਾਕਿਆਂ 'ਚ ਇਕ ਏਕੜ ਜਮੀਨ ਦੀ ਕੀਮਤ 20 ਤੋਂ 80 ਲੱਖ ਰੁਪਏ ਤੱਕ ਪਹੁੰਚ ਚੁੱਕੀ ਹੈ ਜਦਕਿ ਸਹਿਰੀ ਖੇਤਰਾਂ ਦੇ ਨੇੜੇ ਇਹ ਕਰੋੜਾਂ 'ਚ ਹੈ। ਜਦੋਂ ਇਕ ਕਿਸਾਨ ਕਰਜੇ ਦੇ ਬੋਝ ਹੇਠ ਦੱਬਿਆ ਹੁੰਦਾ ਹੈ ਤਾਂ ਉਸ ਕੋਲ ਆਪਣੀ ਜਮੀਨ ਵੇਚ ਕੇ ਕਰਜਾ ਚੁਕਾਉਣ ਦਾ ਇਕ ਸੁਰੱਖਿਅਤ ਬਦਲ ਬਣ ਜਾਂਦਾ ਹੈ। ਪਹਿਲਾਂ ਜਦੋਂ ਜਮੀਨ ਦੀ ਕੀਮਤ ਘੱਟ ਹੁੰਦੀ ਸੀ, ਤਾਂ ਕਿਸਾਨ ਆਪਣੀ ਜਾਇਦਾਦ ਗੁਆ ਕੇ ਵੀ ਕਰਜੇ ਤੋਂ ਨਿਕਲ ਨਹੀਂ ਪਾਉਂਦਾ ਸੀ। ਹੁਣ ਉੱਚੀ ਕੀਮਤ ਕਾਰਨ ਉਹ ਘੱਟੋ-ਘੱਟ ਆਪਣੀ ਪਰਿਵਾਰਕ ਆਰਥਿਕਤਾ ਨੂੰ ਬਚਾ ਸਕਦਾ ਹੈ। ਇਸ ਤਰ੍ਹਾਂ ਜਮੀਨ ਦਾ ਵਧਦਾ ਮੁੱਲ ਇਕ ਮਾਨਸਿਕ ਰਾਹਤ ਦਿੰਦਾ ਹੈ ਕਿ ਆਖਰੀ ਬਦਲ



ਮੌਜੂਦ ਹੈ ਪਰ ਇਹ ਇੱਕੋ-ਇਕ ਕਾਰਨ ਨਹੀਂ ਹੈ। ਓਧਰ, ਕਿਸਾਨ ਜਥੇਬੰਦੀਆਂ ਅੰਕੜਿਆਂ ਨੂੰ ਸਹੀ ਨਹੀਂ ਮੰਨਦੀਆਂ ਹਨ। ਇਕ ਪੁਰਾਣੇ ਸਰਵੇ ਮੁਤਾਬਕ, ਸਾਲ 2000 ਤੋਂ 2015 ਤੱਕ 16,600 ਕਿਸਾਨਾਂ ਤੇ ਖੇਤ ਮਜਦੂਰਾਂ ਨੇ ਖੁਦਕੁਸੀ ਕੀਤੀ ਸੀ, ਜਿਸ ਦੀ ਸਾਲਾਨਾ ਔਸਤ 1,000 ਤੋਂ ਵੱਧ ਬਣਦੀ ਹੈ। ਬਹੁਤ ਸਾਰੀਆਂ ਮੌਤਾਂ ਨੂੰ ਖੁਦਕੁਸੀ ਵਜੋਂ ਦਰਜ ਨਹੀਂ ਕੀਤਾ ਜਾਂਦਾ। ਇਸ ਲਈ ਅਸਲ ਤਸਵੀਰ ਹਾਲੇ ਵੀ ਗੰਭੀਰ ਹੋ ਸਕਦੀ ਹੈ। ਜਮੀਨਾਂ ਦੇ ਭਾਅ ਵਧਣ ਦਾ ਇਕ ਨਕਾਰਾਤਮਕ ਪੱਖ ਵੀ ਹੈ। ਉੱਚੀ ਕੀਮਤ ਕਾਰਨ ਠੇਕੇ ਦੀ ਦਰ ਵਧ ਗਈ ਹੈ। ਇਸ ਤਰ੍ਹਾਂ ਜਮੀਨ ਦੀ ਉੱਚੀ ਕੀਮਤ ਇਕ ਪਾਸੇ ਰਾਹਤ ਦਿੰਦੀ ਹੈ ਪਰ ਦੂਜੇ ਪਾਸੇ ਛੋਟੇ ਕਿਸਾਨਾਂ ਲਈ ਨਵੀਂ ਮੁਸਕਲ ਵੀ ਪੈਦਾ ਕਰਦੀ ਹੈ। ਜਮੀਨ ਵੇਚਣ ਨਾਲ ਕਿਸਾਨ ਆਪਣੀ ਪੀੜ੍ਹੀਆਂ ਤੋਂ ਚੱਲੀ ਆ ਰਹੀ ਜਾਇਦਾਦ ਗੁਆ ਬੈਠਦਾ ਹੈ, ਜੋ ਲੰਬੇ ਸਮੇਂ 'ਚ ਪੇਂਡੂ ਆਰਥਿਕਤਾ ਲਈ ਹਾਨੀਕਾਰਕ ਹੈ, ਇਸ ਲਈ ਹੀ ਇਸ ਨੂੰ ਮੌਜੂਦਾ ਖੇਤੀ ਸੰਕਟ ਦਾ ਵਕਤੀ ਹੱਲ ਮੰਨਿਆ ਜਾ ਰਿਹਾ ਹੈ। ਪੰਜਾਬ ਦੀ ਖੇਤੀ ਹਾਲੇ ਵੀ ਗੰਭੀਰ ਸੰਕਟ 'ਚ ਹੈ। ਭੂਮੀਗਤ ਪਾਣੀ ਦਾ ਪੱਧਰ ਲਗਾਤਾਰ ਡਿੱਗ ਰਿਹਾ ਹੈ, ਮਿੱਟੀ ਦੀ ਉਪਜਾਊ ਸਕਤੀ ਘੱਟ ਰਹੀ ਹੈ ਅਤੇ ਖੇਤੀ ਲਾਗਤ ਵਧ ਰਹੀ ਹੈ। ਕਰਜੇ ਦਾ ਬੋਝ ਅਜੇ ਵੀ 89 ਫੀਸਦੀ ਕਿਸਾਨ ਪਰਿਵਾਰਾਂ 'ਤੇ ਹੈ। ਇਸ ਲਈ ਖੁਦਕੁਸੀਆਂ ਘਟਣਾ ਇਕ ਅਸਥਾਈ ਰਾਹਤ ਹੋ ਸਕਦੀ ਹੈ ਪਰ ਮੂਲ ਸਮੱਸਿਆ ਹੱਲ ਨਹੀਂ ਹੋਈ। ਸਰਕਾਰ ਨੂੰ ਇਸ ਘਟਾਅ ਨੂੰ ਟਿਕਾਊ ਬਣਾਉਣ ਲਈ ਹੋਰ ਠੋਸ ਕਦਮ ਚੁੱਕਣੇ ਚਾਹੀਦੇ ਹਨ। ਫਸਲੀ ਵਿਭਿੰਨਤਾ ਨੂੰ ਅਸਲ 'ਚ ਉਤਸਾਹਤ ਕੀਤਾ ਜਾਵੇ, ਛੋਟੇ ਕਿਸਾਨਾਂ ਲਈ ਸਸਤਾ ਕਰਜਾ ਉਪਲਬਧ ਕਰਵਾਇਆ ਜਾਵੇ ਅਤੇ ਮਾਨਸਿਕ ਸਿਹਤ ਸੇਵਾਵਾਂ ਪੇਂਡੂ ਇਲਾਕਿਆਂ ਤੱਕ ਪਹੁੰਚਾਈਆਂ ਜਾਣ। ਜਮੀਨਾਂ ਦੇ ਭਾਅ ਵਧਣ ਨੂੰ ਸਿਰਫ ਇਕ ਰਾਹਤ ਨਹੀਂ ਸਗੋਂ ਇਕ ਚਿਤਾਵਨੀ ਵਜੋਂ ਵੀ ਲੈਣਾ ਚਾਹੀਦਾ ਹੈ ਕਿ ਖੇਤੀ ਲਾਭਦਾਇਕ ਨਾ ਰਹਿਣ ਕਾਰਨ ਲੋਕ ਜਮੀਨ ਵੇਚਣ ਲਈ ਮਜਬੂਰ ਹੋ ਰਹੇ ਹਨ। ਲੰਬੇ ਸਮੇਂ ਲਈ ਖੇਤੀ ਨੂੰ ਟਿਕਾਊ ਤੇ ਲਾਭਦਾਇਕ ਬਣਾਉਣਾ ਹੀ ਅਸਲ ਹੱਲ ਹੈ। ਇਸ ਨੂੰ ਸਥਾਈ ਬਣਾਉਣ ਲਈ ਸਰਕਾਰ, ਕਿਸਾਨ ਜਥੇਬੰਦੀਆਂ ਤੇ ਸਮਾਜ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ।




# ਪੱਛਮੀ ਸਿਡਨੀ ਲਈ ਨਵਾਂ ਅੰਤਰ ਰਾਸ਼ਟਰੀ ਹਵਾਈ ਅੱਡਾ



ਅੱਜ ਤੋਂ ਕੁਝ ਸਾਲ ਪਹਿਲਾਂ ਜਦੋਂ ਅਸੀਂ ਸਿਡਨੀ ਦੇ ਪੱਛਮ ਵਿੱਚ ਸਥਿੱਤ ਬੈਜਰੀਜ ਕਰੀਕ (Badgerys Creek) ਇਲਾਕੇ ਵਿੱਚੋਂ ਲਿਵਰਪੂਲ ਤੇ ਕੈਂਪਬੈੱਲ ਟਾਊਨ ਵਲ ਨੂੰ ਜਾਇਆ ਕਰਦੇ ਸਾਂ ਤਾਂ ਉਹ ਇਲਾਕਾ ਨਿਰਾ ਦਿਹਾਤ ਮਹਿਸੂਸ ਹੋਇਆ ਕਰਦਾ ਸੀ। ਉਸ ਇਲਾਕੇ ਵਿੱਚ ਲੋਕਾਂ ਦੇ ਫਾਰਮ ਹਾਊਸ ਸਨ ਜਾਂ ਟਾਂਵੇ ਟਾਂਵੇ ਘਰ ਹੋਇਆ ਕਰਦੇ ਸਨ। 10-12 ਸਾਲ ਪਹਿਲਾਂ ਮੋਟਰਵੇਅ 7 ਬਣ ਜਾਣ ਨਾਲ ਇਸ ਇਲਾਕੇ ਦਾ ਸਹਿਰੀਕਰਨ ਹੋਣਾ ਸੁਰੂ ਹੋ ਗਿਆ। ਹੁਣ ਇਸ ਇਲਾਕੇ ਵਿੱਚ ਹਵਾਈ ਅੱਡਾ ਤਕਰੀਬਨ ਪੂਰਾ ਹੋ ਗਿਆ ਏ। ਇਸ ਹਵਾਈ ਅੱਡੇ ਦਾ ਨਾਂ Nancy - Bird Walton ਹੈ। ਇਹ ਅਕਤੂਬਰ 2026 ਵਿੱਚ ਚਾਲੂ ਹੋ ਜਾਵੇਗਾ।

ਹਵਾਈ ਅੱਡੇ ਦਾ ਨਾਮ ਓਨੇ ਹੀ ਢੁੱਕਵੇਂ ਤਰੀਕੇ ਨਾਲ ਰੱਖਿਆ ਗਿਆ ਏ ਜਿਵੇਂ ਇਸ ਦੇਸ ਵਿੱਚ ਹੋਰ ਨਾਮ ਰੱਖੇ ਜਾਂਦੇ ਹਨ। Nancy Bird Walton ਇੱਕ ਐਸੀ ਪਾਇਲਟ ਹੋਈ ਹੈ ਜਿਹਨੇ ਉਸ ਸਮੇਂ ਇਹ ਕਿੱਤਾ ਚੁਣਿਆ ਸੀ ਜਦ ਇਸਤਰੀਆਂ ਇਸ ਕਿੱਤੇ ਵਿੱਚ ਨਾਂ ਦੇ ਬਰਾਬਰ ਸਨ। ਉਹ ਕੌਮਨ ਵੈਲਥ ਦੀ ਪਹਿਲੀ ਇਸਤਰੀ ਪਾਈਲਟ ਸੀ ਤੇ ਉਸਨੇ Australian Women Pilots Association ਦੀ ਸਥਾਪਨਾ ਕੀਤੀ ਸੀ। ਇਹ ਨਿਊ ਸਾਊਥ ਵੇਲਸ ਦੇ ਕਸਬੇ ਕਿਊ (Kew) ਵਿੱਚ 16 ਅਕਤੂਬਰ 1915 ਨੂੰ ਪੈਦਾ ਹੋਈ ਸੀ। 93 ਸਾਲ ਦੀ ਉਮਰ ਵਿੱਚ ਉਸਦੀ ਮੌਤ 13 ਜਨਵਰੀ 2019 ਨੂੰ ਸਿਡਨੀ ਦੇ ਮੌਸਮੈਨ (Mosman) ਦੇ ਇਲਾਕੇ ਵਿੱਚ ਹੋਈ। ਉਸਨੇ Brighten College Manly ਵਿਖੇ ਆਪਣੀ ਮੁਢਲੀ ਵਿੱਦਿਆ ਪ੍ਰਾਪਤ ਕੀਤੀ। ਉਡਾਨ ਕਿੱਤਾ ਉਸਦਾ ਜਨੂਨ ਸੀ। ਇਸ ਲਈ ਉਸਨੇ ਆਪਣੀ ਜੁਆਨੀ ਵਿੱਚ ਹੀ ਦਿਲਚਸਪੀ ਲੈਣੀ ਸੁਰੂ ਕਰ ਦਿੱਤੀ ਸੀ। Sir Charles Kingsford Smith ਨੇ 1933 ਦੇ ਕਰੀਬ ਸਿਡਨੀ ਦੇ ਨੇੜੇ ਇੱਕ ਫਲਾਇੰਗ ਸਕੂਲ ਖੋਲ੍ਹਿਆ ਸੀ। ਨੈਨਸੀ ਸਕੂਲ ਦਾਖਲ ਹੋਣ ਵਾਲੇ ਸਭ ਤੋਂ ਪਹਿਲੇ ਬੱਚਿਆਂ ਵਿੱਚੋਂ ਸੀ। ਖਾਸ ਗੱਲ ਇਹ ਸੀ ਕਿ ਬਾਕੀ ਕਈ ਇਸਤਰੀਆਂ ਨੇ ਫਲਾਇੰਗ ਮਨੋਰੰਜਨ ਖਾਤਰ ਸਿੱਖੀ ਪਰੰਤੂ ਨੈਨਸੀ ਇਸ ਕੰਮ ਪ੍ਰਤੀ ਇੰਨੀ ਗੰਭੀਰ ਹੋ ਗਈ। ਉਸਨੇ ਇਸਨੂੰ ਆਪਣੇ ਕੈਰੀਅਰ ਦੇ ਤੌਰ ਤੇ ਅਪਣਾ ਲਿਆ। ਇਸ ਤੋਂ ਪਹਿਲਾਂ ਕਦੀ ਕਿਸੇ ਹੋਰ ਇਸਤਰੀ ਨੇ ਇਸ ਕੰਮ ਨੂੰ ਕਦੇ ਕਿੱਤੇ ਦੇ ਤੌਰ ਤੇ ਨਹੀਂ ਅਪਣਾਇਆ ਸੀ। ਉਡਾਨ ਦੇ ਕੁਝ ਸਬਕ Sir Charles Kingsford Smith ਤੋਂ ਲੈਣ ਤੋਂ ਬਾਅਦ ਉਸਨੂੰ 1933 ਵਿੱਚ ਲਾਈਸੰਸ ਮਿਲ ਗਿਆ। ਇਸ ਤੋਂ ਸਾਲ ਕੁ ਬਾਅਦ ਉਸਨੂੰ ਕਮਰਸੀਅਲ ਲਾਈਸੰਸ ਮਿਲ ਗਿਆ। ਇਸ ਪ੍ਰਕਾਰ ਨੈਨਸੀ ਆਸਟਰੇਲੀਆ ਵਿੱਚ ਪਹਿਲੀ ਪਾਇਲਟ ਬਣ ਗਈ। ਉਹ ਬ੍ਰਿਟਿਸ ਸਾਮਰਾਜ ਵਿੱਚ ਸਭ ਤੋਂ ਘੱਟ ਉਮਰ ਦੀ ਪਹਿਲੀ ਪਾਇਲਟ ਵੀ ਸੀ।

ਦੂਜੀ ਵੱਡੀ ਲੜਾਈ ਸਮੇਂ Royal Australian Air Force ਦੀਆਂ ਇਸਤਰੀਆਂ ਨੂੰ ਵੱਧ ਚੜ ਕੇ ਸਿਖਲਾਈ ਦਿੱਤੀ। ਉਸਨੇ 1950 ਵਿੱਚ Royal Australian Air Force ਦੀ ਸਥਾਪਨਾ ਕੀਤੀ ਤੇ 1955 ਤੱਕ ਇਸਦੀ ਚੇਅਰਪਰਸਨ ਰਹੀ। ਉਸਨੇ 1950 ਵਿੱਚ ਆਪਣੀ ਡਾਇਰੀ Born to Fly ਛਪਵਾਈ। 1960 ਵਿੱਚ ਉਸਨੇ ਆਪਣੀ ਸਵੈ ਜੀਵਨੀ ਛਪਵਾਈ। ਆਪਣੇ ਸਾਰੇ ਜੀਵਨ ਕਾਲ ਵਿੱਚ ਨੈਨਸੀ ਨੇ ਜਰੂਰਤਮੰਦ ਲੋਕਾਂ ਦੀ ਸੇਵਾ ਕੀਤੀ। ਉਸਨੇ ਦਾਨ ਵੀ ਦਿੱਤਾ। ਸਿੱਟੇ ਵਜੋਂ ਉਸਨੂੰ Order of the British Empire (OBE) ਮਿਲਿਆ। 2009 ਵਿੱਚ ਨੈਨਸੀ ਪੂਰੀ ਹੋ ਗਈ ਸੀ। ਉਸ ਦੀ ਵਿਰਾਸਤ ਅਨੇਕਾਂ ਪਾਇਲਟਾਂ ਲਈ ਮਾਰਗ ਦਰਸਨ ਦਾ ਕੰਮ ਕਰ ਰਹੀ ਏ।

1937 ਵਿੱਚ ਨੈਨਸੀ Dutch East Indies Airline ਨੂੰ ਪ੍ਰੋਤਸਾਹਨ ਦੇਣ ਲਈ ਦੁਨੀਆਂ ਦੇ ਦੌਰੇ ਤੇ ਗਈ ਸੀ। ਅਮਰੀਕਾ ਤੋਂ ਵਾਪਸ ਆਉਂਦੀ ਹੋਈ ਨੂੰ ਇੱਕ ਗੋਰਾ Walton ਮਿਲਿਆ। ਇਹਨਾਂ ਦੋਹਾਂ ਨੇ 1939 ਵਿੱਚ ਸਾਦੀ ਕਰ ਲਈ ਸੀ। ਨੈਨਸੀ ਨੂੰ Angel of the Outback, 'born a bird without wings' ਤੇ 'a trailblazer in the sky' ਦੇ ਤੌਰ ਤੇ ਵੀ ਜਾਣਿਆ ਜਾਂਦਾ ਹੈ। 1928 ਵਿੱਚ 13 ਸਾਲ ਦੀ ਉਮਰ ਵਿੱਚ de Havland Gypsy Moth ਵਿੱਚ ਪੈਰ ਧਰਨ ਤੋਂ ਬਾਅਦ ਉਹ 19 ਸਾਲ ਦੀ ਉਮਰ ਵਿੱਚ ਸਭ ਤੋਂ ਘੱਟ ਉਮਰ ਦੀ ਇਸਤਰੀ ਪਾਇਲਟ ਬਣ ਗਈ।

ਨਵਾਂ ਬਣਿਆ ਇਹ ਏਅਰਪੋਰਟ ਸੱਤੇ ਦਿਨ 24 ਘੰਟੇ ਕੰਮ ਕਰੇਗਾ। ਸੁਰੂ ਵਿੱਚ 3700 ਮੀਟਰ ਲੰਬਾ ਰਨਵੇਅ ਹੈ। ਇਸ ਦੇ ਭਵਿੱਖ ਵਿੱਚ ਵਧਾਉਣ ਲਈ ਗੁੰਜਾਇਸ ਵੀ ਹੈ। ਇਸ ਦੀ 10 ਮਿਲੀਅਨ ਯਾਤਰੂਆਂ ਨੂੰ ਐਡਜਸਟ ਕਰਨ ਦੀ ਸਮਰਥਾ ਹੋਵੇਗੀ। ਲੰਬੇ ਸਮੇਂ ਤੱਕ ਇਹ ਸਮਰਥਾ 80 ਮਿਲੀਅਨ ਯਾਤਰੂਆਂ ਤੱਕ ਵੱਧਾਏ ਜਾਣ ਦੇ ਪ੍ਰਬੰਧ ਵੀ ਹੁਣ ਤੋਂ ਹੀ ਸੁਰੂ ਕਰ ਦਿੱਤੇ ਗਏ ਹਨ। ਇਸ ਪ੍ਰਕਾਰ ਇਹ ਲੰਡਨ ਦੇ ਹੀਥਰੋ ਹਵਾਈ ਅੱਡੇ ਵਰਗਾ ਹੈ। ਇਸ ਨਾਲ ਅਨੇਕਾਂ ਲੋਕਾਂ ਨੂੰ ਰੁਜਗਾਰ ਮਿਲੇਗਾ।

# - ਮਿੱਟੀ ਦੀ ਮਹਿਕ -

## ਇਕ ਮੁਲਾਕਾਤ - ਵਿਸ਼ਾਲ ਬਿਆਸ ਅਤੇ ਸਿਡਨੀ ਦੇ ਕੁਝ ਕਵੀ



ਕੁਝ ਚਿਰ ਪਹਿਲਾਂ ਮੈਨੂੰ ਪਰਿਵਾਰਿਕ ਕਾਰਨ ਕਰਕੇ ਯੂ ਐਸ ਏ ਜਾਣਾ ਪਿਆ ਤੇ ਉਥੇ ਮੈਨੂੰ ਸਿਡਨੀ ਵਿੱਚ ਵਸਦੇ ਪੰਜਾਬੀ ਦੇ ਕਵੀ ਕੇਸਰ ਕਰਮਜੀਤ ਦਾ ਫੋਨ ਆਇਆ। ਉਨ੍ਹਾਂ ਦੱਸਿਆ ਕਿ ਅੱਜ ਕਲ ਪੰਜਾਬੀ ਭਾਸ਼ਾ ਦੇ ਮਸ਼ਹੂਰ ਕਵੀ ਅਤੇ ਸਾਹਿਤਕਾਰ ਵਿਸ਼ਾਲ ਬਿਆਸ ਜਿਹੜੇ ਕਿ ਉਨ੍ਹਾਂ ਦੇ ਦੋਸਤ ਵੀ ਹਨ ਆਪਣੇ ਬੇਟੇ ਨੂੰ ਮਿਲਣ ਲਈ ਬ੍ਰਿਸਬੇਨ ਆਏ ਹੋਏ ਹਨ ਅਤੇ ਉਹ ਸਿਡਨੀ ਉਨ੍ਹਾਂ ਨੂੰ ਮਿਲਣ ਆ ਰਹੇ ਹਨ। ਵਿਸ਼ਾਲ ਬਿਆਸ ਪੰਜਾਬੀ ਭਾਸਾ ਦੇ ਬਹੁਤ ਪ੍ਰਸਿੱਧ ਮੈਗਜੀਨ 'ਅੱਖਰ' ਅਤੇ 'ਮੰਤਵ' ਦੀ ਸੰਪਾਦਕੀ ਨਾਲ ਮੁੱਖ ਤੌਰ ਤੇ ਜੁੜੇ ਹੋਏ ਹਨ। ਉਨ੍ਹਾਂ ਨੇ ਸਿਡਨੀ ਵਿਚ ਵਸਦੇ ਕਵੀਆਂ ਅਤੇ ਸਾਹਿਤਕਾਰਾਂ ਨੂੰ ਮਿਲਣ ਦੀ ਇੱਛਾ ਪ੍ਰਗਟਾਈ ਹੈ। ਇਸ ਸੰਬੰਧ ਵਿੱਚ ਉਨ੍ਹਾਂ ਨੇ ਮੈਨੂੰ ਫੋਨ ਕੀਤਾ ਸੀ। ਕੇਸਰ ਕਰਮਜੀਤ ਨਾਲ ਮੇਰੀ ਕੁਝ ਸਾਲਾਂ ਦੀ ਜਾਣ ਪਹਿਚਾਣ ਦਾ ਜਰੀਆ ਸਾਡੀਆਂ ਲਿਖੀਆਂ ਹੋਈਆਂ ਕਵਿਤਾਵਾਂ ਅਤੇ ਉਨ੍ਹਾਂ ਬਾਰੇ ਗਲ ਬਾਤ ਹੀ ਰਿਹਾ ਸੀ ਅਤੇ ਇਸ ਸਮੇਂ ਦੌਰਾਨ ਉਨ੍ਹਾਂ ਨੇ ਮੈਨੂੰ ਆਪਣੇ ਛਪੇ ਹੋਏ ਕਾਵਿ ਸੰਗ੍ਰਹਿ ਵੀ ਭੇਜੇ ਸਨ। ਪਰ ਉਨ੍ਹਾਂ ਨਾਲ ਰੁਬਰੂ ਹੋਣ ਦਾ ਮੌਕਾ ਮੈਨੂੰ ਪਹਿਲੀ ਬਾਰ ਮਿਲਿਆ ਸੀ ਅਤੇ ਇਸ ਦਾ ਸਬੱਬ ਵਿਸਾਲ ਬਿਆਸ ਦੀ ਸਿਡਨੀ ਫੇਰੀ ਕਰਕੇ ਬਣਿਆ ਸੀ। ਸਿਡਨੀ ਵਿੱਚ ਅਜੇ ਕੋਈ ਅਜਿਹਾ ਕੇਂਦਰ ਸਥਾਪਿਤ ਨਹੀਂ ਹੋਇਆ ਜਿੱਥੇ ਇਸ ਕਿਸਮ ਦੀ ਕੋਈ ਮੀਟਿੰਗ ਜਾਂ ਮਿਲਣੀ ਕੀਤੀ ਜਾ ਸਕੇ। ਕੁਝ ਵਿਚਾਰ ਵਟਾਂਦਰੇ ਤੋਂ ਬਾਦ ਗਲੈਨਵੁੱਡ ਗੁਰਦੁਆਰਾ ਸਾਹਿਬ ਵਿਖੇ ਮਿਲਣ ਦੀ ਯੋਜਨਾ ਬਣਾਈ ਗਈ। ਕੇਸਰ ਕਰਮਜੀਤ ਨੇ ਆਪਣੀ ਜਾਣ ਪਹਿਚਾਣ ਦੇ ਕਵੀਆਂ ਅਤੇ ਸਾਹਿਤਕਾਰਾਂ ਨਾਲ ਸੰਬੰਧ ਸਥਾਪਤ ਕਰਦੇ ਹੋਏ ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਆਉਣ ਦਾ ਸੱਦਾ ਦਿੱਤਾ। ਇਸ ਗੈਰ ਰਸਮੀ ਮੁਲਾਕਾਤ ਵਿਚ ਮੇਰੇ ਤੇ ਵਿਸਾਲ ਬਿਆਸ ਦੇ ਨਾਲ ਪੰਜਾਬੀ ਅਤੇ ਅੰਗਰੇਜੀ ਦੇ ਕਹਾਣੀ ਕਾਰ ਅਤੇ ਦੀ ਪੰਜਾਬ ਹੈਰਲਡ ਦੇ ਸੰਪਾਦਕ ਡਾਕਟਰ ਅਵਤਾਰ ਸਿੰਘ ਸੰਘਾ, ਕਵੀ ਹਰਬੰਸ ਸਿੰਘ ਮਾਲਵਾ, ਕਵੀ ਕੇਸਰ ਕਰਮਜੀਤ, ਕਵਿਤਰੀ ਚੇਤਨਾ ਗਿੱਲ ਅਤੇ ਗਲੈਨਵੁੱਡ ਗੁਰਦੁਆਰਾ ਸਹਿਬ ਪ੍ਰਬੰਧਕ ਕਮੇਟੀ ਦੇ ਬਹੁਤ ਲੰਮੇ ਅਰਸੇ ਤਕ ਰਹੇ ਸੇਵਾਦਾਰ ਮੋਹਨ ਸਿੰਘ ਪੂਨੀ ਸਾਮਿਲ ਹੋਏ। ਇਹ ਮੁਲਾਕਾਤ ਜਿਹੜੀ ਕਿ ਤਕਰੀਬਨ ਦੋ ਘੰਟੇ ਤਕ ਚਲੀ ਗੁਰਦੁਆਰਾ ਸਾਹਿਬ ਦੇ ਪਿਛਲੇ ਪਾਸੇ ਸਿਨਿਆਰਜ ਦੁਆਰਾ ਵਰਤੇ ਹਨ ਵਾਲੇ ਕਮਰੇ ਵਿੱਚ ਹੋਈ।

ਇਸ ਮੁਲਾਕਾਤ ਦਾ ਮੁੱਖ ਮਕਸਦ ਇਕ ਦੂਜੇ ਨਾਲ ਜਾਣ ਪਹਿਚਾਣ, ਸਾਹਿਤਕ ਅਤੇ ਕਾਵਿਕ ਵਿਚਾਰ ਵਟਾਂਦਰਾ ਸੀ। ਇਹ ਆਪਣੀ ਕਿਸਮ ਦੀ ਪਹਿਲੀ ਮੁਲਾਕਾਤ ਸੀ। ਇਸ ਲਈ ਜਰੂਰੀ ਸਮਝਿਆ ਗਿਆ ਕਿ ਮੀਟਿੰਗ ਵਿੱਚ ਸਾਮਲ ਸਾਰੇ ਮੈਂਬਰ ਆਪਣੀ ਜਾਣ ਪਹਿਚਾਣ ਆਪਣੇ ਆਪ ਕਰਵਾਉਣ। ਇਸ ਮੀਟਿੰਗ ਦੀ ਰਸਮੀ ਤੌਰ ਤੇ ਐਂਕਰਿੰਗ ਡਾਕਟਰ ਅਵਤਾਰ ਸਿੰਘ ਸੰਘਾ ਨੇ ਕੀਤੀ। ਮੀਟਿੰਗ ਦਾ ਮਕਸਦ ਸਾਂਝਾ ਕਰਦਿਆਂ ਹੋਇਆਂ ਉਨ੍ਹਾਂ ਤਰਤੀਬ ਬਾਰ ਬੈਠੇ ਹਰ ਇਕ ਮੈਂਬਰ ਨੂੰ ਆਪਣੀ ਸੰਖੇਪ ਵਿੱਚ ਜਾਣ ਪਹਿਚਾਣ ਕਰਵਾਉਣ ਦਾ ਸੱਦਾ ਦਿੱਤਾ। ਸਾਰੇ ਮੈਂਬਰਾਂ ਨੇ ਆਪਣੇ ਸਾਹਿਤਕ ਰੁਝਾਨ ਅਤੇ ਆਪਣੀਆਂ ਲਿਖਤਾਂ ਬਾਰੇ ਗਲ ਬਾਤ ਕਰਦਿਆਂ ਆਪਣੀ ਜਾਣ ਪਹਿਚਾਣ ਕਰਵਾਈ।

ਆਖਰ ਵਿੱਚ ਵਿਸਾਲ ਬਿਆਸ ਨੂੰ ਆਪਣੀ ਜਾਣਕਾਰੀ ਦੇਣ ਲਈ ਅਤੇ ਕਵਿਤਾ ਦੇ ਖੇਤਰ ਵਿੱਚ ਕੀਤੇ ਕੰਮ ਬਾਰੇ ਗਲ ਬਾਤ ਲਈ ਸੱਦਾ ਦਿੱਤਾ ਗਿਆ। ਵਿਸਾਲ ਬਿਆਸ ਨੇ ਦਸਿਆ ਕਿ ਕਵਿਤਾ ਨਾਲ ਉਨ੍ਹਾਂ ਦਾ ਲਗਾਅ ਅਤੇ ਕਵਿਤਾ ਲਿਖਣ ਦਾ ਸੌਕ ਉਨ੍ਹਾਂ ਨੂੰ ਬਚਪਨ ਵਿੱਚ ਹੀ ਪੈਦਾ ਹੀ ਗਿਆ ਸੀ ਪਰ ਇਸ ਬਾਰੇ ਉਨ੍ਹਾਂ ਨੂੰ ਪਰਿਵਾਰਿਕ ਵਿਰੋਧਤਾ ਦਾ ਸਾਹਮਣਾ ਵੀ ਕਰਨਾ ਪਿਆ। ਹਾਸੇ ਵਿਚ ਇਸ ਗਲ ਦਾ ਹਵਾਲਾ ਦਿੰਦਿਆਂ ਉਨ੍ਹਾਂ ਨੇ ਕਿਹਾ ਕਿ ਇਹ ਸੌਕ ਹੀ ਸੀ ਜਿਹੜਾ ਕਿ ਉਨ੍ਹਾਂ ਦੇ ਪਿਤਾ ਜੀ ਵਲੋਂ ਉਨ੍ਹਾਂ ਨੂੰ ਖੋਲ੍ਹ ਕੇ ਦਿੱਤੀ ਦੁਕਾਨ ਦੇ ਬੰਦ ਹੋਣ ਦਾ ਕਾਰਨ ਬਣਿਆ। ਵੀਹ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਅੰਮ੍ਰਿਤਾ ਪ੍ਰੀਤਮ ਦੁਆਰਾ ਚਲਾਏ ਜਾ ਰਹੇ ਰਸਾਲੇ 'ਨਾਗਮਣੀ' ਵਿੱਚ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਛਪਵਾਈਆਂ ਅਤੇ ਕਾਫੀ ਲੰਮੇ ਸਮੇਂ ਤਕ ਅੰਮ੍ਰਿਤਾ ਪ੍ਰੀਤਮ ਨਾਲ ਚਿੱਠੀ ਪੱਤਰੀ ਰਾਹੀਂ ਵੀ ਸੰਪਰਕ ਬਣਿਆ ਰਿਹਾ। ਪੰਜਾਬ ਦੇ ਅੱਤਵਾਦ ਦੇ ਕਾਲੇ ਦੌਰ ਵਿੱਚ ਛਪਵਾਇਆ ਕਾਵਿ ਸੰਗ੍ਰਹਿ 'ਤਿਤਲੀ ਤੇ ਕਾਲੀ ਹਵਾ' ਦਾ ਜ਼ਿਕਰ ਬਾਰ ਬਾਰ ਕੀਤਾ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀਆਂ ਰਚਨਾਵਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਪੰਜਾਬੀ ਦੇ ਸਿਲੇਬਸ ਦਾ ਵੀ ਹਿੱਸਾ ਹਨ। ਉਨ੍ਹਾਂ ਨੇ ਬੱਚਿਆਂ ਲਈ, ਨਾਟਕਾਂ ਅਤੇ ਫਿਲਮਾਂ ਲਈ ਗੀਤਕਾਰੀ ਵੀ ਕੀਤੀ ਹੈ। ਵਿਸਾਲ ਬਿਆਸ ਨੇ ਆਪਣੀ ਜ਼ਿੰਦਗੀ ਦਾ ਅਹਿਮ ਹਿੱਸਾ ਇਟਲੀ ਵਿੱਚ ਇੱਕ ਫੈਕਟਰੀ ਵਿੱਚ ਕੰਮ ਕਰਦਿਆਂ ਬਿਤਾਇਆ। ਇਸ ਸਮੇਂ ਦੌਰਾਨ ਪੰਜਾਬੀ ਦਾ ਅਖਬਾਰ ਵੀ ਚਲਾਇਆ ਅਤੇ ਯੋਰਪ ਦੇ ਬਹੁਤ ਸਾਰੇ ਅਤੇ ਹੋਰ ਦੇਸਾਂ ਵਿੱਚ ਘੁੰਮਣ ਦਾ ਮੌਕਾ ਵੀ ਹਾਸਲ ਕੀਤਾ। ਕਵਿਤਾ ਕੀ ਹੁੰਦੀ ਹੈ ਅਤੇ ਇਹ ਬਾਕੀ ਦੇ ਵਿਧੀਆਂ ਨਾਲੋਂ ਸ੍ਰੇਮਣੀ ਕਿਉਂ ਹੈ, ਸਾਹਿਤਕ ਅਦਾਰਿਆਂ ਅੰਦਰ ਧੜੇਬਾਜੀ, ਮੋਬਾਇਲ ਫੋਨ ਦੇ ਫਾਇਦੇ ਅਤੇ ਨੁਕਸਾਨ, ਯੋਰਪ ਵਿੱਚ ਸਕੂਲ ਆਫ ਕ੍ਰਿਟੀਸਿਜਮ, ਕਵੀ ਦੀਆਂ ਰਚਨਾਵਾਂ ਵਿਚ ਅਸਲੀਅਤ ਅਤੇ ਕਲਪਨਾ ਦਾ ਰੋਲ ਆਦਿ ਵਿਚਾਰ ਵਟਾਂਦਰੇ ਦੇ ਅਹਿਮ ਮੁੱਦੇ ਸਨ। ਅੰਤ ਵਿੱਚ ਸਾਰੇ ਕਵੀਆਂ ਨੇ ਆਪਣੀਆਂ ਕੁਝ ਰਚਨਾਵਾਂ ਸਾਂਝੀਆਂ ਕੀਤੀਆਂ। ਮੈਂ ਵੀ ਦੋ ਦਿਨ ਪਹਿਲਾਂ ਲਿਖੀਆਂ ਦੋ ਕਵਿਤਾਵਾਂ 'ਮਾਂ ਮਤਰੇਈ ਜਾਂ ਸਕੀ" ਅਤੇ 'ਮੈਂ ਪ੍ਰਵਾਸੀ ਨਹੀਂ' ਪੜ੍ਹ ਕੇ ਬਾਕੀਆਂ ਨਾਲ ਸਾਂਝ ਪਾਈ।

ਡਾਕਟਰ ਅਵਤਾਰ ਸਿੰਘ ਸੰਘਾ ਨੇ ਪੰਜਾਬੀ ਭਾਸਾ ਚਾਹਵਾਨ ਦਰਸਕਾਂ ਲਈ ਇਸ ਮੀਟਿੰਗ ਦੀ ਤਕਰੀਬਨ ਇਕ ਘੰਟੇ ਦੀ ਇਕ ਵੀਡਿਓ ਤਿਆਰ ਕਰਕੇ ਆਪਣੇ ਯੂਟਿਊਬ ਚੈਨਲ ਤੇ ਵੀ ਸਾਂਝੀ ਕੀਤੀ ਹੈ। ਆਪ ਇਸ ਮੁਲਾਕਾਤ ਨੂੰ ਵਿਸਤਾਰ ਵਿੱਚ ਜਾਨਣ ਲਈ ਇਹ ਵੀਡੀਓ ਦੇਖ ਸਕਦੇ ਹੋ।

ਡਾ: ਦਵਿੰਦਰ ਸਿੰਘ ਜੀਤਲਾ
Dr. Davinder Singh Jitla



# ਦਸਤਾਰ ਇਕ ਧਾਰਮਿਕ ਤੇ ਸਮਾਜਕ ਚਿੰਨ੍ਹ

ਮੇਰੇ ਇਕ ਦੋਸਤ ਨੇ ਮੈਨੂੰ ਦੱਸਿਆ ਕਿ ਕੁਝ ਦਿਨ ਪਹਿਲਾਂ ਗਲੈਨਵੁੱਡ ਗੁਰਦੁਆਰਾ ਸਾਹਿਬ ਵਿਖੇ ਆਉਣ ਵਾਲੀ ਪੰਜਾਬੀ ਫਿਲਮ ਦਸਤਾਰ ਦਾ ਟ੍ਰੇਲਰ ਦਿਖਾਇਆ ਗਿਆ ਸੀ। ਸੁਭਾਵਿਕ ਤੌਰ ਤੇ ਦਸਤਾਰ ਲਫਜ ਸਿੱਖ ਜਗਤ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਲਫਜ ਹੈ ਅਤੇ ਦਸਤਾਰ ਦਾ ਆਮ ਮਾਇਨਾ ਪੱਗ ਹੈ ਜਿਹੜਾ ਕਿ ਸਿੱਖਾਂ ਦੇ ਪਹਿਰਾਵੇ ਦਾ ਅਹਿਮ ਅੰਗ ਹੈ। ਖਾਲਸਾ ਨੇ ਇਸ ਨੂੰ ਦਸਤਾਰਾ ਵੀ ਕਿਹਾ ਹੈ। ਦਸਤਾਰ ਹਰ ਸਿੱਖ ਲਈ ਫਖਰ ਵਾਲੀ ਗਲ ਹੈ, ਜ਼ਿੰਮੇਵਾਰੀ ਦਾ ਅਹਿਸਾਸ ਹੈ ਅਤੇ ਉਸ ਦੀ ਪਹਿਚਾਣ ਹੈ। ਕਿਸੇ ਵੀ ਸਮਾਜ ਵਿਚ ਵਿਚਰਦਿਆਂ ਦੂਜੇ ਲੋਕਾਂ ਨਾਲ ਇਕ ਸਿੱਖ ਦੇ ਸੰਬੰਧ ਦਾ ਪ੍ਰਤੀਕ ਵੀ ਹੈ। ਕਈ ਸਾਲ ਪਹਿਲਾਂ ਸਿਡਨੀ ਵਿੱਚ ਆਸਟ੍ਰੇਲੀਅਨ ਸਿੱਖ ਗੇਮਜ ਦੌਰਾਨ ਸਿੱਖ ਫੋਰਮ ਵਲੋਂ ਕਰਵਾਏ ਗਏ ਸੈਮੀਨਾਰ ਵਿੱਚ ਇਹ ਇਕ ਵਿਸਾ ਵੀ ਸੀ, ' , '. ਇਸ ਵਿਸੇ ਉੱਤੇ ਬੋਲਣ ਵਾਲੇ ਬੁਲਾਰਿਆਂ ਵਿੱਚ ਮੈਂ ਵੀ ਸਾਮਲ ਸੀ। ਉਸ ਸਭ ਕੁਝ ਨੂੰ ਯਾਦ ਕਰਦਿਆਂ ਮੈਂ ਦਸਤਾਰ ਦੇ ਸੰਦਰਭ ਵਿੱਚ ਆਪਣੇ ਵਿਚਾਰ ਇਕ ਵਾਰ ਫਿਰ ਸਾਂਝੇ ਕਰਨੇ ਚਾਹੁੰਦਾ ਹਾਂ।

ਦਸਤਾਰ ਦੇ ਕਈ ਰੰਗ, ਰੂਪ ਅਤੇ ਬੰਨ੍ਹਣ ਦੇ ਸਟਾਇਲ ਹਨ। ਦਸਤਾਰ ਨੂੰ ਪੱਗ, ਪਗੜੀ ਤੇ ਦੁਮਾਲਾ ਆਦਿ ਵੀ ਕਿਹਾ ਜਾਂਦਾ ਹੈ ਜਿਵੇਂ ਕਿ ਨਿਹੰਗ ਸਿੰਘਾਂ ਦੇ ਸਟਾਇਲ ਨੂੰ ਦੁਮਾਲਾ ਕਿਹਾ ਜਾਂਦਾ ਹੈ ਜਿਹੜਾ ਕਿ ਨੀਲਾ ਹੁੰਦਾ ਹੈ ਅਤੇ ਅਖੰਡ ਕੀਰਤਨੀ ਪੱਗ ਵੀ ਨੀਲੇ ਰੰਗ ਦੀ ਹੁੰਦੀ ਹੈ। ਨਾਮਧਾਰੀ ਸਟਾਇਲ ਵੀ ਵੱਖਰਾ ਸਟਾਇਲ ਹੈ ਅਤੇ ਇਸ ਦਾ ਅਤੇ ਨਾਨਕਸਰੀ ਪੱਗ ਦਾ ਰੰਗ ਸਫੇਦ ਹੁੰਦਾ ਹੈ। ਇਸ ਦੇ ਨਾਲ ਪਟਿਆਲਾ ਸਾਹੀ ਅਤੇ ਅੰਮ੍ਰਿਤਸਰੀ ਸਟਾਇਲ ਵੀ ਹਨ ਅਤੇ ਪੱਗ ਮਨ ਪਸੰਦ ਦੇ ਰੰਗ ਦੀ ਹੁੰਦੀ ਹੈ। ਪੱਗ ਦੇ ਰੰਗ ਦਾ ਪਹਿਨਣ ਵਾਲੇ ਦੀ ਉਮਰ ਨਾਲ ਵੀ ਗਹਿਰਾ ਸੰਬੰਧ ਵੀ ਹੁੰਦਾ ਹੈ। ਸਿੱਖ ਸਮਾਜ ਨੇ ਪੱਗ ਦੇ ਰੰਗ ਅਤੇ ਸਟਾਇਲ ਨਾਲ ਆਪਣੇ ਆਪ ਨੂੰ ਧਾਰਮਿਕ ਅਤੇ ਸਮਾਜਿਕ ਤੌਰ ਤੇ ਦੂਜਿਆਂ ਤੋਂ ਵੱਖਰਾ ਦਰਸਾਉਣ ਦੀ ਕੋਸ਼ਿਸ਼ ਕੀਤੀ ਲਗਦੀ ਹੈ। ਦਸਤਾਰ ਦਾ ਪਹਿਨਣਾ ਸਿਰਫ ਸਿੱਖ ਸਮਾਜ ਤਕ ਹੀ ਸੀਮਿਤ ਨਹੀਂ ਹੈ। ਦੂਜੇ ਸਮਾਜਾਂ ਵਿੱਚ ਵੀ ਇਹ ਪ੍ਰਚਲਤ ਸੀ ਤੇ ਹੈ ਅਤੇ ਇਸ ਦੀ ਮਹੱਤਤਾ ਉਨ੍ਹਾਂ ਦੀਆਂ ਪ੍ਰੰਪਰਾਵਾਂ ਅਨੁਸਾਰ ਹੈ। ਪੁਰਾਤਨ ਕਾਲ ਵਿੱਚ ਏਸੀਆ ਅਤੇ ਪੂਰਬੀ ਦੇਸਾਂ ਵਿਚ ਦਸਤਾਰ ਨੂੰ ਬਜੁਰਗੀ, ਇੱਜਤ ਅਤੇ ਉੱਚੇ ਰੁਤਬੇ ਦਾ ਪ੍ਰਤੀਕ ਸਮਝਿਆ ਜਾਂਦਾ ਸੀ। ਭਾਰਤੀ ਸਮਾਜ ਦੇ ਕਈ ਹਿੱਸਿਆਂ ਵਿੱਚ ਦਸਤਾਰਬੰਦੀ ਦੀ ਇਕ ਰਸਮ ਅਦਾ ਕੀਤੀ ਜਾਂਦੀ ਹੈ ਤਾਂ ਕਿ ਦਸਤਾਰ ਬੰਨ੍ਹਣ ਵਾਲੇ ਨੂੰ ਇਕ ਜ਼ਿੰਮੇਵਾਰੀ ਦਿੱਤੀ ਜਾ ਸਕੇ। ਘਰ ਦੇ ਮੁਖੀ ਦੇ ਸਵਰਗਵਾਸ ਹੋਣ ਤੋਂ ਬਾਦ ਸਭ ਤੋਂ ਵੱਡੇ ਪੁੱਤਰ ਦੇ ਸਿਰ ਉੱਤੇ ਪੱਗ ਬੰਨ੍ਹੀ ਜਾਣ ਦਾ ਮਤਲਬ ਹੈ ਕਿ ਅੱਜ ਤੋਂ ਘਰ ਦੀ ਹਰ ਜ਼ਿੰਮੇਵਾਰੀ ਉਸ ਦੀ ਹੈ। ਪਹਿਲਵਾਨੀ ਦੇ ਖੇਤਰ ਵਿਚ ਅੰਤਮ ਮੁਕਾਬਲਾ ਜਿੱਤਣ ਵਾਲੇ ਦੇ ਸਿਰ ਉੱਤੇ ਪੱਗ ਬੰਨ੍ਹਣ ਦਾ ਮਤਲਬ ਹੁੰਦਾ ਹੈ ਕਿ ਉਹ ਸਭ ਤੋਂ ਜ਼ਿਆਦਾ ਤਾਕਤਵਰ ਪਹਿਲਵਾਨ ਹੈ ਜਿਹੜੀ ਕਿ ਉਸ ਲਈ ਮਾਣ ਵਾਲੀ ਗੱਲ ਹੁੰਦੀ ਹੈ ਅਤੇ ਉਹ ਆਉਣ ਵਾਲੀਆਂ ਕੁਸਤੀਆਂ ਤਕ ਇਸ ਨੂੰ ਬਹੁਤ ਫਖਰ ਨਾਲ ਪਹਿਨ ਕੇ ਸਮਾਜ ਵਿਚ ਵਿਚਰਦਾ ਹੈ। ਮਾਪਿਆਂ ਵਲੋਂ ਆਪਣੀ ਸੰਤਾਨ ਨੂੰ ਕਿਸੇ ਧੰਦੇ ਤੇ ਲਗਾਉਣ ਵੇਲੇ ਸਾਕ ਸਬੰਧੀਆਂ ਵੱਲੋਂ ਵੀ ਪੱਗ ਦੇ ਕੇ ਉਸ ਨੂੰ ਜ਼ਿੰਮੇਵਾਰੀ ਦਾ ਅਹਿਸਾਸ ਦਿਵਾਇਆ ਜਾਂਦਾ ਹੈ ਅਤੇ ਵਿਆਹਾਂ ਵੇਲੇ ਰਿਸਤੇਦਾਰਾਂ ਦੇ ਸਨਮਾਨ ਵਿੱਚ ਵੀ ਪੱਗ ਦਿੱਤੀ ਜਾਂਦੀ ਹੈ। ਹੋਰ ਵੀ ਬਹੁਤ ਸਮਾਜਕ ਅਤੇ ਧਾਰਮਿਕ ਰਸਮਾਂ ਹਨ ਜਦੋਂ ਪੱਗ ਕਿਸੇ ਖਾਸ ਭਾਵਨਾ ਦਾ ਪ੍ਰਤੀਕ ਬਣਦੀ ਹੈ। ਮੁਸਲਮ ਸਮਾਜ ਵਿੱਚ ਕਿਸੇ ਵੀ ਸਮਾਜਕ ਇਨਸਾਫ ਕਰਨ ਵਾਲੇ ਇਨਸਾਨ ਦੇ ਸਿਰ ਉੱਤੇ ਪੱਗ ਹੋਣ ਦਾ ਮਤਲਬ ਹੁੰਦਾ ਹੈ ਕਿ ਉਸ ਕੋਲ ਇਨਸਾਫ ਕਰਨ ਦੀ ਤਾਕਤ ਹੈ ਅਤੇ ਉਸ ਤੋਂ ਨਿਰਪੱਖ ਇਨਸਾਫ ਦੀ ਆਸ ਕੀਤੀ ਜਾਂਦੀ ਹੈ ਜਿਹੜੀ ਕਿ ਉਸ ਦੀ ਜ਼ਿੰਮੇਵਾਰੀ ਵੀ ਹੈ। ਮਸਜਦ ਦੇ ਮੁਖੀ ਦੇ ਤੌਰ ਤੇ ਮੌਲਾਨਾ ਦੇ ਸਿਰ ਉੱਤੇ ਪੱਗ ਦਾ ਮਤਲਬ ਹੈ ਕਿ ਉਸ ਦੀ ਧਾਰਮਿਕ ਜ਼ਿੰਮੇਵਾਰੀ ਹੈ ਇਕ ਉਹ ਅੱਲਾ ਦਾ ਫੁਰਮਾਨ ਲੋਕਾਂ ਤਕ ਪਹੁੰਚਾ ਸਕੇ ਅਤੇ ਇਕ ਵਧੀਆ ਸਮਾਜ ਸਿਰਜ ਸਕੇ। ਅੰਗਰੇਜੀ ਵਿਚ ਦਸਤਾਰ ਨੂੰ ਹੈਡ ਗਿਆਰ ਕਿਹਾ ਜਾਂਦਾ ਹੈ ਤੇ ਹੋਰ ਸਮਾਜਾਂ ਵਿੱਚ ਉਨ੍ਹਾਂ ਦੀ ਭਾਸਾ ਦੇ ਅਨੁਸਾਰ ਨਾਮ ਦਿੱਤੇ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਜਿਸੱਸ ਤੋਂ ਪਹਿਲਾਂ ਵੀ ਪੱਗ ਲੋਕਾਂ ਦੇ ਪਹਿਰਾਵੇ ਦਾ ਇਕ ਹਿੱਸਾ ਸੀ ਅਤੇ ਇਸ ਦੇ ਬਹੁਤ ਸਾਰੇ ਸਬੂਤ ਵੀ ਮਿਲਦੇ ਹਨ। ਸਮੇਂ, ਸਥਾਨ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਅਨੁਸਾਰ ਇਸ ਦੇ ਰੂਪ ਵੀ ਬਦਲ ਗਏ ਹਨ। ਸਿੱਖ ਸਮਾਜ ਵਿੱਚ ਵੀ ਦਸਤਾਰ ਅਤੇ ਇਸ ਦੇ ਰੂਪ ਨਾਲ ਸਿੱਖਾਂ ਦੀ ਧਾਰਮਿਕ ਪ੍ਰਪੱਕਤਾ ਦਾ ਰਿਸਤਾ ਵੀ ਦਰਸਾਇਆ ਜਾਂਦਾ ਹੈ। ਸਿੱਖ ਸਮਾਜ ਵਿੱਚ ਸਿੱਖਾਂ ਦੇ ਸਾਰੇ ਗੁਰੂ ਸਾਹਿਬਾਨ ਨੇ ਪੱਗ ਪਹਿਨੀ ਸੀ ਅਤੇ ਦਸਵੇਂ ਗੁਰੂ ਸਾਹਿਬਾਨ ਗੁਰੂ ਗੋਬੰਦ ਸਿੰਘ ਨੇ ਸਿੱਖਾਂ ਦੇ ਪਹਿਰਾਵੇ ਦਾ ਜਰੂਰੀ ਅੰਗ ਬਣਾ ਦਿੱਤਾ। ਇਸ ਲਈ ਦਸਤਾਰ ਸਿੱਖਾਂ ਲਈ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਅਤੇ ਪ੍ਰਤੀਕ ਵੀ ਹੈ। ਭਾਰਤੀ ਸਮਾਜ ਵਿੱਚ ਵੀ ਇਸ ਦੀ ਪਹਿਚਾਣ ਸਿੱਖ ਸਮਾਜ ਨਾਲ ਖਾਸ ਕਰਕੇ ਸਮਝੀ ਜਾਣ ਲਗ ਪਈ ਹੈ। ਦੁਨੀਆ ਦੇ ਬਹੁਤ ਦੇਸਾਂ ਵਿਚ ਵਸਣ ਦੇ ਬਾਵਜੂਦ ਵੀ ਦਸਤਾਰ ਕਰਕੇ ਸਿੱਖਾਂ ਨੂੰ ਮੁਸਲਮਾਨ ਹੋਣ ਦੇ ਭੁਲੇਖੇ ਦਾ ਸਾਹਮਣਾ ਕਰਨਾ ਪਿਆ ਹੈ ਜਿਸ ਦਾ ਨਤੀਜਾ ਕਦੇ ਕਦੇ ਉਨ੍ਹਾਂ ਪ੍ਰਤੀ ਸਮਾਜਕ ਨਫਰਤ ਵੀ ਹੋਇਆ ਹੈ। ਇਸ ਲਈ ਸਿੱਖਾਂ ਨੂੰ ਕਿਸੇ ਵੀ ਸਮਾਜ ਵਿੱਚ ਵਿਚਰਣ ਲਈ ਬਹੁਤ ਹੀ ਸਾਵਧਾਨੀ ਨਾਲ ਤੇ ਜ਼ਿੰਮੇਵਾਰੀ ਨਾਲ ਰਹਿਣ ਦੀ ਜਰੂਰਤ ਹੈ। ਸਾਇਦ ਇਹੀ ਕਾਰਨ ਹੈ ਕਿ ਸਮਾਜ ਨੂੰ ਆਪਣੀ ਪਹਿਚਾਣ ਤੋਂ ਵਾਕਿਫ ਕਰਵਾਉਣ ਲਈ ਦਸਤਾਰ ਨਾਂ ਦੀ ਫਿਲਮ ਬਣਾਉਣ ਦੀ ਜਰੂਰਤ ਮਹਿਸੂਸ ਹੋਈ ਹੈ। ਟ੍ਰੇਲਰ ਦੇਖਣ ਨਾਲ ਪਤਾ ਲਗਦਾ ਹੈ ਕਿ ਫਿਲਮ ਇੰਗਲੈਂਡ ਦੀ ਭੂਮੀ ਅਤੇ ਹਾਲਾਤਾਂ ਨਾਲ ਸਬੰਧਤ ਲਗਦੀ ਹੈ। ਇਸ ਫਿਲਮ ਦੇ ਮੁੱਖ ਕਲਾਕਾਰ ਤਰਸੇਮ ਜੱਸੜ ਅਤੇ ਯੋਗਰਾਜ ਸਿੰਘ ਹਨ ਅਤੇ ਇਸ ਵਿਚ ਅੰਗਰੇਜ ਪਾਤਰ ਵੀ ਦਿਖਾਈ ਦੇ ਰਹੇ ਹਨ। ਇਸ ਲਈ ਇਹ ਦੋ ਭਾਸੀ ਫਿਲਮ ਲਗਦੀ ਹੈ। ਫਿਲਮ ਦੇਖ ਕੇ ਹੀ ਪਤਾ ਲੱਗੇਗਾ ਕਿ ਇਹ ਦਸਤਾਰ ਪ੍ਰਤੀ ਇੱਕ ਖਾਸ ਸੁਨੇਹਾ ਦੇਣ ਵਿੱਚ ਕਾਮਯਾਬ ਹੋਈ ਹੈ ਜਾਂ ਕਿ ਵਪਾਰਕ ਫਿਲਮ ਹੋ ਕੇ ਰਹਿ ਗਈ ਹੈ।

ਡਾ: ਦਵਿੰਦਰ ਸਿੰਘ ਜੀਤਲਾ
Dr. Davinder Singh Jitla



# ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਰਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਬਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .........**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮੈਹਲਾ ਮਾਜਰਾ ਤੇ ਹੋਰ ਕਹਾਣੀਆਂ** (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁੜੀ ਕਹਾਣੀ ਬਣਦੀ ਗਈ'** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2025)
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ, ਓਵਰਟਾਈਮ ਤੇ ਮੈਂ ਸਿਡਨੀ ਤੋਂ ਸੂਬੇਦਾਰ ਸਰੈਣ ਸਿੰਘ ਬੋਲਦਾਂ** (ਤਿੰਨ ਲਘੂ ਨਾਟਕ) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ
13). 5 Essays in English
14). ਲੇਖਕ ਦੀਆਂ ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ', 'ਸਿਡਨੀ ਦੀਆਂ ਰੇਲ ਗੱਡੀਆਂ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ। ਇਨ੍ਹਾਂ ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ ਤੇ 1 ਕਹਾਣੀ'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ 3 ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ'**, '.....**'ਤੇ ਪ੍ਰੀਖਿਆ ਚਲਦੀ ਰਹੀ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
27). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।
28). ਲੇਖਕ ਦੀਆਂ ਚਾਰ ਕਹਾਣੀਆਂ ਮੁਫਤ ਰੇਲ ਸਫਰ, ਬੱਦਲਾਂ ਹੇਠ ਛੁਪਿਆ ਸੂਰਜ, ਟੇਢੀ ਲੱਕੜੀ ਤੇ ਚੋਰ ਅੱਖ ਪ੍ਰਸਿੱਧ ਆਡੀਓਗ੍ਰਾਫਰ ਸ਼੍ਰੀਮਤੀ ਦਵਿੰਦਰ ਕੌਰ ਸੈਣੀ ਆਪਣੇ ਯੂ-ਟਿਊਬ ਚੈਨਲ ਤੇ ਪਾ ਚੁੱਕੇ ਹਨ।

ਆਜ਼ਾਦ ਬੁੱਕ ਡੀਪੋ, ਹਾਲ ਬਜ਼ਾਰ, ਅੰਮ੍ਰਿਤਸਰ (ਪੰਜਾਬ) ਸੰਪਰਕ 0183-2292513, ਮੋਬਾ: 94631-70369

# ਪਠਾਨਕੋਟ-ਜੋਗਿੰਦਰਨਗਰ ਸੈਕਸਨ 'ਤੇ ਰੇਲ ਸੇਵਾ 10 ਦਿਨਾਂ ਦੀ ਮੁਅੱਤਲੀ ਤੋਂ ਬਾਅਦ ਮੁੜ ਬਹਾਲ



ਉੱਤਰੀ ਰੇਲਵੇ, ਜੰਮੂ ਡਿਵੀਜਨ ਨੇ ਲਗਾਤਾਰ ਪੈ ਰਹੇ ਮੀਂਹ ਕਾਰਨ 21 ਜੁਲਾਈ ਨੂੰ ਪਠਾਨਕੋਟ-ਜੋਗਿੰਦਰਨਗਰ ਸੈਕਸਨ 'ਤੇ ਨੈਰੋ ਗੇਜ ਰੇਲ ਸੇਵਾਵਾਂ ਤਿੰਨ ਦਿਨਾਂ ਲਈ ਮੁਅੱਤਲ ਕਰ ਦਿੱਤੀਆਂ ਸਨ, ਪਰ ਇਸ ਨੂੰ ਹੁਣ ਦਸ ਦਿਨਾਂ ਬਾਅਦ ਸੁੱਕਰਵਾਰ ਨੂੰ ਸੇਵਾ ਬਹਾਲ ਕੀਤਾ ਗਿਆ ਹੈ। ਉੱਤਰੀ ਰੇਲਵੇ ਜੰਮੂ ਡਿਵੀਜਨ ਦੁਆਰਾ ਜਾਰੀ ਜਾਣਕਾਰੀ ਅਨੁਸਾਰ ਪਠਾਨਕੋਟ ਅਤੇ ਬੈਜਨਾਥ ਪਪਰੋਲਾ ਵਿਚਕਾਰ ਚੱਲਣ ਵਾਲੇ ਯਾਤਰੀ ਰੇਲਗੱਡੀਆਂ ਦੇ ਦੋ ਜੋੜਿਆਂ ਨੇ 31 ਜੁਲਾਈ ਨੂੰ ਸੇਵਾਵਾਂ ਮੁੜ ਸ਼ੁਰੂ ਕਰ ਦਿੱਤੀਆਂ ਹਨ। ਇਨ੍ਹਾਂ ਰੇਲ ਗੱਡੀਆਂ ਨੂੰ ਇਸ ਤੋਂ ਪਹਿਲਾਂ ਲਗਪਗ ਚਾਰ ਸਾਲ ਮੁਅੱਤਲ ਰਹਿਣ ਤੋਂ ਬਾਅਦ 2 ਜੂਨ ਨੂੰ ਬਹਾਲ ਕੀਤਾ ਗਿਆ ਸੀ।

ਪਠਾਨਕੋਟ-ਜੋਗਿੰਦਰਨਗਰ ਸੈਕਸਨ 'ਤੇ ਰੇਲ ਸੇਵਾਵਾਂ ਅਗਸਤ 2022 ਵਿੱਚ ਨੂਰਪੁਰ ਦੇ ਕੰਧਵਾਲ ਵਿਖੇ ਪੁਰਾਣੇ ਅੰਤਰ-ਰਾਜੀ ਚੱਕੀ ਰੇਲਵੇ ਪੁਲ ਦੇ ਰੁੜ੍ਹ ਜਾਣ ਤੋਂ ਬਾਅਦ ਮੁਅੱਤਲ ਕਰ ਦਿੱਤੀਆਂ ਗਈਆਂ ਸਨ। ਰੁਕਾਵਟ ਤੋਂ ਪਹਿਲਾਂ ਇਸ ਰੂਟ 'ਤੇ ਯਾਤਰੀ ਰੇਲਗੱਡੀਆਂ ਦੇ ਸੱਤ ਜੋੜੇ ਚੱਲਦੇ ਸਨ। ਹਾਲਾਂਕਿ, ਪੁਲ ਦੇ ਮੁੜ ਨਿਰਮਾਣ ਅਤੇ ਨਿਰੰਤਰ ਜਨਤਕ ਮੰਗ ਅਤੇ ਪ੍ਰਦਰਸਨਾਂ ਤੋਂ ਬਾਅਦ, ਉੱਤਰੀ ਰੇਲਵੇ ਨੇ ਸਿਰਫ ਦੋ ਜੋੜੇ ਰੇਲਗੱਡੀਆਂ ਹੀ ਬਹਾਲ ਕੀਤੀਆਂ ਹਨ।

ਕਾਂਗੜਾ ਵੈਲੀ ਰੇਲਵੇ ਸੰਘਰਸ ਸੰਮਤੀ ਸੱਤਾਂ ਜੋੜਿਆਂ ਰੇਲਗੱਡੀਆਂ ਦੀ ਮੁੜ ਬਹਾਲੀ ਦੀ ਮੰਗ ਨੂੰ ਲੈ ਕੇ ਪੰਜ ਮਹੀਨਿਆਂ ਤੋਂ ਵੱਧ ਸਮੇਂ ਤੋਂ ਸੰਘਰਸ ਕਰ ਰਹੀ ਹੈ। ਕਮੇਟੀ ਨੇ ਬਾਕੀ ਸੇਵਾਵਾਂ ਦੀ ਬਹਾਲੀ ਲਈ ਜੋਰ ਪਾਉਣ ਲਈ ਕਾਂਗੜਾ ਜਿਲ੍ਹੇ ਦੇ ਵੱਖ-ਵੱਖ ਰੇਲਵੇ ਸਟੇਸਨਾਂ ਅਤੇ ਡਿਪਟੀ ਕਮਿਸਨਰ, ਕਾਂਗੜਾ ਦੇ ਦਫਤਰ ਬਾਹਰ ਪ੍ਰਦਰਸਨ ਕੀਤੇ ਹਨ।

ਇਸ ਦੌਰਾਨ, ਨੂਰਪੁਰ ਦੇ ਜੋਨਲ ਰੇਲਵੇ ਯੂਜਰਜ ਕੰਸਲਟੇਟਿਵ ਕਮੇਟੀ () ਦੇ ਮੈਂਬਰ ਦੀਪਕ ਭਾਰਦਵਾਜ ਨੇ ਕਾਂਗੜਾ ਵੈਲੀ ਰੇਲਵੇ ਸੇਵਾ ਦੇ ਵਾਰ-ਵਾਰ ਮੁਅੱਤਲ ਹੋਣ 'ਤੇ ਚਿੰਤਾ ਪ੍ਰਗਟ ਕੀਤੀ ਹੈ। ਰੇਲਵੇ ਨੂੰ ਕਾਂਗੜਾ ਜਿਲ੍ਹੇ ਦੇ ਲੋਕਾਂ ਲਈ ਜੀਵਨ ਰੇਖਾ ਕਰਾਰ ਦਿੰਦਿਆਂ, ਉਨ੍ਹਾਂ ਕਿਹਾ ਕਿ ਵਾਰ-ਵਾਰ ਹੋਣ ਵਾਲੀਆਂ ਰੁਕਾਵਟਾਂ ਕਾਰਨ ਯਾਤਰੀਆਂ, ਸੈਲਾਨੀਆਂ ਅਤੇ ਵਪਾਰਕ ਭਾਈਚਾਰੇ ਨੂੰ ਅਸੁਵਿਧਾ ਦਾ ਸਾਹਮਣਾ ਕਰਨਾ ਪਿਆ ਹੈ।

ਉਨ੍ਹਾਂ ਕਿਹਾ, "ਅਗਸਤ 2022 ਵਿੱਚ ਮੁਅੱਤਲ ਕੀਤੇ ਗਏ ਸਾਰੇ ਸੱਤ ਜੋੜੇ ਰੇਲਗੱਡੀਆਂ ਨੂੰ ਬਹਾਲ ਕਰਨ ਦੀ ਬਜਾਏ, ਉੱਤਰੀ ਰੇਲਵੇ ਨੇ ਪਠਾਨਕੋਟ-ਜੋਗਿੰਦਰਨਗਰ ਸੈਕਸਨ 'ਤੇ ਸਿਰਫ ਦੋ ਜੋੜੇ ਹੀ ਮੁੜ ਸੁਰੂ ਕੀਤੇ ਹਨ।"

ਉਨ੍ਹਾਂ ਕਿਹਾ, ਅੰਸਿਕ ਬਹਾਲੀ ਅਤੇ ਮਾਨਸੂਨ ਦੌਰਾਨ ਵਾਰ-ਵਾਰ ਮੁਅੱਤਲੀ ਨੇ ਹਜਾਰਾਂ ਰੋਜਾਨਾ ਯਾਤਰੀਆਂ ਨੂੰ ਨਿਰਾਸ ਕੀਤਾ ਹੈ। ਭਾਰਦਵਾਜ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਮੀਟਿੰਗਾਂ ਵਿੱਚ ਇਹ ਮੁੱਦਾ ਵਾਰ-ਵਾਰ ਉਠਾਇਆ ਹੈ ਅਤੇ ਰੇਲਵੇ ਅਧਿਕਾਰੀਆਂ ਨੂੰ ਇਸ ਰੂਟ 'ਤੇ ਬਾਕੀ ਪੰਜ ਜੋੜੇ ਯਾਤਰੀ ਰੇਲਗੱਡੀਆਂ ਨੂੰ ਬਹਾਲ ਕਰਨ ਲਈ ਇੱਕ ਸਪੱਸਟ ਸਮਾਂ-ਸੀਮਾ ਦਾ ਐਲਾਨ ਕਰਨ ਦੀ ਅਪੀਲ ਕੀਤੀ ਹੈ।

# ਕੇਂਦਰ ਸਰਕਾਰ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਇਨਕਾਰ: ਸੁਰੱਖਿਆ ਕਾਰਨਾਂ ਦਾ ਦਿੱਤਾ ਹਵਾਲਾ



ਕੇਂਦਰ ਸਰਕਾਰ ਨੇ ਮੌਜੂਦਾ ਸੁਰੱਖਿਆ ਸਥਿਤੀ ਦਾ ਹਵਾਲਾ ਦਿੰਦਿਆਂ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਹੈ। ਕੇਂਦਰੀ ਵਿਦੇਸ ਮੰਤਰਾਲੇ ਦਾ ਕਹਿਣਾ ਹੈ ਕਿ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੋਲ੍ਹਣ ਬਾਰੇ ਸਿੱਖ ਧਾਰਮਿਕ ਸਮੂਹਾਂ ਵੱਲੋਂ ਪੱਤਰ ਪ੍ਰਾਪਤ ਹੋਏ ਹਨ, ਪਰ ਸੁਰੱਖਿਆ ਹਾਲਤਾਂ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਨੂੰ ਬੰਦ ਰੱਖਣ ਲਈ ਮਜਬੂਰ ਕੀਤਾ ਹੋਇਆ ਹੈ। ਸੰਸਦ ਦੇ ਚੱਲ ਰਹੇ ਮੌਨਸੂਨ ਸੈਸਨ ਵਿੱਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਅਤੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਇਹ ਸਵਾਲ ਉਠਾਇਆ ਗਿਆ ਸੀ।

7 ਮਈ 2025 ਤੋਂ ਮੁਅੱਤਲ ਹੈ ਲਾਂਘੇ ਦੀਆਂ ਸੇਵਾਵਾਂ

ਕੇਂਦਰੀ ਵਿਦੇਸ ਮੰਤਰਾਲੇ ਨੇ ਦੱਸਿਆ ਕਿ ਪਹਿਲਗਾਮ ਅਤਿਵਾਦੀ ਹਮਲੇ ਤੋਂ ਬਾਅਦ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀਆਂ ਸੇਵਾਵਾਂ ਨੂੰ 7 ਮਈ 2025 ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਹੁਣ ਕਰੀਬ ਸਵਾ ਸਾਲ ਤੋਂ ਕਰਤਾਰਪੁਰ ਲਾਂਘਾ ਬੰਦ ਪਿਆ ਹੈ ਅਤੇ ਸਿੱਖ ਭਾਈਚਾਰੇ ਵੱਲੋਂ ਇਹ ਲਾਂਘਾ ਖੋਲ੍ਹੇ ਜਾਣ ਦੀ ਅਪੀਲ ਕੀਤੀ ਜਾ ਰਹੀ ਹੈ। ਭਾਰਤ-ਪਾਕਿਸਤਾਨ ਸਰਕਾਰ ਨੇ ਸਰਧਾਲੂਆਂ ਦੀ ਸਹੂਲਤ ਲਈ 24 ਅਕਤੂਬਰ 2019 ਨੂੰ ਇੱਕ ਸਮਝੌਤਾ ਕੀਤਾ ਸੀ ਤਾਂ ਜੋ ਸੰਗਤਾਂ ਪਾਕਿਸਤਾਨ ਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸਨਾਂ ਲਈ ਜਾ ਸਕਣ।

ਇਤਿਹਾਸ ਅਤੇ ਲਾਂਘੇ ਦੇ ਬੰਦ ਹੋਣ ਦਾ ਪਿਛੋਕੜ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਸਾਲ ਇੱਥੇ ਬਿਤਾਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ ਪੁਰਬ ਦੇ ਮੌਕੇ 'ਤੇ ਇਹ ਪਵਿੱਤਰ ਲਾਂਘਾ ਦੋਵੇਂ ਮੁਲਕਾਂ ਨੇ ਇੱਕ ਸਮਝੌਤੇ ਤਹਿਤ ਖੋਲ੍ਹਿਆ ਸੀ। ਜਦੋਂ ਕਰੋਨਾ ਮਹਾਂਮਾਰੀ ਚੱਲ ਰਹੀ ਸੀ ਤਾਂ ਉਸ ਵਕਤ ਅਸਥਾਈ ਤੌਰ 'ਤੇ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਮੁੜ 17 ਨਵੰਬਰ 2021 ਨੂੰ ਲਾਂਘਾ ਖੋਲ੍ਹ ਦਿੱਤਾ ਗਿਆ ਸੀ। ਪਹਿਲਗਾਮ ਵਿੱਚ ਹੋਏ ਅਤਿਵਾਦੀ ਹਮਲੇ ਮਗਰੋਂ ਭਾਰਤ-ਪਾਕਿਸਤਾਨ ਦਰਮਿਆਨ ਸਰਹੱਦੀ ਤਣਾਅ ਵਧ ਗਿਆ ਸੀ। ਸਰਧਾਲੂਆਂ ਦੀ ਸੁਰੱਖਿਆ ਦੇ ਮੱਦੇਨਜਰ ਅਸਥਾਈ ਤੌਰ 'ਤੇ ਪਵਿੱਤਰ ਲਾਂਘਾ ਬੰਦ ਕਰ ਦਿੱਤਾ ਗਿਆ ਸੀ ਅਤੇ ਹਾਲੇ ਤੱਕ ਇਹ ਲਾਂਘਾ ਮੁੜ ਖੁੱਲ੍ਹਿਆ ਨਹੀਂ ਹੈ।

ਸਿਆਸੀ ਧਿਰਾਂ ਦੀ ਮੰਗ ਅਤੇ ਭਾਜਪਾ ਦਾ ਰੁਖ

ਸ੍ਰੋਮਣੀ ਅਕਾਲੀ ਦਲ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਬਾਕੀ ਸਿਆਸੀ ਧਿਰਾਂ ਵੱਲੋਂ ਕਰਤਾਰਪੁਰ ਲਾਂਘਾ ਖੋਲ੍ਹੇ ਜਾਣ ਦੀ ਮੰਗ ਉਠਾਈ ਜਾ ਰਹੀ ਹੈ। ਕੇਂਦਰੀ ਵਿਦੇਸ ਮੰਤਰਾਲੇ ਦੇ ਮੌਜੂਦਾ ਰੁਖ ਤੋਂ ਸ੍ਰੀ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੇ ਆਸਾਰ ਕਾਫੀ ਘੱਟ ਹਨ। ਪੰਜਾਬ ਵਿਧਾਨ ਸਭਾ ਚੋਣਾਂ ਨਜਦੀਕ ਹੋਣ ਕਰਕੇ ਸਿੱਖ ਭਾਈਚਾਰੇ ਨੇ ਲਾਂਘਾ ਖੋਲ੍ਹਣ ਦੀ ਮੰਗ ਨੂੰ ਉਠਾਉਣਾ ਸ਼ੁਰੂ ਕਰ ਦਿੱਤਾ ਹੈ, ਪਰ ਭਾਜਪਾ ਇਸ ਬਾਰੇ ਕੋਈ ਫੈਸਲਾ ਨਹੀਂ ਕਰ ਸਕੀ ਹੈ। ਹਾਲਾਂਕਿ ਪੰਜਾਬ ਭਾਜਪਾ ਵੀ ਅੰਦਰੂਨੀ ਤੌਰ 'ਤੇ ਇਹ ਲਾਂਘਾ ਖੋਲ੍ਹੇ ਜਾਣ ਲਈ ਹਾਈਕਮਾਂਡ ਨੂੰ ਕਹਿ ਰਹੀ ਹੈ।

ਭਵਿੱਖ ਦੀਆਂ ਸੰਭਾਵਨਾਵਾਂ ਅਤੇ ਪਿਛਲੇ ਸਫਰ ਦੇ ਅੰਕੜੇ

ਉਂਝ, ਅਕਤੂਬਰ 2024 ਵਿੱਚ ਕਰਤਾਰਪੁਰ ਲਾਂਘੇ ਦੀ ਮਿਆਦ ਵਿੱਚ ਪੰਜ ਸਾਲ ਦਾ ਵਾਧਾ ਕਰ ਦਿੱਤਾ ਗਿਆ ਸੀ। ਸੂਤਰ ਆਖਦੇ ਹਨ ਕਿ ਫਿਲਹਾਲ ਤਾਂ ਪਵਿੱਤਰ ਲਾਂਘਾ ਖੋਲ੍ਹੇ ਜਾਣ ਦੀ ਸੰਭਾਵਨਾ ਘੱਟ ਜਾਪਦੀ ਹੈ, ਪਰ ਪੰਜਾਬ ਚੋਣਾਂ ਦੇ ਨੇੜੇ ਭਾਜਪਾ ਸਿੱਖ ਭਾਈਚਾਰੇ ਨੂੰ ਖੁਸ ਕਰਨ ਲਈ ਸ੍ਰੀ ਕਰਤਾਰਪੁਰ ਲਾਂਘਾ ਖੋਲ੍ਹਣ ਦਾ ਫੈਸਲਾ ਲੈ ਵੀ ਸਕਦੀ ਹੈ। ਜਦੋਂ 2019 ਵਿੱਚ ਇਹ ਲਾਂਘਾ ਖੋਲ੍ਹਿਆ ਗਿਆ ਸੀ ਤਾਂ ਪਹਿਲੇ ਤਿੰਨ ਮਹੀਨਿਆਂ ਵਿੱਚ 44,951 ਯਾਤਰੀ ਕਰਤਾਰਪੁਰ ਸਾਹਿਬ ਦਰਸਨਾਂ ਲਈ ਗਏ ਸਨ।

ਪ੍ਰਾਪਤ ਵੇਰਵਿਆਂ ਅਨੁਸਾਰ ਕਰਤਾਰਪੁਰ ਲਾਂਘੇ ਜਰੀਏ ਸਾਲ 2021 ਵਿੱਚ 10,025, ਸਾਲ 2022 ਵਿੱਚ 86,097 ਅਤੇ ਸਾਲ 2023 ਵਿੱਚ 96,555 ਯਾਤਰੀ ਗਏ ਸਨ। ਬਾਕੀ ਵਰ੍ਹਿਆਂ ਦੇ ਅੰਕੜੇ ਪ੍ਰਾਪਤ ਨਹੀਂ ਹੋ ਸਕੇ।

# ਸੀ. ਐਮ ਮਾਨ ਲੋਕਾਂ ਨੂੰ ਦੱਸਣ ਹੁਣ ਤੱਕ ਕਿੰਨੇ ਚੋਣ ਵਾਅਦੇ ਪੂਰੇ ਹੋਏ: ਨਾਇਬ ਸੈਣੀ



ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸੁੱਕਰਵਾਰ ਨੂੰ ਕਿਹਾ ਕਿ ਉਨ੍ਹਾਂ ਦੇ ਪੰਜਾਬ ਦੇ ਹਮਰੁਤਬਾ ਭਗਵੰਤ ਮਾਨ ਨੂੰ ਲੋਕਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਆਮ ਆਦਮੀ ਪਾਰਟੀ ਦੇ ਚੋਣਾਂ ਤੋਂ ਪਹਿਲਾਂ ਕੀਤੇ ਗਏ ਵਾਅਦਿਆਂ ਵਿੱਚੋਂ ਹੁਣ ਤੱਕ ਕਿੰਨੇ ਵਾਅਦੇ ਪੂਰੇ ਹੋ ਚੁੱਕੇ ਹਨ।

ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਹੁਣ ਬੱਸ ਚਾਰ ਮਹੀਨੇ ਹੀ ਬਾਕੀ ਰਹਿ ਗਏ ਹਨ, ਇਸ ਲਈ ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਇਨ੍ਹਾਂ ਵਿੱਚੋਂ ਕਿੰਨੇ ਵਾਅਦੇ ਪੂਰੇ ਕੀਤੇ ਗਏ ਹਨ। ਉਨ੍ਹਾਂ ਸਵਾਲ ਕੀਤਾ ਕਿ ਕੀ ਮਾਨ ਸਰਕਾਰ ਬਚੇ ਹੋਏ ਥੋੜ੍ਹੇ ਸਮੇਂ ਵਿੱਚ ਬਾਕੀ ਵਾਅਦੇ ਪੂਰੇ ਕਰ ਸਕੇਗੀ।

ਪੰਜਾਬ ਦੇ ਸਨੌਰ ਵਿਖੇ ਸਹੀਦ ਉਧਮ ਸਿੰਘ ਦੇ 87ਵੇਂ ਸਹੀਦੀ ਦਿਵਸ ਨੂੰ ਸਮਰਪਿਤ ਇੱਕ ਸਮਾਗਮ ਵਿੱਚ ਬੋਲਦਿਆਂ ਹਰਿਆਣਾ ਦੇ ਮੁੱਖ ਮੰਤਰੀ ਨੇ ਕਿਹਾ ਕਿ ਸਿਰਫ ਇੱਕ ਭਾਜਪਾ ਸਰਕਾਰ ਹੀ ਨੌਜਵਾਨਾਂ ਦੇ ਵਿਕਾਸ ਲਈ ਮਹਾਨ ਸੁਤੰਤਰਤਾ ਸੰਗਰਾਮੀ ਦੁਆਰਾ ਦੇਖੇ ਗਏ ਸੁਪਨਿਆਂ ਨੂੰ ਪੂਰਾ ਕਰ ਸਕਦੀ ਹੈ।

ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਤੰਜ ਕੱਸਦਿਆਂ ਉਨ੍ਹਾਂ ਟਿੱਪਣੀ ਕੀਤੀ ਕਿ ਕਿਸੇ ਸੂਬੇ ਦਾ ਵਿਕਾਸ ਨਾਅਰਿਆਂ ਨਾਲ ਨਹੀਂ ਸਗੋਂ ਇਰਾਦੇ ਅਤੇ ਵਚਨਬੱਧਤਾ ਨਾਲ ਹੁੰਦਾ ਹੈ।

ਸੈਣੀ ਨੇ ਆਬਕਾਰੀ ਇੰਸਪੈਕਟਰਾਂ ਦੀ ਭਰਤੀ ਵਿੱਚ ਕਥਿਤ "ਬੇਨਿਯਮੀਆਂ" ਨੂੰ ਲੈ ਕੇ ਵੀ ਪੰਜਾਬ ਸਰਕਾਰ ਨੂੰ ਘੇਰਿਆ ਅਤੇ ਇਸ ਨੂੰ ਯੋਗ ਨੌਜਵਾਨਾਂ ਨਾਲ ਘੋਰ ਬੇਇਨਸਾਫੀ ਦੱਸਿਆ।

ਸਮਾਗਮ ਵਿੱਚ ਇੱਕ ਬੁਲਾਰੇ ਦੇ ਇਸ ਦਾਅਵੇ ਦਾ ਹਵਾਲਾ ਦਿੰਦਿਆਂ ਕਿ ਪੰਜਾਬ ਸਰਕਾਰ ਨੇ ਆਪਣੇ ਚੋਣ ਵਾਅਦਿਆਂ ਦਾ ਸਿਰਫ 30 ਫੀਸਦੀ ਹਿੱਸਾ ਹੀ ਪੂਰਾ ਕੀਤਾ ਹੈ, ਸੈਣੀ ਨੇ ਮੁੱਖ ਮੰਤਰੀ ਮਾਨ ਨੂੰ ਪੁੱਛਿਆ ਕਿ ਇਨ੍ਹਾਂ ਵਿੱਚੋਂ ਕਿੰਨੇ ਵਾਅਦੇ ਅਸਲ ਵਿੱਚ ਲਾਗੂ ਕੀਤੇ ਗਏ ਹਨ ਅਤੇ ਕੀ ਉਹ ਅਗਲੇ ਚਾਰ ਮਹੀਨਿਆਂ ਵਿੱਚ ਬਾਕੀ ਵਾਅਦੇ ਪੂਰੇ ਕਰ ਸਕਦੇ ਹਨ।

ਹਰਿਆਣਾ ਵਿੱਚ ਭਾਜਪਾ ਦੇ ਚੋਣ ਮੈਨੀਫੈਸਟੋ ਨਾਲ ਤੁਲਨਾ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਨੇ 2024 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ 217 'ਸੰਕਲਪ' (ਵਾਅਦੇ) ਕੀਤੇ ਸਨ, ਜਿਨ੍ਹਾਂ ਵਿੱਚੋਂ 70 ਸਿਰਫ ਡੇਢ ਸਾਲ ਵਿੱਚ ਪੂਰੇ ਕਰ ਦਿੱਤੇ ਗਏ ਹਨ, ਜਦੋਂ ਕਿ ਬਾਕੀ 147 ਵੀ ਜਲਦੀ ਹੀ ਪੂਰੇ ਕੀਤੇ ਜਾਣਗੇ।

# ਸੁਖਪਾਲ ਖਹਿਰਾ ਵੱਲੋਂ 'ਆਪ' ਮੰਤਰੀਆਂ 'ਤੇ ਗੰਭੀਰ ਦੋਸ਼, ਕਿਹਾ- ਹਰਜੋਤ ਬੈਂਸ ਤੁਰੰਤ ਅਸਤੀਫਾ ਦੇਣ




ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੋਂ ਨੈਤਿਕਤਾ ਅਤੇ ਸਰਕਾਰੀ ਖਜਾਨੇ/ਜਨਤਾ ਨਾਲ ਹੋਈ ਧੋਖਾਧੜੀ ਤੇ ਗੜਬੜੀਆਂ ਦੇ ਗੰਭੀਰ ਦੋਸਾਂ ਦੇ ਆਧਾਰ 'ਤੇ ਤੁਰੰਤ ਅਸਤੀਫੇ ਦੀ ਮੰਗ ਕੀਤੀ ਹੈ। ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਇਸ ਦੇ ਮੰਤਰੀਆਂ ਵਿਰੁੱਧ ਮੋਰਚਾ ਖੋਲ੍ਹਦਿਆਂ ਕਈ ਗੰਭੀਰ ਦੋਸ਼ ਲਾਏ ਹਨ।

ਖਹਿਰਾ ਨੇ ਦਾਅਵਾ ਕੀਤਾ ਹੈ ਕਿ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਜਨਵਰੀ 2024 ਦੌਰਾਨ ਚਾਰ ਦਿਨਾਂ ਲਈ ਕੈਨੇਡਾ ਦੇ ਨਿੱਜੀ ਦੌਰੇ 'ਤੇ ਗਏ ਸਨ ਪਰ ਇਸ ਨੂੰ ਸਰਕਾਰੀ ਦੌਰਾ ਦਿਖਾ ਕੇ ਸਰਕਾਰੀ ਖਜਾਨੇ 'ਚੋਂ ਤਿੰਨ ਲੱਖ ਰੁਪਏ ਲਏ ਗਏ।

ਇਸ ਦੇ ਨਾਲ ਹੀ ਪੰਜਾਬ 'ਚ ਪੇਪਰ ਲੀਕ ਹੋਣ ਦਾ ਦਾਅਵਾ ਕਰਦਿਆਂ ਖਹਿਰਾ ਨੇ ਮੰਗ ਕੀਤੀ ਕਿ ਇਸ ਮਾਮਲੇ ਦੀ ਜਿੰਮੇਵਾਰੀ ਲੈਂਦਿਆਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਤੁਰੰਤ ਮੰਤਰੀ ਮੰਡਲ ਤੋਂ ਬਰਖਾਸਤ ਕੀਤਾ ਜਾਵੇ।

ਕਾਕਰੋਚ ਜਨਤਾ ਪਾਰਟੀ ਨੂੰ ਆਮ ਆਦਮੀ ਪਾਰਟੀ ਦੀ ਮਦਦਗਾਰ ਦੱਸਦਿਆਂ ਸੁਖਪਾਲ ਖਹਿਰਾ ਨੇ ਕਿਹਾ ਕਿ ਪੰਜਾਬ 'ਚ ਹੋਏ ਪੇਪਰ ਲੀਕ ਮਾਮਲੇ 'ਤੇ ਉਨ੍ਹਾਂ ਵੱਲੋਂ ਨਾ ਤਾਂ ਕੋਈ ਬਿਆਨ ਜਾਰੀ ਕੀਤਾ ਗਿਆ ਹੈ ਅਤੇ ਨਾ ਹੀ ਕੋਈ ਵਿਰੋਧ ਜਤਾਇਆ ਗਿਆ ਹੈ।

ਇਸ ਦੌਰਾਨ ਉਨ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਰਦਾਸ ਕਰਨ ਦੇ ਬਾਵਜੂਦ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਨਾ ਕੀਤੇ ਜਾਣ 'ਤੇ ਵੀ ਸਰਕਾਰ ਦੀ ਕਰੜੀ ਨਿੰਦਾ ਕੀਤੀ ਹੈ।

ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਨਿਸਾਨਾ ਸਾਧਦਿਆਂ ਕਿਹਾ ਕਿ 'ਆਪ' ਸਰਕਾਰ ਜੀਰੋ ਟਾਲਰੈਂਸ ਅਤੇ ਬਦਲਾਅ ਦੇ ਵੱਡੇ-ਵੱਡੇ ਦਾਅਵੇ ਕਰਕੇ ਸੱਤਾ 'ਚ ਆਈ ਸੀ ਪਰ ਅੱਜ ਇਸ ਦੇ ਆਪਣੇ ਮੰਤਰੀ ਗੰਭੀਰ ਵਿਵਾਦਾਂ ਅਤੇ ਘੁਟਾਲਿਆਂ ਦੇ ਘੇਰੇ ਵਿੱਚ ਹਨ।

ਖਹਿਰਾ ਦਾ ਕਹਿਣਾ ਹੈ ਕਿ ਜਦੋਂ ਤੱਕ ਮੰਤਰੀ ਆਪਣੇ ਅਹੁਦੇ 'ਤੇ ਬਰਕਰਾਰ ਰਹਿਣਗੇ, ਉਦੋਂ ਤੱਕ ਕਿਸੇ ਵੀ ਮਾਮਲੇ ਦੀ ਨਿਰਪੱਖ ਜਾਂਚ ਹੋਣੀ ਅਸੰਭਵ ਹੈ। ਸੱਤਾ ਅਤੇ ਅਹੁਦੇ ਦਾ ਇਸਤੇਮਾਲ ਕਰਕੇ ਜਾਂਚ ਪ੍ਰਕਿਰਿਆ ਅਤੇ ਸਬੂਤਾਂ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ।

ਕਾਂਗਰਸੀ ਆਗੂ ਨੇ ਦੋਸ ਲਾਇਆ ਕਿ ਸਿੱਖਿਆ ਵਿਭਾਗ ਨਾਲ ਜੁੜੀਆਂ ਵੱਖ-ਵੱਖ ਗੜਬੜੀਆਂ ਅਤੇ ਵਿੱਤੀ ਅਨਿਯਮਤਤਾਵਾਂ ਕਾਰਨ ਸਰਕਾਰੀ ਖਜਾਨੇ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਗੰਭੀਰ ਦੋਸ਼ਾਂ ਦੇ ਚਲਦਿਆਂ ਹਰਜੋਤ ਬੈਂਸ ਕੋਲ ਮੰਤਰੀ ਦੀ ਕੁਰਸੀ 'ਤੇ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ।

ਜੇਕਰ ਸਰਕਾਰ ਵਿੱਚ ਥੋੜ੍ਹੀ ਜਿਹੀ ਵੀ ਨੈਤਿਕਤਾ ਬਾਕੀ ਹੈ ਤਾਂ ਹਰਜੋਤ ਸਿੰਘ ਬੈਂਸ ਨੂੰ ਤੁਰੰਤ ਮੰਤਰੀ ਮੰਡਲ ਤੋਂ ਲਾਂਭੇ ਕੀਤਾ ਜਾਵੇ। ਅਹੁਦੇ 'ਤੇ ਰਹਿੰਦਿਆਂ ਨਿਰਪੱਖ ਜਾਂਚ ਨਹੀਂ ਹੋ ਸਕਦੀ, ਇਸ ਲਈ ਅਸਤੀਫਾ ਦੇ ਕੇ ਜਾਂਚ ਦਾ ਸਾਹਮਣਾ ਕਰਨਾ ਚਾਹੀਦਾ ਹੈ। ਫਿਲਹਾਲ ਇਸ ਬਿਆਨ ਅਤੇ ਵਿਰੋਧੀ ਧਿਰ ਦੇ ਹਮਲਿਆਂ 'ਤੇ ਆਮ ਆਦਮੀ ਪਾਰਟੀ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਖਹਿਰਾ ਦੇ ਇਲਜਾਮਾਂ ਨੂੰ ਬੇਬੁਨਿਆਦ ਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ ਜਾ ਰਿਹਾ ਹੈ।

# ਜਨਮ ਤੇ ਮੌਤ ਸਰਟੀਫਿਕੇਟ ਦੇ ਨਿਯਮਾਂ 'ਚ ਬਦਲਾਅ, ਦੇਰੀ ਹੋਈ ਤਾਂ ਲਗਾਉਣੇ ਪੈਣਗੇ ਅਦਾਲਤ ਦੇ ਚੱਕਰ




ਮਾਨਸੂਨ ਸੈਸ਼ਨ ਦੌਰਾਨ ਵਿਰੋਧੀ ਧਿਰ ਦੇ ਲਗਾਤਾਰ ਹੰਗਾਮੇ ਕਾਰਨ ਸੰਸਦ ਵਿੱਚ ਰੁਕਾਵਟ ਜਾਰੀ ਹੈ। ਸ਼ੁੱਕਰਵਾਰ ਨੂੰ ਲੋਕ ਸਭਾ ਵਿੱਚ ਜਨਮ ਅਤੇ ਮੌਤ ਪੰਜੀਕਰਨ (ਸੰਸ਼ੋਧਨ) ਵਿਧੇਯਕ-2026 ਬਿਨਾਂ ਚਰਚਾ ਦੇ ਧੁਨੀ ਮਤ ਨਾਲ ਪਾਸ ਕਰ ਦਿੱਤਾ ਗਿਆ। ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਪੁਲਿਸ ਕਾਰਵਾਈ, ਚੜ੍ਹਾਵੇ ਦੀ ਚੋਰੀ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਵਿਰੋਧੀ ਧਿਰ ਸਰਕਾਰ ਨੂੰ ਘੇਰਦਾ ਰਿਹਾ। ਇਸ ਕਾਰਨ ਪ੍ਰਸ਼ਨਕਾਲ ਨਹੀਂ ਚੱਲ ਸਕਿਆ ਅਤੇ ਆਖਿਰਕਾਰ ਦੋਵੇਂ ਸਦਨਾਂ ਦੀ ਕਾਰਵਾਈ ਸੋਮਵਾਰ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਹੰਗਾਮੇ ਦੇ ਬਾਵਜੂਦ ਇਸ ਸੈਸ਼ਨ ਵਿੱਚ ਹੁਣ ਤੱਕ ਲੋਕ ਪ੍ਰੀਖਿਆ (ਅਨੁਚਿਤ ਸਾਧਨਾਂ ਦੀ ਰੋਕਥਾਮ) ਸੰਸ਼ੋਧਨ ਵਿਧੇਯਕ ਅਤੇ ਰਾਸ਼ਟਰੀ ਸਨਮਾਨ ਦੇ ਅਪਮਾਨ ਦੀ ਰੋਕਥਾਮ (ਸੰਸ਼ੋਧਨ) ਵਿਧੇਯਕ ਦੋਵੇਂ ਸਦਨਾਂ ਤੋਂ ਪਾਸ ਕਰਵਾਏ ਜਾ ਚੁੱਕੇ ਹਨ।

ਸੰਸਦ ਪਰਿਸਰ ਵਿੱਚ ਵੱਖ-ਵੱਖ ਪਹਿਰਾਵਿਆਂ ਵਿੱਚ ਪ੍ਰਦਰਸ਼ਨ ਪ੍ਰਸ਼ਨਕਾਲ ਸ਼ੁਰੂ ਹੁੰਦੇ ਹੀ ਵਿਰੋਧੀ ਮੈਂਬਰ ਨਾਅਰੇਬਾਜ਼ੀ ਕਰਦੇ ਹੋਏ ਸਪੀਕਰ ਦੀ ਕੁਰਸੀ ਦੇ ਸਾਹਮਣੇ ਆ ਗਏ। ਲੋਕ ਸਭਾ ਸਪੀਕਰ ਓਮ ਬਿਰਲਾ ਦੀ ਅਪੀਲ ਨੂੰ ਵੀ ਉਨ੍ਹਾਂ ਨੇ ਅਣਸੁਣਿਆ ਕਰ ਦਿੱਤਾ। ਬਿਰਲਾ ਨੇ ਕਿਹਾ ਕਿ ਪ੍ਰਸ਼ਨਕਾਲ ਸਰਕਾਰ ਦੀ ਜਵਾਬਦੇਹੀ ਤੈਅ ਕਰਨ ਦਾ ਸਭ ਤੋਂ ਪ੍ਰਭਾਵਸ਼ਾਲੀ ਮਾਧਿਅਮ ਹੈ, ਪਰ ਵਿਰੋਧੀ ਧਿਰ ਇਸ ਨੂੰ ਚੱਲਣ ਨਹੀਂ ਦੇ ਰਹੀ। ਉਨ੍ਹਾਂ ਕਿਹਾ ਕਿ ਕੁਝ ਮੈਂਬਰ ਸੰਸਦ ਪਰਿਸਰ ਵਿੱਚ ਵੱਖ-ਵੱਖ ਪਹਿਰਾਵਿਆਂ ਵਿੱਚ ਪ੍ਰਦਰਸ਼ਨ ਕਰਕੇ ਸਦਨ ਦੀ ਮਰਿਆਦਾ ਨੂੰ ਪ੍ਰਭਾਵਿਤ ਕਰ ਰਹੇ ਹਨ। ਇਸ ਤੋਂ ਬਾਅਦ ਕਾਰਵਾਈ ਦੁਪਹਿਰ ਤੱਕ ਮੁਲਤਵੀ ਕਰ ਦਿੱਤੀ ਗਈ।

ਹੰਗਾਮੇ ਵਿਚਕਾਰ ਧੁਨੀ ਮਤ ਨਾਲ ਪਾਸ ਹੋਇਆ ਬਿੱਲ

ਦੁਪਹਿਰ ਨੂੰ ਸਦਨ ਦੀ ਕਾਰਵਾਈ ਮੁੜ ਸ਼ੁਰੂ ਹੋਣ 'ਤੇ ਵਿਰੋਧੀ ਧਿਰ ਦੇ ਹੰਗਾਮੇ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਦਨ ਵਿੱਚ ਬੁਲਾਉਣ ਦੀ ਮੰਗ ਵਿਚਕਾਰ ਸਰਕਾਰ ਨੇ ਵਿਧੇਯਕ ਚਰਚਾ ਅਤੇ ਪਾਸ ਕਰਨ ਲਈ ਪੇਸ਼ ਕੀਤਾ। ਭਾਰੀ ਸ਼ੋਰ-ਸ਼ਰਾਬੇ ਦੇ ਵਿਚਕਾਰ ਇਹ ਵਿਧੇਯਕ ਧੁਨੀ ਮਤ ਨਾਲ ਪਾਸ ਕਰ ਦਿੱਤਾ ਗਿਆ। ਸੰਸਦੀ ਕਾਰਜ ਮੰਤਰੀ ਕਿਰਨ ਰਿਜਿਜੂ ਨੇ ਕਿਹਾ ਕਿ ਸਰਕਾਰ ਇਸ ਵਿਧੇਯਕ 'ਤੇ ਚਰਚਾ ਚਾਹੁੰਦੀ ਸੀ, ਪਰ ਵਿਰੋਧੀ ਧਿਰ ਨੇ ਹਿੱਸਾ ਨਹੀਂ ਲਿਆ। ਉਨ੍ਹਾਂ ਇਸ ਨੂੰ ਮੰਦਭਾਗਾ ਦੱਸਿਆ ਅਤੇ ਕਿਹਾ ਕਿ ਜਨਤਾ ਆਪਣੇ ਪ੍ਰਤੀਨਿਧੀਆਂ ਤੋਂ ਜਵਾਬ ਮੰਗੇਗੀ।

ਕਾਰਵਾਈ ਸੋਮਵਾਰ ਤੱਕ ਮੁਲਤਵੀ

ਰਾਜ ਸਭਾ ਵਿੱਚ ਵੀ ਵਿਰੋਧੀ ਧਿਰ ਦੇ ਹੰਗਾਮੇ ਕਾਰਨ ਕੋਈ ਕੰਮਕਾਜ ਨਹੀਂ ਹੋ ਸਕਿਆ। ਵਿਰੋਧੀ ਮੈਂਬਰਾਂ ਨੇ ਵਿਦਿਆਰਥੀਆਂ 'ਤੇ ਪੁਲਿਸ ਕਾਰਵਾਈ, ਰਾਮ ਮੰਦਰ ਚੜ੍ਹਾਵਾ ਵਿਵਾਦ ਅਤੇ ਹੋਰ ਮੁੱਦਿਆਂ 'ਤੇ ਸਰਕਾਰ ਖ਼ਿਲਾਫ ਨਾਅਰੇਬਾਜ਼ੀ ਕੀਤੀ। ਸਭਾਪਤੀ ਸੀਪੀ ਰਾਧਾਕ੍ਰਿਸ਼ਨਨ ਨੇ ਵਿਰੋਧੀ ਧਿਰ ਦੇ ਰਵੱਈਏ ਦੀ ਆਲੋਚਨਾ ਕਰਦੇ ਹੋਏ ਸਦਨ ਦੀ ਕਾਰਵਾਈ ਪੂਰੇ ਦਿਨ ਲਈ ਮੁਲਤਵੀ ਕਰ ਦਿੱਤੀ।

ਦੇਰੀ ਹੋਈ ਤਾਂ ਅਦਾਲਤ ਦੇ ਲਗਾਉਣੇ ਪੈਣਗੇ ਚੱਕਰ

ਜਨਮ ਅਤੇ ਮੌਤ ਪੰਜੀਕਰਨ (ਸੰਸ਼ੋਧਨ) ਵਿਧੇਯਕ ਦਾ ਉਦੇਸ਼ ਜਨਮ ਅਤੇ ਮੌਤ ਦੀ ਸਮੇਂ ਸਿਰ ਰਜਿਸਟ੍ਰੇਸ਼ਨ ਨੂੰ ਉਤਸ਼ਾਹਿਤ ਕਰਨਾ ਅਤੇ ਦੇਰੀ ਨਾਲ ਹੋਣ ਵਾਲੀ ਰਜਿਸਟ੍ਰੇਸ਼ਨ ਪ੍ਰਕਿਰਿਆ ਨੂੰ ਹੋਰ ਸਖ਼ਤ ਬਣਾਉਣਾ ਹੈ। ਨਵੇਂ ਨਿਯਮਾਂ ਮੁਤਾਬਕ ਜੇਕਰ ਜਨਮ ਜਾਂ ਮੌਤ ਦੀ ਜਾਣਕਾਰੀ ਦੋ ਸਾਲ ਤੋਂ ਵੱਧ ਸਮੇਂ ਬਾਅਦ ਰਜਿਸਟਰਾਰ ਨੂੰ ਦਿੱਤੀ ਜਾਂਦੀ ਹੈ ਤਾਂ ਰਜਿਸਟ੍ਰੇਸ਼ਨ ਲਈ ਪਹਿਲੀ ਸ਼੍ਰੇਣੀ ਦੇ ਨਿਆਂਇਕ ਮੈਜਿਸਟ੍ਰੇਟ ( ) ਦੇ ਹੁਕਮ ਦੀ ਲੋੜ ਹੋਵੇਗੀ। ਮੌਜੂਦਾ ਨਿਯਮਾਂ ਅਨੁਸਾਰ ਇੱਕ ਸਾਲ ਤੋਂ ਵੱਧ ਦੇਰੀ ਵਾਲੇ ਮਾਮਲਿਆਂ ਵਿੱਚ ਜ਼ਿਲ੍ਹਾ ਮੈਜਿਸਟ੍ਰੇਟ, ਉਪ ਮੰਡਲ ਮੈਜਿਸਟ੍ਰੇਟ ਜਾਂ ਅਧਿਕ੍ਰਿਤ ਕਾਰਜਕਾਰੀ ਮੈਜਿਸਟ੍ਰੇਟ ਦੇ ਹੁਕਮ ਨਾਲ ਰਜਿਸਟ੍ਰੇਸ਼ਨ ਹੋ ਸਕਦੀ ਹੈ। ਸੰਸ਼ੋਧਨ ਤੋਂ ਬਾਅਦ ਇਹ ਪ੍ਰਬੰਧ ਇੱਕ ਸਾਲ ਤੋਂ ਵੱਧ ਅਤੇ ਦੋ ਸਾਲ ਤੱਕ ਦੀ ਦੇਰੀ ਵਾਲੇ ਮਾਮਲਿਆਂ ਵਿੱਚ ਲਾਗੂ ਰਹੇਗਾ, ਜਦਕਿ ਦੋ ਸਾਲ ਤੋਂ ਵੱਧ ਦੇਰੀ ਹੋਣ 'ਤੇ ਨਿਆਂਇਕ ਮੈਜਿਸਟ੍ਰੇਟ ਦੀ ਮਨਜ਼ੂਰੀ ਲੈਣੀ ਲਾਜ਼ਮੀ ਹੋਵੇਗੀ।

# ਖਰਾਬ ਮੌਸਮ ਕਾਰਨ ਅਮਰਨਾਥ ਯਾਤਰਾ ਮੁਲਤਵੀ



ਖਰਾਬ ਮੌਸਮ ਅਤੇ ਰਸਤੇ ਦੀ ਮੁਰੰਮਤ ਦੇ ਕੰਮ ਦੇ ਕਾਰਨ ਬਾਲਟਾਲ ਰਸਤੇ ਤੋਂ ਸਾਲਾਨਾ ਅਮਰਨਾਥ ਯਾਤਰਾ ਸ਼ੁੱਕਰਵਾਰ ਨੂੰ ਮੁਲਤਵੀ ਕਰ ਦਿੱਤੀ ਗਈ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਰੂਰੀ ਮੁਰੰਮਤ ਦੇ ਕੰਮ ਕਾਰਨ ਪਹਿਲਗਾਮ ਰਸਤੇ ਤੋਂ ਅਮਰਨਾਥ ਯਾਤਰਾ ਪਹਿਲਾਂ ਹੀ ਮੁਲਤਵੀ ਕੀਤੀ ਜਾ ਚੁੱਕੀ ਹੈ।

ਬਾਲਟਾਲ ਖੇਤਰ ਵਿੱਚ ਭਾਰੀ ਬਰਸਾਤ

ਵੀਰਵਾਰ ਰਾਤ ਨੂੰ ਬਾਲਟਾਲ ਖੇਤਰ ਵਿੱਚ ਭਾਰੀ ਮੀਂਹ ਪਿਆ, ਜਿਸ ਨਾਲ ਇੱਕ ਥਾਂ 'ਤੇ ਅਚਾਨਕ ਹੜ੍ਹ ਵਰਗੀ ਸਥਿਤੀ ਪੈਦਾ ਹੋ ਗਈ। ਹਾਲਾਂਕਿ, ਇਸ ਘਟਨਾ ਵਿੱਚ ਕਿਸੇ ਦੇ ਜਾਨੀ ਨੁਕਸਾਨ ਜਾਂ ਜਾਇਦਾਦ ਦੇ ਨੁਕਸਾਨ ਦੀ ਕੋਈ ਸੂਚਨਾ ਨਹੀਂ ਮਿਲੀ ਹੈ।

ਸ਼ਰਧਾਲੂਆਂ ਦੀ ਆਵਾਜਾਈ 'ਤੇ ਰੋਕ

ਅਧਿਕਾਰੀਆਂ ਨੇ ਦੱਸਿਆ ਕਿ ਮਾੜੇ ਮੌਸਮ ਅਤੇ ਰਸਤੇ 'ਤੇ ਚੱਲ ਰਹੇ ਮੁਰੰਮਤ ਦੇ ਕੰਮ ਨੂੰ ਵੇਖਦਿਆਂ ਬਾਲਟਾਲ ਮਾਰਗ ਤੋਂ ਕਿਸੇ ਵੀ ਸ਼ਰਧਾਲੂ ਨੂੰ ਪਵਿੱਤਰ ਗੁਫਾ ਮੰਦਰੀ ਵੱਲ ਜਾਣ ਦੀ ਆਗਿਆ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਯਾਤਰਾ ਮਾਰਗ 'ਤੇ ਮੁਰੰਮਤ ਦਾ ਕੰਮ ਲਗਾਤਾਰ ਜਾਰੀ ਹੈ।

ਹੁਣ ਤੱਕ ਸਾਢੇ ਚਾਰ ਲੱਖ ਸ਼ਰਧਾਲੂਆਂ ਨੇ ਕੀਤੇ ਦਰਸ਼ਨ

ਸਾਲਾਨਾ ਅਮਰਨਾਥ ਯਾਤਰਾ 3 ਜੁਲਾਈ ਤੋਂ ਸ਼ੁਰੂ ਹੋਈ ਸੀ ਅਤੇ ਹੁਣ ਤੱਕ ਲਗਭਗ 4.5 ਲੱਖ ਸ਼ਰਧਾਲੂ ਕੁਦਰਤੀ ਤੌਰ 'ਤੇ ਬਣੇ ਹਿਮ ਸ਼ਿਵਲਿੰਗ ਦੇ ਦਰਸ਼ਨ ਕਰ ਚੁੱਕੇ ਹਨ। ਇਹ ਯਾਤਰਾ 28 ਅਗਸਤ ਨੂੰ ਰੱਖੜੀ (ਰੱਖੜ ਬੰਧਨ) ਦੇ ਮੌਕੇ 'ਤੇ ਸਮਾਪਤ ਹੋਵੇਗੀ।

# ਮੋਦੀ ਖਿਲਾਫ ਇਤਰਾਜਯੋਗ ਪੋਸਟਾਂ ਨੂੰ ਲੈ ਕੇ ਮੈਟਾ ਇੰਡੀਆ ਮੁਖੀ ਅਤੇ ਇੰਸਟਾਗ੍ਰਾਮ ਖਾਤਾ ਸੰਚਾਲਕਾਂ ਵਿਰੁੱਧ ਕੇਸ ਦਰਜ




ਹੈਦਰਾਬਾਦ ਵਿੱਚ ਸਾਈਬਰ ਕਰਾਈਮ ਪੁਲੀਸ ਨੇ ਕੌਕਰੋਚ ਜਨਤਾ ਪਾਰਟੀ (ਸੀਜੇਪੀ) ਦੀ ਅਗਵਾਈ ਹੇਠ ਹੋਏ ਨੀਟ () ਪੇਪਰ ਲੀਕ ਵਿਰੋਧ ਪ੍ਰਦਰਸ਼ਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਉਣ ਵਾਲੀ ਕਥਿਤ ਤੌਰ 'ਤੇ ਤੋੜੀ-ਮਰੋੜੀ ਗਈ ਅਤੇ ਇਤਰਾਜ਼ਯੋਗ ਸਮੱਗਰੀ ਨੂੰ ਲੈ ਕੇ ਕਈ ਫੇਸਬੁੱਕ ਅਤੇ ਇੰਸਟਾਗ੍ਰਾਮ ਖਾਤਿਆਂ ਦੇ ਸੰਚਾਲਕਾਂ ਅਤੇ ਮੂਲ ਕੰਪਨੀ ਮੈਟਾ ਦੇ ਇੰਡੀਆ ਮੁਖੀ ਵਿਰੁੱਧ ਕੇਸ ਦਰਜ ਕਰ ਲਏ ਹਨ।

ਐੱਫਆਈਆਰ ਦੇ ਅਨੁਸਾਰ 29 ਜੁਲਾਈ ਨੂੰ ਸ਼ਾਮ 7:40 ਵਜੇ ਟੀ. ਸਾਈ ਕਿਰਨ ਗੌੜ ਸੋਸ਼ਲ ਮੀਡੀਆ ਸੀਸੀ ਮੈਂਬਰ, ਬੀਜੇਪੀ ਤੇਲੰਗਾਨਾ, ਅਤੇ ਡਾ. ਐੱਸ.ਪੀ. ਮੁਖਰਜੀ ਭਵਨ, ਨਾਮਪੱਲੀ, ਹੈਦਰਾਬਾਦ ਦੇ ਰਹਿਣ ਵਾਲੇ ਵੱਲੋਂ ਇੱਕ ਸ਼ਿਕਾਇਤ ਪ੍ਰਾਪਤ ਹੋਈ ਸੀ।

ਸ਼ਿਕਾਇਤ ਵਿੱਚ ਗੌੜ ਨੇ ਦੱਸਿਆ ਕਿ 29 ਜੁਲਾਈ ਨੂੰ ਦੁਪਹਿਰ 2:00 ਵਜੇ ਸੋਸ਼ਲ ਮੀਡੀਆ ਦੀ ਵਰਤੋਂ ਕਰਦੇ ਸਮੇਂ, ਉਸਦੀ ਨਜ਼ਰ ਅਜਿਹੀਆਂ ਰੀਲਾਂ ਅਤੇ ਪੋਸਟਾਂ 'ਤੇ ਪਈ ਜੋ ਭਾਰਤ ਦੇ ਪ੍ਰਧਾਨ ਮੰਤਰੀ ਪ੍ਰਤੀ ਕਥਿਤ ਤੌਰ 'ਤੇ ਅਪਮਾਨਜਨਕ ਸਨ ਅਤੇ ਰਾਸ਼ਟਰੀ ਅਖੰਡਤਾ ਲਈ ਨੁਕਸਾਨਦੇਹ ਬਿਰਤਾਂਤਾਂ ਨੂੰ ਉਤਸ਼ਾਹਿਤ ਕਰਦੀਆਂ ਜਾਪਦੀਆਂ ਸਨ।

ਸ਼ਿਕਾਇਤਕਰਤਾ ਨੇ ਇੰਸਟਾਗ੍ਰਾਮ ਅਤੇ ਫੇਸਬੁੱਕ ਰੀਲਾਂ ਅਤੇ ਪੋਸਟਾਂ ਦੇ 20 ਯੂਆਰਐੱਲ () ਸੂਚੀਬੱਧ ਕੀਤੇ ਅਤੇ ਜਾਂਚ ਦੀ ਮੰਗ ਕੀਤੀ। ਉਸ ਨੇ ਦੋਸ਼ ਲਾਇਆ ਕਿ ਇਹ ਸਮੱਗਰੀ ਨਫ਼ਰਤ ਭੜਕਾ ਸਕਦੀ ਹੈ, ਗਲਤ ਜਾਣਕਾਰੀ ਫੈਲਾ ਸਕਦੀ ਹੈ, ਦੁਸ਼ਮਣੀ ਨੂੰ ਹਵਾ ਦੇ ਸਕਦੀ ਹੈ ਅਤੇ ਰਾਸ਼ਟਰੀ ਸੁਰੱਖਿਆ ਨੂੰ ਖ਼ਤਰਾ ਪੈਦਾ ਕਰ ਸਕਦੀ ਹੈ।

ਗੌੜ ਨੇ ਪੁਲੀਸ ਨੂੰ ਇਲੈਕਟ੍ਰਾਨਿਕ ਸਬੂਤ ਸੁਰੱਖਿਅਤ ਰੱਖਣ, ਖਾਤੇ ਚਲਾਉਣ ਵਾਲੇ ਵਿਅਕਤੀਆਂ ਦੀ ਪਛਾਣ ਕਰਨ, ਪੂਰੀ ਜਾਂਚ ਕਰਨ ਅਤੇ ਖਾਤੇ ਦੀਆਂ ਵੇਰਵੇ ਪ੍ਰਾਪਤ ਕਰਨ ਲਈ ਮੈਟਾ ਪਲੇਟਫਾਰਮਸ ਨਾਲ ਤਾਲਮੇਲ ਕਰਨ ਦੀ ਅਪੀਲ ਕੀਤੀ। ਉਸ ਨੇ ਆਪਣੇ ਪਲੇਟਫਾਰਮ 'ਤੇ ਅਜਿਹੀਆਂ ਛੇੜਛਾੜ ਕੀਤੀ ਹੋਈਆਂ ਰੀਲਾਂ ਦੀ ਕਥਿਤ ਤੌਰ 'ਤੇ ਇਜਾਜ਼ਤ ਦੇਣ ਲਈ ਮੈਟਾ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਵੀ ਮੰਗ ਕੀਤੀ।

ਸ਼ਿਕਾਇਤ ਦੇ ਆਧਾਰ 'ਤੇ ਐੱਸਆਈ ਕੇ. ਹਰੀ ਰਾਮ ਨੇ ਸਾਈਬਰ ਕ੍ਰਾਈਮ ਪੁਲੀਸ ਸਟੇਸ਼ਨ, ਹੈਦਰਾਬਾਦ ਵਿਖੇ ਆਈਟੀ ਐਕਟ ਦੀਆਂ ਧਾਰਾਵਾਂ 66(), 67 ਅਤੇ ਭਾਰਤੀ ਨਿਆਂ ਸੰਹਿਤਾ () ਦੀਆਂ ਧਾਰਾਵਾਂ 353(2), 336(4) ਤਹਿਤ ਕੇਸ ਦਰਜ ਕੀਤਾ ਹੈ। ਇਹ ਕੇਸ ਅੱਗੇ ਦੀ ਜਾਂਚ ਲਈ ਇੰਸਪੈਕਟਰ ਪੀ. ਜਯਾਸ਼ੰਕਰ ਨੂੰ ਸੌਂਪ ਦਿੱਤਾ ਗਿਆ ਹੈ।

# ਸੁਪਰੀਮ ਕੋਰਟ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਆਗੂਆਂ ਨੂੰ ਨੋਟਿਸ



ਸੁਪਰੀਮ ਕੋਰਟ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਚੰਡੀਗੜ੍ਹ ਪ੍ਰਸ਼ਾਸਨ ਦੀ ਉਸ ਪਟੀਸ਼ਨ 'ਤੇ ਜਾਰੀ ਕੀਤਾ ਗਿਆ ਹੈ ਜਿਸ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ ਜਿਸ ਵਿਚ 2020 ਦੌਰਾਨ ਬਿਜਲੀ ਦੇ ਰੇਟ ਵਧਣ ਖਿਲਾਫ ਕੀਤੇ ਗਏ ਪ੍ਰਦਰਸ਼ਨ ਦੌਰਾਨ ਦਰਜ ਕੀਤੇ ਗਏ ਦੰਗਿਆਂ ਦੇ ਕੇਸ ਨੂੰ ਰੱਦ ਕਰ ਦਿੱਤਾ ਗਿਆ ਸੀ।

ਚੀਫ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਦੇ ਬੈਂਚ ਨੇ ਭਗਵੰਤ ਮਾਨ ਅਤੇ 'ਆਪ' ਆਗੂਆਂ ਹਰਪਾਲ ਸਿੰਘ ਚੀਮਾ, ਗੁਰਮੀਤ ਸਿੰਘ, ਮੀਤ ਹੇਅਰ, ਬਲਜਿੰਦਰ ਕੌਰ, ਅਮਨ ਅਰੋੜਾ ਅਤੇ ਹੋਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਪਟੀਸ਼ਨ 'ਤੇ ਜਵਾਬ ਦੇਣ ਲਈ ਕਿਹਾ। ਇਹ ਹੁਕਮ ਵਧੀਕ ਸਾਲਿਸਟਰ ਜਨਰਲ ਐਸ.ਵੀ. ਰਾਜੂ ਵੱਲੋਂ ਇਹ ਦਲੀਲ ਦੇਣ ਤੋਂ ਬਾਅਦ ਦਿੱਤਾ ਗਿਆ ਕਿ ਹਾਈ ਕੋਰਟ ਨੇ ਪੂਰੀ ਤਰ੍ਹਾਂ ਗਲਤ ਹੁਕਮ ਪਾਸ ਕੀਤਾ ਸੀ।

ਅਦਾਲਤ ਵਿੱਚ ਵਧੀਕ ਸੋਲਿਸਿਟਰ ਜਨਰਲ ਐੱਸ.ਵੀ. ਰਾਜੂ ਨੇ ਪਟੀਸ਼ਨ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਹਾਈ ਕੋਰਟ ਨੇ ਬਹੁਤ ਹੀ ਗਲਤ ਫੈਸਲਾ ਸੁਣਾਇਆ ਹੈ। ਉਨ੍ਹਾਂ ਕਿਹਾ ਕਿ ਉਥੇ ਗੈਰ-ਕਾਨੂੰਨੀ ਇਕੱਠ ਕੀਤਾ ਗਿਆ ਸੀ, ਜਿਸ ਵਿੱਚ ਉਕਤ ਸਾਰੇ ਸ਼ਾਮਲ ਸਨ ਅਤੇ ਉਨ੍ਹਾਂ ਦੇ ਨਾਮ ਐੱਫ.ਆਈ.ਆਰ. ਵਿੱਚ ਦਰਜ ਹਨ।

ਇਸ ਇਕੱਠ ਵਿਚ ਮੌਜੂਦ ਕਈ ਜਣਿਆਂ ਨੇ ਹਿੰਸਕ ਕਾਰਵਾਈ ਕੀਤੀ ਜਿਸ ਕਾਰਨ ਪੁਲੀਸ ਅਧਿਕਾਰੀਆਂ ਨੂੰ ਸੱਟਾਂ ਵੀ ਲੱਗੀਆਂ। ਉਨ੍ਹਾਂ ਅਦਾਲਤ ਅੱਗੇ ਪੱਖ ਰੱਖਿਆ ਕਿ ਪਹਿਲਾਂ ਵਾਲੇ ਹੁਕਮ ਵਿਚ ਕਿਹਾ ਗਿਆ ਸੀ ਕਿ ਇਹ ਗੈਰ-ਕਾਨੂੰਨੀ ਇਕੱਠ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਧਾਰਾ 144 ਤਹਿਤ ਕੋਈ ਹੁਕਮ ਨਹੀਂ ਸੀ ਜੋ ਬਿਲਕੁਲ ਗਲਤ ਹੈ। ਉਸ ਵੇਲੇ ਮੁੱਖ ਮੰਤਰੀ ਮਾਨ ਨੇ ਭਾਵੇਂ ਖੁਦ ਕੋਈ ਹਿੰਸਕ ਕਾਰਵਾਈ ਨਾ ਕੀਤੀ ਹੋਵੇ ਪਰ ਭੀੜ ਦੇ ਕਿਸੇ ਵੀ ਮੈਂਬਰ ਵੱਲੋਂ ਕੀਤੀ ਗਈ ਕਾਰਵਾਈ ਦੀ ਜ਼ਿੰਮੇਵਾਰੀ ਉਨ੍ਹਾਂ 'ਤੇ ਵੀ ਬਣਦੀ ਹੈ।

ਇਸ ਤੋਂ ਪਹਿਲਾਂ 16 ਜੁਲਾਈ ਨੂੰ ਸਰਵਉੱਚ ਅਦਾਲਤ ਨੇ ਕਿਹਾ ਸੀ ਕਿ ਉਹ ਚੰਡੀਗੜ੍ਹ ਪ੍ਰਸ਼ਾਸਨ ਦੀ ਪਟੀਸ਼ਨ 'ਤੇ ਦਖ਼ਲ ਦੇਣ ਦੇ ਇੱਛੁਕ ਨਹੀਂ ਹਨ। ਚੀਫ ਜਸਟਿਸ ਨੇ ਉਸ ਸਮੇਂ ਟਿੱਪਣੀ ਕੀਤੀ ਸੀ ਕਿ ਨਾਅਰੇਬਾਜ਼ੀ ਲੋਕਤੰਤਰ ਵਿੱਚ ਹਰ ਕੋਈ ਕਰਦਾ ਹੈ ਅਤੇ ਹੁਣ ਜਦੋਂ ਭਗਵੰਤ ਮਾਨ ਇੱਕ ਜ਼ਿੰਮੇਵਾਰੀ ਵਾਲੀ ਅਹੁਦੇ 'ਤੇ ਹਨ ਤਾਂ ਉਹ ਆਪਣੀ ਜ਼ਿੰਮੇਵਾਰੀ ਨੂੰ ਵੀ ਚੰਗੀ ਤਰ੍ਹਾਂ ਸਮਝਣਗੇ। ਇਸ ਤੋਂ ਇਲਾਵਾ 21 ਜੁਲਾਈ ਨੂੰ ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਮੁੱਖ ਮੰਤਰੀ ਮਾਨ ਅਤੇ ਹੋਰ ਆਗੂਆਂ ਵਿਰੁੱਧ ਅਜਿਹਾ ਕੋਈ ਦੋਸ਼ ਨਹੀਂ ਹੈ ਕਿ ਉਨ੍ਹਾਂ ਨੇ ਚੰਡੀਗੜ੍ਹ ਵਿੱਚ ਬਿਜਲੀ ਦੀਆਂ ਕੀਮਤਾਂ ਵਧਣ ਦੇ ਵਿਰੋਧ ਵਿੱਚ ਪ੍ਰਦਰਸ਼ਨ ਕਰ ਰਹੀ ਭੀੜ ਨੂੰ ਜਾਣਬੁੱਝ ਕੇ ਉਕਸਾਇਆ ਸੀ।

ਐੱਫ.ਆਈ.ਆਰ. ਦਰਜ ਹੋਣ ਤੋਂ ਲਗਭਗ ਛੇ ਸਾਲ ਬਾਅਦ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਤ੍ਰਿਭੁਵਨ ਦਾਹੀਆ ਨੇ 29 ਨਵੰਬਰ 2025 ਨੂੰ ਭਗਵੰਤ ਮਾਨ ਅਤੇ ਹੋਰ 'ਆਪ' ਆਗੂਆਂ ਵਿਰੁੱਧ ਦਰਜ ਕੇਸ, ਚਾਰਜਸ਼ੀਟ ਅਤੇ ਸਾਰੀਆਂ ਅਗਲੀਆਂ ਕਾਰਵਾਈਆਂ ਨੂੰ ਰੱਦ ਕਰ ਦਿੱਤਾ ਸੀ।

ਜ਼ਿਕਰਯੋਗ ਹੈ ਕਿ ਚੰਡੀਗੜ੍ਹ ਪੁਲੀਸ ਨੇ 10 ਜਨਵਰੀ 2020 ਨੂੰ ਉਸ ਸਮੇਂ ਮਾਮਲਾ ਦਰਜ ਕੀਤਾ ਸੀ ਜਦੋਂ ਭਗਵੰਤ ਮਾਨ, ਅਮਨ ਅਰੋੜਾ, ਹਰਪਾਲ ਸਿੰਘ ਚੀਮਾ, ਬਲਜਿੰਦਰ ਕੌਰ, ਮਨਜੀਤ ਸਿੰਘ ਬਿਲਾਸਪੁਰ ਅਤੇ ਸਰਵਜੀਤ ਕੌਰ ਸਮੇਤ ਹੋਰ ਆਗੂਆਂ ਨੇ ਬਿਜਲੀ ਮਹਿੰਗੀ ਹੋਣ ਖਿਲਾਫ ਰੋਸ ਮਾਰਚ ਕੱਢਿਆ ਸੀ। ਹਾਈ ਕੋਰਟ ਨੇ ਆਪਣੇ ਫੈਸਲੇ ਵਿੱਚ ਕਿਹਾ ਸੀ ਕਿ ਪੁਲੀਸ ਕੋਲ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਦਾ ਕੋਈ ਜਾਇਜ਼ ਕਾਰਨ ਨਹੀਂ ਸੀ ਕਿਉਂਕਿ ਜ਼ਾਬਤਾ ਫੌਜਦਾਰੀ ਦੀ ਧਾਰਾ 144 ਤਹਿਤ ਕੋਈ ਰੋਕ ਲਾਉਣ ਵਾਲਾ ਹੁਕਮ ਜਾਰੀ ਨਹੀਂ ਕੀਤਾ ਗਿਆ ਸੀ।

# ਮੋਰੱਕੋ ਤੋਂ ਸਪੇਨੀ ਖੇਤਰ ਵਿੱਚ ਤੈਰ ਕੇ ਪੁੱਜੇ 60,000 ਪਰਵਾਸੀ; 34 ਦੀ ਮੌਤ

ਮੋਰੋਕੋ ਨਾਲ ਚੱਲ ਰਹੇ ਸਰਹੱਦੀ ਸੰਕਟ ਦੌਰਾਨ ਲਗਪਗ 60,000 ਪਰਵਾਸੀ ਸਪੇਨ ਦੇ ਉੱਤਰੀ ਅਫਰੀਕੀ ਖੇਤਰ ਸਿਉਟਾ ਵਿੱਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੋ ਚੁੱਕੇ ਹਨ। ਇਸ ਵੱਡੇ ਪੱਧਰ 'ਤੇ ਸਰਹੱਦ ਪਾਰ ਕਰਨ ਦੀ ਕੋਸਿਸ ਦੌਰਾਨ ਘੱਟੋ-ਘੱਟ 34 ਲੋਕਾਂ ਦੀ ਮੌਤ ਹੋ ਗਈ ਹੈ। ਇਹ ਪਰਵਾਸੀ ਸਮੁੰਦਰ ਵਿਚੋਂ ਤੈਰ ਕੇ ਸਿਉਟਾ ਪੁੱਜੇ ਹਨ ਤੇ ਕਈ ਰਾਹ ਵਿਚ ਹੀ ਦਮ ਤੋੜ ਗਏ।

ਸਥਾਨਕ ਸਰਕਾਰੀ ਕਰਮਚਾਰੀਆਂ ਦੀ ਯੂਨੀਅਨ ਦੇ ਆਗੂ ਰਚਿਦ ਸਬੀਹੀ ਨੇ ਦੱਸਿਆ ਕਿ ਮਰਨ ਵਾਲਿਆਂ ਵਿੱਚੋਂ ਕਈ ਲੋਕ ਪਾਣੀ ਵਿੱਚ ਡੁੱਬ ਗਏ ਅਤੇ ਕੁਝ ਲੋਕ ਤਾਰਾਜਲ ਬੀਚ ਦੀ ਵਾੜ ਨੂੰ ਪਾਰ ਕਰਨ ਵੇਲੇ ਮਚੀ ਭਗਦੜ ਕਾਰਨ ਮਾਰੇ ਗਏ।

ਸਿਉਟਾ ਦੇ ਮੁਖੀ ਜੁਆਨ ਜੀਸਸ ਵਿਵਾਸ ਨੇ ਦੱਸਿਆ ਕਿ ਇਹ ਗਿਣਤੀ ਸਹਿਰ ਦੀ ਆਮ ਆਬਾਦੀ ਦਾ 70 ਫੀਸਦੀ ਬਣਦੀ ਹੈ। ਉਨ੍ਹਾਂ ਨੇ ਮੌਜੂਦਾ ਹਾਲਾਤ ਬਾਰੇ ਕਿਹਾ ਕਿ ਸਿਉਟਾ ਜਿਸ ਸਥਿਤੀ ਵਿੱਚੋਂ ਲੰਘ ਰਿਹਾ ਹੈ, ਉਹ ਬਿਲਕੁਲ ਵੀ ਬਰਦਾਸਤ ਕਰਨ ਯੋਗ ਨਹੀਂ ਹੈ। ਸੂਤਰਾਂ ਮੁਤਾਬਕ ਪਿਛਲੇ ਕੁਝ ਦਿਨਾਂ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਲੋਕਾਂ ਨੇ ਰਾਤੋ-ਰਾਤ ਸਰਹੱਦ ਪਾਰ ਕੀਤੀ ਹੈ, ਜਿਸ ਨਾਲ ਇੱਥੇ ਪੂਰੀ ਤਰ੍ਹਾਂ ਹਫੜਾ-ਦਫੜੀ ਮਚ ਗਈ ਹੈ।



ਇਸ ਵੱਡੇ ਪੱਧਰ 'ਤੇ ਸਰਹੱਦ ਪਾਰ ਕਰਨ ਦੀ ਕੋਸਿਸ ਦੌਰਾਨ ਘੱਟੋ-ਘੱਟ 34 ਲੋਕਾਂ ਦੀ ਮੌਤ ਹੋ ਗਈ ਹੈ। ਰਚਿਦ ਸਬੀਹੀ ਨੇ ਇਸ ਸਥਿਤੀ ਨੂੰ ਇੱਕ ਗੰਭੀਰ ਮਾਨਵਤਾਵਾਦੀ ਸੰਕਟ ਦੱਸਿਆ ਹੈ।

ਜਿਕਰਯੋਗ ਹੈ ਕਿ ਸਪੇਨੀ ਖੇਤਰ ਸਿਉਟਾ ਭੂਗੋਲਿਕ ਤੌਰ 'ਤੇ ਅਫਰੀਕਾ ਮਹਾਂਦੀਪ ਵਿੱਚ ਸਥਿਤ ਹੈ ਪਰ ਰਾਜਨੀਤਿਕ ਤੌਰ 'ਤੇ ਇਹ ਸਪੇਨ ਦਾ ਹਿੱਸਾ ਹੈ।

ਭੂਗੋਲਿਕ ਸਥਿਤੀ: ਇਹ ਉੱਤਰੀ ਅਫਰੀਕਾ ਦੇ ਤੱਟ 'ਤੇ ਸਥਿਤ ਹੈ ਅਤੇ ਚਾਰੇ ਪਾਸਿਓਂ ਮੋਰੋਕੋ ਨਾਲ ਘਿਰਿਆ ਹੋਇਆ ਹੈ।

ਰਾਜਨੀਤਿਕ ਪਛਾਣ: ਭਾਵੇਂ ਇਹ ਅਫਰੀਕਾ ਵਿੱਚ ਹੈ ਪਰ ਇਹ ਸਪੇਨ ਦਾ ਇੱਕ ਖੁਦਮੁਖਤਿਆਰ ਸਹਿਰ ਹੈ ਅਤੇ ਯੂਰਪੀਅਨ ਯੂਨੀਅਨ ਦਾ ਹਿੱਸਾ ਵੀ ਹੈ।

ਪ੍ਰਧਾਨ ਵੱਲੋਂ ਐਮਰਜੈਂਸੀ ਦਾ ਐਲਾਨ ਅਤੇ ਫੌਜ ਦੀ ਤਾਇਨਾਤੀ

ਹਾਲਾਤ ਦੀ ਗੰਭੀਰਤਾ ਨੂੰ ਵੇਖਦਿਆਂ ਖੇਤਰੀ ਪ੍ਰਧਾਨ ਜੀਸਸ ਵਿਵਾਸ ਨੇ ਵੀਰਵਾਰ ਨੂੰ ਪੂਰੀ ਤਰ੍ਹਾਂ ਮਾਨਵਤਾਵਾਦੀ ਅਤੇ ਸਮਾਜਿਕ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਅਤੇ ਮੈਡਰਿਡ ਸਰਕਾਰ ਨੂੰ ਸਰਹੱਦ ਉੱਤੇ ਕਾਬੂ ਪਾਉਣ ਲਈ ਫੌਜ ਭੇਜਣ ਦੀ ਅਪੀਲ ਕੀਤੀ। ਸ਼ੁਰੂ ਵਿੱਚ ਸਪੇਨ ਦੇ ਗ੍ਰਹਿ ਮੰਤਰਾਲੇ ਨੇ ਰਾਸਟਰੀ ਐਮਰਜੈਂਸੀ ਦੀ ਮੰਗ ਨੂੰ ਠੁਕਰਾ ਦਿੱਤਾ ਸੀ ਪਰ ਬਾਅਦ ਵਿੱਚ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਹਥਿਆਰਬੰਦ ਫੌਜ ਦੇ ਜਵਾਨਾਂ ਨੂੰ ਸਰਹੱਦ 'ਤੇ ਭੇਜਣ ਦਾ ਐਲਾਨ ਕਰ ਦਿੱਤਾ।

ਸਪੇਨੀ ਖੇਤਰ ਸਿਉਟਾ ਤੋਂ 25,000 ਪਰਵਾਸੀ ਆਪਣੀ ਮਰਜੀ ਨਾਲ ਮੋਰੋਕੋ ਪਰਤੇ: ਸਪੇਨ ਸਰਕਾਰ

ਰਾਇਟਰਜ ਦੀ ਰਿਪੋਰਟ ਮੁਤਾਬਕ ਸਪੇਨ ਦੇ ਗ੍ਰਹਿ ਮੰਤਰਾਲੇ ਨੇ ਦੱਸਿਆ ਹੈ ਕਿ ਵੀਰਵਾਰ ਤੜਕੇ ਤੋਂ ਲਗਪਗ 50,000 ਪਰਵਾਸੀ ਉੱਤਰੀ ਅਫਰੀਕੀ ਖੇਤਰ ਸਿਉਟਾ ਵਿੱਚ ਦਾਖਲ ਹੋ ਗਏ ਸਨ, ਜਿਨ੍ਹਾਂ ਵਿੱਚੋਂ ਅੰਦਾਜਨ 25,000 ਤੋਂ ਵੱਧ ਪਰਵਾਸੀ ਸੁੱਕਰਵਾਰ ਨੂੰ ਆਪਣੀ ਮਰਜੀ ਨਾਲ ਵਾਪਸ ਮੋਰੋਕੋ ਪਰਤ ਆਏ ਹਨ। ਇਸ ਵੱਡੀ ਪੱਧਰ 'ਤੇ ਹੋਈ ਆਮਦ ਨੇ ਸਪੇਨ ਦੇ ਇਸ ਛੋਟੇ ਜਿਹੇ ਇਲਾਕੇ ਵਿੱਚ ਹਫੜਾ-ਦਫੜੀ ਮਚਾ ਦਿੱਤੀ ਸੀ, ਜਿੱਥੇ ਸਥਿਤੀ ਨੂੰ ਕਾਬੂ ਹੇਠ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ ਇਸ ਅਚਾਨਕ ਵਾਪਰੇ ਸਰਹੱਦੀ ਸੰਕਟ ਨੇ ਸਪੇਨ ਅਤੇ ਮੋਰੋਕੋ ਦਰਮਿਆਨ ਕੂਟਨੀਤਕ ਅਤੇ ਸੁਰੱਖਿਆ ਚੁਣੌਤੀਆਂ ਨੂੰ ਹੋਰ ਵਧਾ ਦਿੱਤਾ ਹੈ। ਸਿਉਟਾ ਅਤੇ ਮੇਲਿਲਾ ਜੋ ਅਫਰੀਕੀ ਮਹਾਂਦੀਪ ਵਿੱਚ ਸਪੇਨ ਦੇ ਦੋ ਛੋਟੇ ਖੇਤਰ ਹਨ, ਯੂਰਪ ਵਿੱਚ ਦਾਖਲ ਹੋਣ ਦੀ ਤਲਾਸ ਕਰ ਰਹੇ ਅਫਰੀਕੀ ਪਰਵਾਸੀਆਂ ਲਈ ਮੁੱਖ ਰਸਤੇ ਬਣੇ ਹੋਏ ਹਨ। ਹਾਲਾਂਕਿ ਹਜਾਰਾਂ ਲੋਕਾਂ ਦੀ ਵਾਪਸੀ ਨਾਲ ਸਥਾਨਕ ਪ੍ਰਸਾਸਨ ਨੇ ਕੁਝ ਰਾਹਤ ਮਹਿਸੂਸ ਕੀਤੀ ਹੈ, ਪਰ ਫਿਰ ਵੀ ਇਸ ਪੂਰੇ ਘਟਨਾਕ੍ਰਮ ਨੇ ਇਲਾਕੇ ਦੀ ਸੁਰੱਖਿਆ ਪ੍ਰਣਾਲੀ ਅਤੇ ਮਾਨਵਤਾਵਾਦੀ ਮੁੱਦਿਆਂ ਨੂੰ ਲੈ ਕੇ ਅੰਤਰਰਾਸਟਰੀ ਪੱਧਰ 'ਤੇ ਵੱਡੀਆਂ ਚਿੰਤਾਵਾਂ ਖੜ੍ਹੀਆਂ ਕਰ ਦਿੱਤੀਆਂ ਹਨ। ਸਪੇਨੀ ਸਰਕਾਰ ਅਤੇ ਸਥਾਨਕ ਪ੍ਰਸਾਸਨ ਵੱਲੋਂ ਹਾਲਾਤ 'ਤੇ ਪੂਰੀ ਤਰ੍ਹਾਂ ਨਜਰ ਰੱਖੀ ਜਾ ਰਹੀ ਹੈ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ।

# ਵਿਨੀਪੈੱਗ ਦੀ 'ਰਹਮਾ ਇਸਲਾਮਿਕ ਸੈਂਟਰ' ਮਸਜਿਦ 'ਤੇ ਗੋਲੀਬਾਰੀ, ਨਫਰਤੀ ਅਪਰਾਧ ਤਹਿਤ ਜਾਂਚ ਸ਼ੁਰੂ




ਕੈਨੇਡਾ ਦੇ ਵਿਨੀਪੈੱਗ ਸਹਿਰ ਵਿੱਚ ਇੱਕ ਵੱਡੀ ਅਤੇ ਚਿੰਤਾਜਨਕ ਘਟਨਾ ਸਾਹਮਣੇ ਆਈ ਹੈ। ਬੁੱਧਵਾਰ ਸਾਮ ਨੂੰ ਜਦੋਂ ਸੰਗਤ ਵਿਨੀਪੈੱਗ ਦੀ 'ਰਹਮਾ ਇਸਲਾਮਿਕ ਸੈਂਟਰ' ( ) ਮਸਜਿਦ ਦੇ ਅੰਦਰ ਮੌਜੂਦ ਸੀ, ਤਾਂ ਉਸ ਸਮੇਂ ਇਮਾਰਤ 'ਤੇ ਗੋਲੀਆਂ ਚਲਾਈਆਂ ਗਈਆਂ ਹਨ। ਇਸ ਖਬਰ ਨੇ ਪੂਰੇ ਦੇਸ ਵਿੱਚ ਸਹਿਮ ਦਾ ਮਾਹੌਲ ਪੈਦਾ ਕਰ ਦਿੱਤਾ ਹੈ।

ਮਸਜਿਦ ਦੇ ਆਗੂਆਂ ਵੱਲੋਂ ਜਾਰੀ ਬਿਆਨ ਮੁਤਾਬਕ, ਦੋ ਸ਼ੱਕੀ ਵਿਅਕਤੀਆਂ ਨੇ ਪਹਿਲਾਂ ਮਸਜਿਦ ਵੱਲ ਗੋਲੀਆਂ ਚਲਾਈਆਂ ਅਤੇ ਫਿਰ ਕਿਸੇ ਹੋਰ ਹਥਿਆਰ ਨਾਲ ਇਮਾਰਤ ਦੇ ਸੀਸੇ ਤੋੜ ਦਿੱਤੇ। ਖੁਸਕਿਸਮਤੀ ਇਹ ਰਹੀ ਕਿ ਹਮਲਾਵਰ ਅੰਦਰ ਦਾਖਲ ਹੋਣ ਵਿੱਚ ਨਾਕਾਮ ਰਹੇ ਅਤੇ ਇਸ ਘਟਨਾ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਵੀਰਵਾਰ ਦੁਪਹਿਰ ਤੱਕ ਮਸਜਿਦ ਦੀਆਂ ਖਿੜਕੀਆਂ ਅਤੇ ਦਰਵਾਜਿਆਂ ਦੇ ਸੀਸਿਆਂ 'ਤੇ ਨੁਕਸਾਨ ਦੇ ਸਪਸਟ ਨਿਸਾਨ ਦੇਖੇ ਜਾ ਸਕਦੇ ਸਨ।

ਵਿਨੀਪੈੱਗ ਪੁਲੀਸ ਸਰਵਿਸ (ਡਬਲ ਯੂ.ਪੀ.ਐੱਸ.) ਦੇ ਕਾਂਸਟੇਬਲ ਕਲਾਉਡ ਚਾਂਸੀ ਨੇ ਪੁਸਟੀ ਕੀਤੀ ਹੈ ਕਿ ਪੁਲੀਸ ਨੂੰ ਬੁੱਧਵਾਰ ਰਾਤ ਲਗਪਗ 11:30 ਵਜੇ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਸੂਚਨਾ ਮਿਲੀ ਸੀ। ਮੁੱਢਲੇ ਅੰਦਾਜੇ ਮੁਤਾਬਕ ਕਈ ਖਿੜਕੀਆਂ ਟੁੱਟਣ ਨਾਲ 3,000 ਡਾਲਰ ਤੋਂ ਵੱਧ ਦਾ ਨੁਕਸਾਨ ਹੋਇਆ ਹੈ।

ਪੁਲੀਸ ਨੇ ਖੁਲਾਸਾ ਕੀਤਾ ਹੈ ਕਿ ਘਟਨਾ ਵਾਲੇ ਦਿਨ ਪਹਿਲਾਂ ਵੀ ਇੱਕ ਸਿਕਾਇਤ ਮਿਲੀ ਸੀ ਕਿ ਇੱਕ ਗੱਡੀ ਵਿੱਚੋਂ ਕੁਝ ਵਿਅਕਤੀਆਂ ਵੱਲੋਂ ਮਸਜਿਦ ਦੇ ਬਾਹਰ ਮੌਜੂਦ ਲੋਕਾਂ ਨੂੰ ਨਸਲੀ ਗਾਲ੍ਹਾਂ ਕੱਢੀਆਂ ਗਈਆਂ ਸਨ। ਹੁਣ ਡਬਲ ਯੂ.ਪੀ.ਐੱਸ. ਦੀ ਮੇਜਰ ਕ੍ਰਾਈਮ ਯੂਨਿਟ ਦੇ ਹੇਟ ਕ੍ਰਾਈਮ ਕੋਆਰਡੀਨੇਟਰ ਇਸ ਪੂਰੇ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰ ਰਹੇ ਹਨ। ਫਿਲਹਾਲ ਇਸ ਮਾਮਲੇ ਵਿੱਚ ਕੋਈ ਗ੍ਰਿਫਤਾਰੀ ਨਹੀਂ ਹੋਈ ਹੈ। ਪੁਲੀਸ ਨੇ ਹਾਲਾਂਕਿ ਇਹ ਪੁਸਟੀ ਨਹੀਂ ਕੀਤੀ ਕਿ ਗੋਲੀਆਂ ਚਲੀਆਂ।

ਮਸਜਿਦ ਪ੍ਰਬੰਧਕਾਂ ਨੇ ਇਸ ਨੂੰ ਇੱਕ "ਪਰੇਸਾਨ ਕਰਨ ਵਾਲਾ ਹਮਲਾ" ਕਰਾਰ ਦਿੰਦਿਆਂ ਕਿਹਾ ਹੈ ਕਿ ਇਸ ਘਟਨਾ ਨੇ ਵਲੰਟੀਅਰਾਂ, ਬੱਚਿਆਂ ਅਤੇ ਸਟਾਫ ਦੇ ਮਨਾਂ ਵਿੱਚ ਡਰ ਪੈਦਾ ਕਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਇਹ ਕੇਂਦਰ ਲੋਕਾਂ ਨੂੰ ਸਾਂਤੀ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਲਈ ਹੈ, ਪਰ ਇਸ ਸੁਰੱਖਿਆ ਨੂੰ ਜਾਣਬੁੱਝ ਕੇ ਨਿਸਾਨਾ ਬਣਾਇਆ ਗਿਆ ਹੈ।

ਦੂਜੇ ਪਾਸੇ, ਨੈਸਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਜ () ਨੇ ਇਸ ਘਟਨਾ ਦੀ ਸਖਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਘਟਨਾ ਦੀ ਸੁਰੱਖਿਆ ਫੁਟੇਜ () ਵੀ ਮੌਜੂਦ ਹੈ। ਸੰਗਠਨ ਨੇ ਚਿੰਤਾ ਪ੍ਰਗਟਾਈ ਹੈ ਕਿ ਪਿਛਲੇ ਕੁਝ ਹਫਤਿਆਂ ਤੋਂ ਕੈਨੇਡਾ ਭਰ ਵਿੱਚ ਇਸਲਾਮੋਫੋਬੀਆ () ਤਹਿਤ ਹਿੰਸਕ ਹਮਲਿਆਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਨੂੰ ਰੋਕਣ ਲਈ ਸਖਤ ਕਦਮ ਚੁੱਕਣ ਦੀ ਲੋੜ ਹੈ।

ਇਸ ਦੌਰਾਨ, ਨੈਸਨਲ ਕੌਂਸਲ ਆਫ ਕੈਨੇਡੀਅਨ ਮੁਸਲਿਮਜ (ਐਨਸੀਸੀਐਮ) ਨੇ ਕਿਹਾ ਹੈ ਕਿ ਘਟਨਾ ਦੀ ਸੁਰੱਖਿਆ ਕੈਮਰਿਆਂ ਦੀ ਫੁਟੇਜ ਮੌਜੂਦ ਹੈ। ਸੰਸਥਾ ਨੇ ਦਾਅਵਾ ਕੀਤਾ ਕਿ ਪਿਛਲੇ ਕੁਝ ਹਫਤਿਆਂ ਦੌਰਾਨ ਕੈਨੇਡਾ ਵਿੱਚ ਇਸਲਾਮ ਵਿਰੋਧੀ ਹਿੰਸਕ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ ਅਤੇ ਇਸ ਘਟਨਾ ਨੇ ਮੁੜ ਭਾਈਚਾਰੇ ਦੀ ਸੁਰੱਖਿਆ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

# ਦੋ ਮਹੀਨੇ ਬੀਤ ਜਾਣ ਦੇ ਬਾਵਜੂਦ ਅਮਰੀਕਾ ਨੇ ਗ੍ਰਿਫਤਾਰ ਕੀਤੇ 30 ਭਾਰਤੀ ਨਾਗਰਿਕਾਂ ਦੀ ਪਛਾਣ ਸਾਂਝੀ ਨਹੀਂ ਕੀਤੀ: ਕੇਂਦਰ ਸਰਕਾਰ

ਅਮਰੀਕਾ ਵਿੱਚ ਗੈਰ-ਕਾਨੂੰਨੀ ਪਰਵਾਸੀਆਂ ਵਿਰੁੱਧ ਕੀਤੀ ਗਈ ਕਾਰਵਾਈ ਦੌਰਾਨ 30 ਭਾਰਤੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਐਲਾਨ ਹੋਏ ਨੂੰ ਲਗਪਗ ਦੋ ਮਹੀਨੇ ਬੀਤ ਚੁੱਕੇ ਹਨ, ਪਰ ਵਿਦੇਸ ਮੰਤਰਾਲੇ () ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ ਹੈ ਕਿ ਭਾਰਤ ਸਰਕਾਰ ਅਜੇ ਵੀ ਅਮਰੀਕੀ ਅਧਿਕਾਰੀਆਂ ਵੱਲੋਂ ਇਨ੍ਹਾਂ ਵਿਅਕਤੀਆਂ ਦੀ ਪਛਾਣ ਅਤੇ ਹੋਰ ਵੇਰਵਿਆਂ ਦੀ ਪੁਸਟੀ ਹੋਣ ਦੀ ਉਡੀਕ ਕਰ ਰਹੀ ਹੈ।



ਵਿਦੇਸ ਮੰਤਰਾਲੇ ਨੇ ਕਿਹਾ ਕਿ ਗ੍ਰਿਫਤਾਰੀਆਂ ਦੀਆਂ ਖਬਰਾਂ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਉਸ ਨੇ ਵਾਸ□ਗਟਨ ਵਿੱਚ ਸਥਿਤ ਭਾਰਤੀ ਦੂਤਾਵਾਸ ਰਾਹੀਂ ਭਾਰਤੀ ਨਾਗਰਿਕਾਂ ਦੇ ਨਾਮ ਅਤੇ ਹੋਰ ਸਬੰਧਤ ਵੇਰਵੇ ਮੰਗੇ ਸਨ, ਪਰ ਅਮਰੀਕੀ ਕਸਟਮਜ ਐਂਡ ਬਾਰਡਰ ਪ੍ਰੋਟੈਕਸਨ () ਵੱਲੋਂ ਅਜੇ ਤੱਕ ਕੋਈ ਪੁਸਟੀ ਪ੍ਰਾਪਤ ਨਹੀਂ ਹੋਈ ਹੈ।

ਅਮਰੀਕੀ ਏਜੰਸੀ ਸੀ ਬੀ ਪੀ () ਮੁਤਾਬਕ 11 ਤੋਂ 15 ਮਈ ਦੌਰਾਨ ਅਰੀਜੋਨਾ ਵਿੱਚ "ਅਪਰੇਸਨ ਚੈੱਕਮੇਟ" ਚਲਾਇਆ ਗਿਆ ਸੀ, ਜਿਸ ਵਿੱਚ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ 52 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਵਿੱਚੋਂ 36 ਜਣੇ ਟਰੱਕ (ਸੈਮੀ-ਟਰੱਕ) ਚਲਾ ਰਹੇ ਸਨ, ਜਿਨ੍ਹਾਂ ਵਿੱਚ 30 ਭਾਰਤੀ ਨਾਗਰਿਕ ਸਾਮਲ ਸਨ। ਅਮਰੀਕੀ ਏਜੰਸੀ ਨੇ ਕਿਹਾ ਕਿ ਟਰੱਕ ਚਾਲਕਾਂ ਵਿੱਚੋਂ 29 ਕੋਲ ਕੈਲੀਫੋਰਨੀਆ, ਨਿਊਯਾਰਕ, ਵਾਸ□ਗਟਨ ਅਤੇ ਵਰਜੀਨੀਆ ਵਰਗੇ ਸੂਬਿਆਂ ਦੁਆਰਾ ਜਾਰੀ ਕੀਤੇ ਗਏ ਵਪਾਰਕ ਡਰਾਈਵਰ ਲਾਇਸੈਂਸ ਸਨ, ਜਦੋਂ ਕਿ ਤਿੰਨ ਕੋਲ ਕੋਈ ਡਰਾਈਵਰ ਲਾਇਸੈਂਸ ਨਹੀਂ ਸੀ। ਏਜੰਸੀ ਨੇ ਇਹ ਵੀ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਜ□ਆਦਾਤਰ ਲੋਕਾਂ ਕੋਲ ਰੁਜਗਾਰ ਅਧਿਕਾਰ ਦਸਤਾਵੇਜ ਸਨ ਜੋ ਹੁਣ ਵੈਧ ਨਹੀਂ ਰਹੇ ਸਨ। ਸਾਰਿਆਂ ਵਿਰੁੱਧ ਅਮਰੀਕੀ ਸੰਘੀ ਕਾਨੂੰਨ ਤਹਿਤ ਕਾਰਵਾਈ ਕੀਤੀ ਗਈ ਅਤੇ ਉਨ੍ਹਾਂ ਨੂੰ ਦੇਸ ਨਿਕਾਲਾ ਦਿੱਤਾ ਜਾਣਾ ਸੀ।

ਉੱਥੇ ਹੀ ਕੇਂਦਰ ਸਰਕਾਰ ਨੇ ਸਪਸਟ ਕੀਤਾ ਹੈ ਕਿ ਉਸ ਕੋਲ ਇਸ ਛਾਪੇਮਾਰੀ ਜਾਂ ਕਾਰਵਾਈ ਬਾਰੇ ਪਹਿਲਾਂ ਤੋਂ ਕੋਈ ਜਾਣਕਾਰੀ ਨਹੀਂ ਸੀ ਅਤੇ ਇਹ ਪੂਰੀ ਤਰ੍ਹਾਂ ਨਾਲ ਅਮਰੀਕੀ ਪ੍ਰਸਾਸਨ ਵੱਲੋਂ ਆਪਣੇ ਪੱਧਰ 'ਤੇ ਕੀਤੀ ਗਈ ਕਾਰਵਾਈ ਸੀ।

ਵਿਦੇਸ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਰਾਜ ਸਭਾ ਵਿੱਚ ਇੱਕ ਲਿਖਤੀ ਜਵਾਬ 'ਚ ਕਿਹਾ, "ਜਿਵੇਂ ਹੀ ਇਨ੍ਹਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈਣ/ਗ੍ਰਿਫਤਾਰ ਕਰਨ ਬਾਰੇ ਰਿਪੋਰਟਾਂ ਸਾਹਮਣੇ ਆਈਆਂ, ਮੰਤਰਾਲੇ ਨੇ ਵਾਸ□ਗਟਨ, ਡੀ ਸੀ ਵਿੱਚ ਭਾਰਤੀ ਦੂਤਾਵਾਸ ਰਾਹੀਂ, ਸਬੰਧਤ ਅਮਰੀਕੀ ਅਧਿਕਾਰੀਆਂ ਨਾਲ ਮਾਮਲਾ ਉਠਾਇਆ ਅਤੇ ਉਨ੍ਹਾਂ ਦੇ ਨਾਮ, ਵੇਰਵੇ ਅਤੇ ਹੋਰ ਸਬੰਧਤ ਜਾਣਕਾਰੀ ਮੰਗੀ। ਭਾਰਤ ਸਰਕਾਰ ਸਬੰਧਤ ਵਿਅਕਤੀਆਂ ਦੀ ਪਛਾਣ ਅਤੇ ਵੇਰਵਿਆਂ ਬਾਰੇ ਅਮਰੀਕੀ ਸੀ ਬੀ ਪੀ () ਤੋਂ ਪੁਸਟੀ ਦੀ ਉਡੀਕ ਕਰ ਰਹੀ ਹੈ।"

# ਐਡੀਲੇਡ ਗੁਰਦੁਆਰੇ 'ਚ ਅੱਗ ਲੱਗਣ ਦੇ ਮਾਮਲੇ ਦੀ ਜਾਂਚ ਸ਼ੁਰੂ

ਦੱਖਣੀ ਆਸਟਰੇਲੀਆ ਦੀ ਰਾਜਧਾਨੀ ਐਡੀਲੇਡ ਦੇ ਉੱਤਰੀ ਖੇਤਰ ਵਿੱਚ ਸਥਿਤ ਗੁਰਦੁਆਰੇ 'ਚ ਅਚਾਨਕ ਅੱਗ ਲੱਗਣ ਕਾਰਨ ਗੁਰਦੁਆਰੇ ਅੰਦਰ ਸੁੱਖ ਆਸਣ ਵਿੱਚ ਸੁਸੋਭਿਤ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਪਾਵਨ ਸਰੂਪ ਅਗਨ ਭੇਟ ਹੋਣ ਅਤੇ ਗੁਰਦੁਆਰੇ ਦੀ ਇਮਾਰਤ ਸੜ ਕੇ ਤਬਾਹ ਹੋਣ ਦੇ ਮਾਮਲੇ ਦੀ ਜਾਂਚ ਲਈ ਬਣਾਈ ਪੰਜ ਮੈਂਬਰੀ ਕਮੇਟੀ ਨੇ ਜਾਂਚ ਆਰੰਭ ਦਿੱਤੀ ਹੈ। ਇਸੇ ਦੌਰਾਨ ਐਡੀਲੇਡ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ, ਐਲਨਬੀ ਗਾਰਡਨ ਵਿਖੇ ਸਿੱਖ ਸੰਗਤ ਦੀ ਵਿਸੇਸ ਇਕੱਤਰਤਾ ਹੋਈ। ਇਸ ਦੌਰਾਨ ਐਡੀਲੇਡ ਤੋਂ ਇਲਾਵਾ ਮੈਲਬਰਨ, ਹੋਰ ਰਾਜਾਂ ਅਤੇ ਨਿਊਜੀਲੈਂਡ ਤੋਂ ਪੁੱਜੇ ਸਿੱਖ ਨੁਮਾਇੰਦਿਆਂ, ਧਾਰਮਿਕ ਜਥੇਬੰਦੀਆਂ ਦੇ ਆਗੂਆਂ ਸਣੇ ਵੱਡੀ ਗਿਣਤੀ ਸੰਗਤ ਨੇ ਹਾਜਰੀ ਭਰੀ।



ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਹੁਕਮਾਂ 'ਤੇ ਦੱਖਣੀ ਆਸਟਰੇਲੀਆ ਦੇ ਗੁਰਦੁਆਰੇ ਵਿੱਚ ਅੱਗ ਲੱਗਣ ਦੀ ਇਸ ਘਟਨਾ ਦੀ ਜਾਂਚ ਲਈ ਪੰਜ ਮੈਂਬਰੀ ਟੀਮ ਬਣਾਈ ਗਈ ਹੈ। ਟੀਮ ਵਿੱਚ ਸੈਂਟਰਲ ਸਿੱਖ ਐਸੋਸੀਏਸਨ ਆਫ ਨਿਊਜ਼ੀਲੈਂਡ ਦੇ ਮੁੱਖ ਸੇਵਾਦਾਰ ਦਲਜੀਤ ਸਿੰਘ, ਆਸਟਰੇਲੀਅਨ ਸਿੱਖ ਕੌਂਸਲ ਤੋਂ ਮਨਦੀਪ ਸਿੰਘ, ਗੁਰਦੁਆਰਾ ਕੌਂਸਲ ਆਫ ਵਿਕਟੋਰੀਆ ਤੋਂ ਰਵੀ ਇੰਦਰ ਸਿੰਘ ਤੇ ਪ੍ਰੀਤਮ ਸਿੰਘ ਅਤੇ ਐਡੀਲੇਡ ਤੋਂ ਗੁਰਿੰਦਰਜੀਤ ਸਿੰਘ ਆਦਿ ਸ਼ਾਮਲ ਹਨ। ਕਮੇਟੀ ਨੇ ਅੱਗ ਲੱਗਣ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਟੀਮ ਦੇ ਮੈਂਬਰਾਂ ਨੇ ਦੱਸਿਆ ਕਿ ਉਹ ਜਲਦੀ ਜਾਂਚ ਮੁਕੰਮਲ ਕਰ ਕੇ ਰਿਪੋਰਟ ਅਕਾਲ ਤਖਤ ਦੇ ਜਥੇਦਾਰ ਨੂੰ ਭੇਜਣਗੇ। ਜਿਕਰਯੋਗ ਹੈ ਕਿ ਐਤਵਾਰ ਰਾਤ ਨੂੰ ਕਰੀਬ 9.30 ਵਜੇ ਉੱਤਰੀ ਐਡੀਲੇਡ ਦੇ ਇਲਾਕਾ ਵਰਜੀਨੀਆ ਸਥਿਤ ਇੰਡਸਟੀਅਲ ਸ਼ੈੱਡ 'ਚ ਬਣੇ ਗੁਰਦੁਆਰਾ ਦਸਮੇਸ ਦਰਬਾਰ ਵਿੱਚ ਭਿਆਨਕ ਅੱਗ ਲੱਗ ਗਈ ਸੀ। ਅੱਗ ਐਨੀ ਭਿਆਨਕ ਸੀ ਕਿ ਗੁਰਦੁਆਰੇ ਦੀ ਛੱਤ ਦੀ ਪਾਲਕੀ ਸਾਹਿਬ ਦੇ ਡਿੱਗਣ ਕਾਰਨ ਸੁੱਖ ਆਸਣ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਾਰ ਪਾਵਨ ਸਰੂਪ ਅਗਨ ਭੇਟ ਹੋ ਗਏ ਅਤੇ ਇਮਾਰਤ ਤਬਾਹ ਹੋ ਗਈ ਸੀ।

# ਕੂੜੇ ਵਾਲੇ

ਮੇਰੇ ਸ਼ਹਿਰ ਵਿੱਚ 1988 ਵਿੱਚ ਇੱਕ ਅਰਬਨ ਅਸਟੇਟ ਬਣੀ ਸੀ। ਇਹ ਸ਼ਹਿਰ ਦੀਆਂ ਬਾਕੀ ਸਭ ਰਿਹਾਇਸ਼ਾਂ ਨਾਲੋਂ ਕੁਝ ਅਡਰੀ ਕਿਸਮ ਦੀ ਸੀ – ਵੱਧ ਸੁੰਦਰ, ਵੱਧ ਅਧੁਨਿਕ, ਵੱਧ ਜਾਗਰਿਤ, ਵੱਧ ਪੜ੍ਹੀ ਲਿਖੀ ਤੇ ਵੱਧ ਸਜਾਈ ਤੇ ਸੰਵਾਰੀ ਹੋਈ। ਵਿਚਕਾਰ ਡੇਢ ਕੁ ਏਕੜ ਦਾ ਪਾਰਕ ਸੀ ਤੇ ਇਸਦੇ ਆਲੇ ਦੁਆਲੇ ਦੋ ਕੁ ਸੌ ਘਰ ਸਨ। ਇਸ ਦੀ ਦੇਖ ਰੇਖ ਕਰਨ ਲਈ ਇੱਥੋਂ ਦੇ ਬਸ਼ਿੰਦਿਆਂ ਨੇ ਇੱਕ ਸਭਾ ਬਣਾਈ ਸੀ ਜਿਸਦਾ ਨਾਮ ਅਰਬਨ ਅਸਟੇਟ ਵੈਲਫੇਅਰ ਐਸੋਸੀਏਸ਼ਨ ਸੀ। ਇਸ ਸਭਾ ਦੇ ਪ੍ਰਧਾਨ ਪ੍ਰੋਫੈਸਰ ਸੰਧੂ ਸਾਹਿਬ, ਮੀਤ ਪ੍ਰਧਾਨ ਐਡਵੋਕੇਟ ਸੈਣੀ ਸਾਹਿਬ, ਸਕੱਤਰ ਬੈਂਕ ਮੈਨੇਜਰ ਲੂਥਰਾ ਸਾਹਿਬ ਤੇ ਵਿੱਤ ਸਕੱਤਰ ਇੱਕ ਕਾਰੋਬਾਰੀ ਬੇਦੀ ਸਾਹਿਬ ਸਨ। ਇਹਨਾਂ ਤੋਂ ਇਲਾਵਾ ਇੱਕ 11 ਮੈਂਬਰੀ ਕਾਰਜਕਰਨੀ ਕਮੇਟੀ ਸੀ। ਜਨਰਲ ਮੈਂਬਰਸ਼ਿੱਪ ਸਾਰੇ ਦੇ ਸਾਰੇ 200 ਘਰਾਂ ਦੀ ਸੀ। ਘਰ ਪ੍ਰਤੀ ਦਸ ਰੁਪਏ ਚੰਦਾ ਲਗਾਇਆ ਗਿਆ ਸੀ ਤਾਂ ਕਿ ਅਸਟੇਟ ਨੂੰ ਸਮੇਂ-ਸਮੇਂ ਤੇ ਸੰਵਾਰਿਆ ਜਾ ਸਕੇ। ਇਸ ਪੈਸੇ ਨਾਲ ਮੀਟਿੰਗਾਂ ਤੇ ਆਉਣ ਵਾਲਾ ਖਰਚਾ ਕੀਤਾ ਜਾਂਦਾ ਸੀ ਤੇ ਮਾਲੀ ਦੀ ਤਨਖਾਹ ਵੀ ਦਿੱਤੀ ਜਾਂਦੀ ਸੀ। ਸ਼ੁਰੂ ਸ਼ੁਰੂ ਵਿੱਚ ਕੂੜਾ ਚੁੱਕ ਕੇ ਕਿਤੇ ਢੇਰੀ ਕਰਨ ਦੀ ਜ਼ਰੂਰਤ ਨਹੀਂ ਮਹਿਸੂਸ ਹੋਈ ਸੀ ਕਿਉਂਕਿ ਆਲੇ ਦੁਆਲੇ ਸਾਰੀ ਜਗ੍ਹਾ ਖਾਲੀ ਹੀ ਪਈ ਸੀ। ਸਮਾਂ ਪੈਣ ਨਾਲ ਆਲੇ ਦੁਆਲੇ ਦੀ ਖਾਲੀ ਜਗ੍ਹਾ ਵਿੱਚ ਵੀ ਪੂਡਾ ਨੇ ਪਲਾਟ ਕੱਟ ਦਿੱਤੇ ਤੇ ਉੱਥੇ ਵੀ ਲੋਕਾਂ ਦੀ ਵਸੋਂ ਹੋਣੀ ਸ਼ੁਰੂ ਹੋ ਗਈ। ਕੂੜਾ ਢੇਰੀ ਕਰਨ ਦਾ ਮਸਲਾ ਬਣ ਗਿਆ।

ਐਸੋਸੀਏਸ਼ਨ ਦੇ ਸਾਰੇ ਅਹੁਦੇਦਾਰ ਇਕੱਠੇ ਹੋਏ। ਕੂੜਾ ਡੰਪ ਕਰਵਾਉਣ ਤੇ ਵਿਚਾਰ ਚਰਚਾ ਹੋਈ। ਆਮ ਰਾਇ ਇਹ ਬਣੀ ਕੇ ਇੱਕ ਠੇਲ੍ਹਾ ਖਰੀਦਿਆ ਜਾਵੇ ਤੇ ਉਸਨੂੰ ਖਿੱਚ ਕੇ ਲਿਜਾਉਣ ਲਈ ਇੱਕ ਮਜ਼ਦੂਰ ਵੀ ਰੱਖਿਆ ਜਾਵੇ। ਪ੍ਰਧਾਨ ਸੰਧੂ ਤੇ ਮੀਤ ਪ੍ਰਧਾਨ ਸੈਣੀ ਦੀ ਕੋਸ਼ਿਸ਼ ਸਦਕਾ ਇਹ ਪ੍ਰਬੰਧ ਵੀ ਕਰ ਲਿਆ ਗਿਆ। ਇੱਕ ਹੋਰ ਮਸਲਾ ਖੜ੍ਹਾ ਹੋ ਗਿਆ। ਠੇਲ੍ਹਾ ਖੜ੍ਹਾ ਕਿੱਥੇ ਕੀਤਾ ਜਾਵੇ। ਚੌਹਾਂ ਦੀ ਫਿਰ ਮਿਲਣੀ ਹੋਈ ਮਸਲਾ ਐਡਾ ਵੱਡਾ ਨਹੀਂ ਸੀ ਕਿ ਕਾਰਜਕਰਨੀ ਕਮੇਟੀ ਦੀ ਮੀਟਿੰਗ ਸੱਦੀ ਜਾਵੇ। ਪ੍ਰਧਾਨ ਸੰਧੂ ਨੇ ਜ਼ਿੰਮੇਵਾਰੀ ਲੈਂਦੇ ਹੋਏ ਕਿਹਾ, "ਕੋਈ ਵੱਡਾ ਮਸਲਾ ਨਹੀਂ। ਠੇਲ੍ਹਾ ਮੈਂ ਆਪਣੇ ਘਰ ਦੇ ਪਿਛਲੇ ਵਿਹੜੇ ਵਿੱਚ ਖੜ੍ਹਾ ਕਰ ਲਿਆ ਕਰਾਂਗਾ।"

ਠੇਲ੍ਹਾ ਖੜ੍ਹਾ ਹੋਣ ਲੱਗ ਪਿਆ। ਠੇਲ੍ਹਾ ਚਾਲਕ ਆਇਆ ਕਰੇ ਤੇ ਠੇਲ੍ਹਾ ਰੋੜ੍ਹ ਕੇ ਲੈ ਜਾਇਆ ਕਰੇ। ਸਭ ਪਾਸਿਓਂ ਕੂੜਾ ਚੁੱਕ ਕੇ ਦੂਰ ਇੱਕ ਟੋਏ ਵਿੱਚ ਢੇਰੀ ਘਰ ਆਇਆ ਕਰੇ ਤੇ ਠੇਲ੍ਹਾ ਫਿਰ ਆ ਕੇ ਸੰਧੂ ਸਾਹਿਬ ਦੇ ਘਰ ਖੜ੍ਹਾ ਕਰ ਦਿਆ ਕਰੇ।

ਸੰਧੂ ਸਾਹਿਬ ਦੇ ਦੋ ਬੱਚੇ ਸਨ। ਇੱਕ ਲੜਕੀ ਜਿਹੜੀ ਕਾਲਜ ਪੜ੍ਹਨ ਜਾਂਦੀ ਸੀ ਤੇ ਇੱਕ ਲੜਕਾ ਜਿਹੜਾ ਸਕੂਲ ਦੀ ਉਚੇਰੀ ਜਮਾਤ ਵਿੱਚ ਪੜ੍ਹਦਾ ਸੀ। ਇੱਕ ਦਿਨ ਜਦ ਸੰਧੂ ਸਾਹਿਬ ਆਪਣੇ ਕਾਲਜ ਤੋਂ ਆਏ ਤਾਂ ਉਹਨਾਂ ਨੂੰ ਘਰ ਦਾ ਮਾਹੌਲ ਉਖੜਿਆ ਉਖੜਿਆ ਤੇ ਅਸਾਵਾਂ ਮਹਿਸੂਸ ਹੋਇਆ। ਉਹਨਾਂ ਨੇ ਆਪਣੀ ਪਤਨੀ ਕਰਮਜੀਤ ਨੂੰ ਪੁੱਛਿਆ, "ਕੀ ਗੱਲ, ਅੱਜ ਬੱਚੇ ਉਨੇ ਖੁੱਲ ਕੇ ਨਹੀਂ ਪੇਸ਼ ਆਏ ਜਿੰਨੇ ਅਕਸਰ ਆਉਂਦੇ ਹੁੰਦੇ ਹਨ? ਇਹ ਵੱਟੇ ਵੱਟੇ ਜਿਹੇ ਕਿਉਂ ਲੱਗਦੇ ਹਨ?"

"ਮੇਰੇ ਨਾਲ ਹੁਣੇ ਹੁਣੇ ਲੜਦੇ ਹਟੇ ਹਨ", ਕਰਮਜੀਤ ਬੋਲੀ।

"ਕੀ ਗੱਲ?"

"ਘਰ ਵਿੱਚ ਖੜ੍ਹਾ ਠੇਲ੍ਹਾ ਉਨ੍ਹਾਂ ਨੂੰ ਚੰਗਾ ਨਹੀਂ ਲਗਦਾ। ਉਹ ਠੇਲ੍ਹੇ ਚਾਲਕ ਦਾ ਘਰ ਵਿੱਚ ਵਾਰ-ਵਾਰ ਆਉਣਾ ਵੀ ਪਸੰਦ ਨਹੀਂ ਕਰਦੇ। ਕਹਿੰਦੇ ਹਨ – ਸਾਡੀ ਪ੍ਰਾਈਵੇਸੀ ਭੰਗ ਹੁੰਦੀ ਹੈ। ਸਾਡੇ ਘਰ ਨੀਵੇਂ ਦਰਜੇ ਦੇ ਬੰਦੇ ਆਉਂਦੇ ਵੀ ਚੰਗੇ ਨਹੀਂ ਲੱਗਦੇ। ਮੁੰਡਾ ਕਹਿੰਦਾ – ਮੇਰੇ ਸਕੂਲ ਵਿੱਚ ਮੁੰਡੇ ਮੈਨੂੰ ਛੇੜਦੇ ਹਨ ਕਿ ਸਾਰੇ ਘਰਾਂ ਦਾ ਕੂੜਾ ਲਿਜਾਉਣ ਵਾਲਾ ਠੇਲ੍ਹਾ ਸਾਡੇ ਘਰ ਖੜ੍ਹਦਾ ਏ।



"ਦੇਖੋ ਸਮਾਂ ਬੀਤਣ ਨਾਲ ਸਾਰਾ ਆਲਾ ਦੁਆਲਾ ਮਕਾਨਾਂ ਨਾਲ ਭਰ ਗਿਆ ਏ। ਆਉਣ ਵਾਲੇ ਦੋ ਸਾਲਾਂ ਵਿੱਚ ਤੁਹਾਨੂੰ ਸੈਰ ਕਰਨ ਨੂੰ ਖੁੱਲੀਆਂ ਥਾਵਾਂ ਵੀ ਨਹੀਂ ਮਿਲਣੀਆਂ। ਤੁਹਾਨੂੰ ਦਿਖਦਾ ਹੀ ਏ ਕਿ ਸ਼ਹਿਰੀਕਰਨ ਖੁੱਲੀਆਂ ਜੂਹਾਂ ਨੂੰ ਨਿਗਲਦਾ ਜਾ ਰਿਹਾ ਏ।......"

ਕਹਿੰਦਾ ਨਾਲੇ ਉਹਨਾਂ ਨੇ ਮੇਰਾ ਨਾਮ ਟੀ. ਪੀ. ਐਮ ਪਾ ਲਿਆ ਏ।"

"ਇਸਦਾ ਕੀ ਮਤਲਬ?" ਸੰਧੂ ਸਾਹਿਬ ਜਾਨਣ ਲਈ ਕਾਹਲੇ ਪੈ ਗਏ।

"ਠੇਲ੍ਹੇ ਵਾਲੇ ਪ੍ਰਧਾਨ ਦਾ ਮੁੰਡਾ।" ਪਰਿਓਂ ਲੜਕੀ ਵੀ ਬੋਲ ਪਈ, "ਮੇਰੇ ਕਾਲਜ ਵਿੱਚ ਮੇਰੀ ਸਹੇਲੀ ਸੁਸ਼ਮਾ ਕਹਿੰਦੀ – ਤੇਰੇ ਮੰਮੀ ਨੂੰ ਬੰਸੀ ਲਾਲ ਅਗਰਵਾਲ ਦੀ ਤੀਵੀਂ ਸੱਤਿਆ ਠੇਲ੍ਹੇ ਵਾਲੀ ਪ੍ਰੋਫੈਸਰਨੀ ਕਹਿ ਕੇ ਬੁਲਾਉਂਦੀ ਏ।"

"ਕਿਹੜਾ ਬੰਸੀ ਲਾਲ?" ਸੰਧੂ ਸਾਹਿਬ ਨੇ ਪੁੱਛਿਆ।

"ਉਹ ਬੁੱਢਾ ਜਿਹੜਾ 95 ਨੰਬਰ ਵਿੱਚ ਰਹਿੰਦਾ ਏ।"

ਸੰਧੂ ਸਾਹਿਬ ਸੋਚੀਂ ਪੈ ਗਏ।

ਇੰਨੇ ਚਿਰ ਵਿੱਚ ਲੜਕੇ ਨੇ ਤਾਂ ਸਾਫ ਹੀ ਕਹਿ ਦਿੱਤਾ, "ਡੈਡੀ ਇਹ ਠੇਲ੍ਹਾ ਇੱਥੋਂ ਚੁਕਵਾਓ। ਤੁਸੀਂ ਪ੍ਰਧਾਨ ਹੋ। ਇਹੋ ਜਿਹੀਆਂ ਵਗਾਰਾਂ ਕਰਦੇ ਚੰਗੇ ਨਹੀਂ ਲੱਗਦੇ। ਉਹ ਲੁਭਾਇਆ ਵਾਲਮੀਕੀ ਆਉਂਦਾ ਏ ਤਾਂ ਖੜ ਖੜ ਸ਼ੁਰੂ ਹੋ ਜਾਂਦੀ ਏ। ਘਰ ਨੂੰ ਤਾਂ ਤੁਸੀਂ ਕਬਾੜਖਾਨਾ ਬਣਾਤਾ। ਇਹਨੂੰ ਇਥੋਂ ਚੁਕਵਾਓ। ਜਿੱਥੇ ਮਰਜ਼ੀ ਖੜਾ ਕਰਵਾਓ।"

ਸੰਧੂ ਸਾਹਿਬ ਸੋਚਾਂ ਵਿੱਚ ਪੈ ਗਏ। ਉਹਨਾਂ ਦੀ ਧਰਮ ਪਤਨੀ ਵੀ ਬੱਚਿਆਂ ਦੀ ਵੱਧ ਸਾਈਡ ਲਵੇ। ਫਿਰ ਉਹਨਾਂ ਨੂੰ ਮੀਤ ਪ੍ਰਧਾਨ ਸੈਣੀ ਨਾਲ ਮਸ਼ਵਰਾ ਕਰਨਾ ਪਿਆ। ਆਖਰ ਇਹ ਰਾਇ ਬਣੀ ਕਿ ਠੇਲ੍ਹਾ ਅਸਟੇਟ ਦੇ ਨਾਲ ਲਗਦੇ ਹਿੰਦੂ ਮੰਦਰ ਵਿੱਚ ਖੜ੍ਹਾ ਕਰਵਾ ਲਿਆ ਜਾਵੇ। ਸੰਧੂ ਸਾਹਿਬ ਤੇ ਸੈਣੀ ਸਾਹਿਬ ਇੰਤਜ਼ਾਮ ਕਰਨ ਲਈ ਮੰਦਰ ਵੱਲ ਗਏ।

"ਨੀਲ ਕੰਠ ਜੀ, ਸਾਡਾ ਇੱਕ ਨਿੱਕਾ ਜਿਹਾ ਮਸਲਾ ਏ। ਤੁਸੀਂ ਹੱਲ ਕਰ ਸਕਦੇ ਹੋ?" ਸੰਧੂ ਸਾਹਿਬ ਨੇ ਪੁਜਾਰੀ ਨੂੰ ਬੇਨਤੀ ਕੀਤੀ।

"ਪ੍ਰੋਫੈਸਰ ਸਾਹਿਬ, ਜੀ ਆਇਆ ਨੂੰ, ਤੁਸੀਂ ਸਾਡੇ ਪਾਸ ਆਏ ਕੀ ਗੱਲ ਹੋਈ?"

"ਅਸੀਂ ਅਸਟੇਟ ਦਾ ਕੂੜਾ ਚੁੱਕਣ ਲਈ ਇੱਕ ਠੇਲ੍ਹਾ ਲਿਆ ਹੈ। ਕੀ ਤੁਸੀਂ ਇਸ ਨੂੰ ਮੰਦਰ ਦੇ ਪਿਛਲੇ ਪਾਸੇ ਖੜ੍ਹਾ ਕਰਵਾ ਲਿਆ ਕਰੋਗੇ?"

"ਆਪਣਾ ਇਹ ਮਸਲਾ ਹੱਲ ਕਰਵਾਉਣ ਲਈ ਤੁਹਾਨੂੰ ਪਹਿਲਾਂ ਮੰਦਿਰ ਕਮੇਟੀ ਦੇ ਪ੍ਰਧਾਨ ਸਰੀਨ ਸਾਹਿਬ ਨਾਲ ਗੱਲ ਕਰਨੀ ਪਊ", ਪੁਜਾਰੀ ਨੀਲ ਕੰਠ ਬੋਲਿਆ।

"ਉਹ ਕਦੋਂ ਮੰਦਰ ਵਿੱਚ ਆਉਣਗੇ?" ਸੰਧੂ ਸਾਹਿਬ ਨੇ ਪੁੱਛਿਆ।

"ਤੁਸੀਂ ਘੰਟੇ ਕੁ ਤੱਕ ਆ ਜਾਇਓ। ਦਿਨ ਵਿੱਚ ਇੱਕ ਵਾਰ ਤਾਂ ਇੱਧਰ ਗੇੜਾ ਮਾਰਦੇ ਹੀ ਹੁੰਦੇ ਹਨ", ਪੁਜਾਰੀ ਨੇ ਸਥਿਤੀ ਸਪੱਸ਼ਟ ਕੀਤੀ।

ਘੰਟੇ ਬਾਅਦ ਸੰਧੂ ਸਾਹਿਬ ਤੇ ਸੈਣੀ ਸਾਹਿਬ ਫਿਰ ਮੰਦਰ ਵੱਲ ਗਏ। ਪ੍ਰਧਾਨ ਸਰੀਨ ਸਾਹਿਬ ਉੱਥੇ ਮੌਜੂਦ ਸਨ।

"ਆਓ ਜੀ, ਸਰਦਾਰ ਸਾਹਿਬਾਨ ਕਿਵੇਂ ਆਉਣਾ ਹੋਇਆ?" ਸਰੀਨ ਸਾਹਿਬ ਨਿਮਰਤਾ ਨਾਲ ਪੇਸ਼ ਆਏ।

"ਸਰੀਨ ਜੀ, ਇੱਕ ਮਸਲਾ ਖੜ੍ਹਾ ਹੋ ਗਿਆ ਏ। ਤੁਸੀਂ ਹੱਲ ਕਰ ਸਕਦੇ ਹੋ?"

"ਦੱਸੋ ਕੀ ਮਸਲਾ ਏ?"

"ਇਸ ਸਾਰੀ ਅਸਟੇਟ ਦਾ ਕੂੜਾ ਚੁੱਕਣ ਲਈ ਕਮੇਟੀ ਮੈਂਬਰਾਂ ਨੇ ਇੱਕ ਠੇਲ੍ਹਾ ਖਰੀਦਿਆ ਸੀ। ਇਸ ਠੇਲ੍ਹੇ ਨੂੰ ਖਿੱਚਣ ਲਈ ਅਸੀਂ ਠੇਲ੍ਹਾ ਚਾਲਕ ਵੀ ਰੱਖਿਆ ਸੀ। ਸਵਾਲ ਠੇਲ੍ਹਾ ਖੜ੍ਹਾ ਕਰਨ ਦਾ ਏ। ਮੰਦਰ ਇੱਕ ਸਾਂਝੀ ਥਾਂ ਹੈ ਤੇ ਇਹ ਹੈ ਵੀ ਅਸਟੇਟ ਦੇ ਨਾਲ ਲੱਗਦਾ। ਤੁਹਾਡੇ ਪਾਸ ਮੰਦਰ ਦੇ ਪਿਛਲੇ ਪਾਸੇ ਇੱਕ ਸ਼ੈਡ ਵੀ ਹੈ। ਜੇ ਇਸ ਸਾਂਝੇ ਕਾਰਜ ਲਈ ਲੋਕਾਂ ਦੀ ਸੇਵਾ ਹਿੱਤ ਇਹ ਠੇਲ੍ਹਾ ਮੰਦਰ ਦੀ ਸ਼ੈਡ ਵਿੱਚ ਖੜ੍ਹਾ ਕਰਵਾ ਲਿਆ ਕਰੋ ਤਾਂ ਸਾਡੀ ਅਸਟੇਟ ਤੁਹਾਡੀ ਧੰਨਵਾਦੀ ਹੋਵੇਗੀ।"

"ਸੰਧੂ ਸਾਹਿਬ ਤੇ ਸੈਣੀ ਸਾਹਿਬ, ਤੁਸੀਂ ਇਸ ਕੰਮ ਲਈ ਗੁਰਦੁਆਰੇ ਕਿਉਂ ਨਹੀਂ ਗਏ?"

ਸਰੀਨ ਕੱਟੜ ਹਿੰਦੂ ਪਾਰਟੀ ਦਾ ਬੰਦਾ ਸੀ ਤੇ ਉਹ ਠੇਲ੍ਹਾ ਖੜ੍ਹਾ ਕਰਵਾਉਣ ਨਾਲੋਂ ਧਰਮ ਦੇ ਨਾਂ ਤੇ ਸਿੱਖ ਅਹੁਦੇਦਾਰਾਂ ਦਾ ਵਿਰੋਧ ਕਰਦਾ ਵੱਧ ਨਜ਼ਰ ਆ ਰਿਹਾ ਸੀ। ਉਸ ਦੀ ਨਜ਼ਰ ਵਾਲੀ ਐਨਕ ਚੋਂ ਉਹਦੀਆਂ ਅੱਖਾਂ ਬੈਟਰੀ ਵਾਂਗ ਜਗ ਰਹੀਆਂ ਸਨ।



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

"ਸਰੀਨ ਸਾਹਿਬ ਗੁਰਦੁਆਰਾ ਇੱਥੋਂ ਦੂਰ ਏ। ਉੱਥੇ ਨੂੰ ਠੇਲ੍ਹਾ ਚਾਲਕ ਆਇਆ ਜਾਇਆ ਕਿਵੇਂ ਕਰੂ?"

"ਤੁਸੀਂ ਪ੍ਰਧਾਨ ਤੇ ਮੀਤ ਪ੍ਰਧਾਨ ਹੋ। ਤੁਸੀਂ ਖੁਦ ਸੋਚੋ।"

ਸੰਧੂ ਸਾਹਿਬ ਤੇ ਸੈਣੀ ਸਾਹਿਬ ਨਿਰੁੱਤਰ ਹੋ ਕੇ ਉਥੋਂ ਵਾਪਸ ਆ ਗਏ। ਮਸਲਾ ਕਿਵੇਂ ਹੱਲ ਹੋਵੇ ਇਹ ਸੋਚ ਉਹਨਾਂ ਦੇ ਮਨ ਉੱਤੇ ਭਾਰੂ ਰਹੀ।

ਦੂਜੇ ਦਿਨ ਚੌਹਾਂ ਅਹੁਦੇਦਾਰਾਂ ਦੀ ਉਚੇਚੀ ਮਿਲਣੀ ਹੋਈ।

"ਕਿਵੇਂ ਕਰੀਏ?" ਪ੍ਰਧਾਨ ਸੰਧੂ ਨੇ ਦੂਜਿਆਂ ਨੂੰ ਪੁੱਛਿਆ।

"ਮਸਲਾ ਤਾਂ ਹੱਲ ਹੋ ਸਕਦਾ ਏ ਪਰ ਖਰਚਾ ਵੱਧ ਕਰਨਾ ਪਊ", ਸੈਣੀ ਸਾਹਿਬ ਬੋਲੇ।

"ਕਿਵੇਂ?" ਲੂਥਰਾ ਸਾਹਿਬ ਪੁੱਛਣ ਲੱਗੇ।

"ਦੇਖੋ ਸਮਾਂ ਬੀਤਣ ਨਾਲ ਸਾਰਾ ਆਲਾ ਦੁਆਲਾ ਮਕਾਨਾਂ ਨਾਲ ਭਰ ਗਿਆ ਏ। ਆਉਣ ਵਾਲੇ ਦੋ ਸਾਲਾਂ ਵਿੱਚ ਤੁਹਾਨੂੰ ਸੈਰ ਕਰਨ ਨੂੰ ਖੁੱਲੀਆਂ ਥਾਵਾਂ ਵੀ ਨਹੀਂ ਮਿਲਣੀਆਂ। ਤੁਹਾਨੂੰ ਦਿਖਦਾ ਹੀ ਏ ਕਿ ਸ਼ਹਿਰੀਕਰਨ ਖੁੱਲੀਆਂ ਜੂਹਾਂ ਨੂੰ ਨਿਗਲਦਾ ਜਾ ਰਿਹਾ ਏ। ਠੇਲ੍ਹਾ ਚਾਲਕ ਲਈ ਠੇਲ੍ਹਾ ਖਿੱਚ ਕੇ ਦੂਰ ਲਿਜਾਣਾ ਔਖਾ ਏ। ਅਸੀਂ ਕਿੰਨੇ ਨਿਰਦਈ ਹਾਂ ਕਿ ਅਸੀਂ ਪਸ਼ੂਆਂ ਵਾਲਾ ਕੰਮ ਬੰਦਿਆਂ ਤੋਂ ਲੈ ਰਹੇ ਹਾਂ। ਤੁਸੀਂ ਦੇਖਦੇ ਹੋਵੋਗੇ ਕਿ ਭੀੜ ਭੜੱਕੇ ਵਾਲੇ ਸ਼ਹਿਰਾਂ ਵਿੱਚ ਕਈ ਲੋਕ ਮੋਟਰ ਵਾਹਨਾਂ ਵਾਲਾ ਕੰਮ ਪਸ਼ੂਆਂ ਤੋਂ ਲੈ ਰਹੇ ਹਨ। ਮਨੁੱਖ ਕਿੰਨਾ ਨਿਰਦਈ ਹੋ ਚੁੱਕਾ ਏ। ਹੁਣ ਸਾਨੂੰ ਕੋਈ ਛੋਟਾ ਮੋਟਾ ਟਰੈਕਟਰ ਲੈਣਾ ਪਊ। ਇਸ ਨਾਲ ਟਰਾਲੀ ਵੀ ਹੋਊ। ਇਸ ਟਰੈਕਟਰ ਨੂੰ ਚਲਾਉਣ ਲਈ ਇੱਕ ਡਰਾਈਵਰ ਵੀ ਰੱਖਣਾ ਪਊ। ਸਾਰਾ ਕੂੜਾ ਟਰਾਲੀ ਵਿੱਚ ਲੱਦ ਕੇ ਉਹ ਡਰਾਈਵਰ ਇਸਨੂੰ ਕਿਤੇ ਦੂਰ ਡੰਪ ਕਰਕੇ ਆਇਆ ਕਰੂ", ਸੈਣੀ ਸਾਹਿਬ ਨੇ ਵੱਧ ਖਰਚੇ ਵਾਲੀ ਗੱਲ ਕਰ ਦਿੱਤੀ।

"ਮਸਲਾ ਗੁੰਝਲਦਾਰ ਬਣ ਗਿਆ ਏ", ਬੇਦੀ ਸਾਹਿਬ ਬੋਲੇ।

"ਪਹਿਲਾਂ ਆਪਾਂ ਦਸ ਦਸ ਰੁਪਏ ਪ੍ਰਤੀ ਘਰ ਇਕੱਠੇ ਕਰਦੇ ਹੁੰਦੇ ਸੀ ਤੇ ਹੁਣ ਇਨੇ ਘੱਟ ਪੈਸਿਆਂ ਨਾਲ ਗੱਲ ਨਹੀਂ ਬਣਨੀ। ਹੁਣ ਹਰ ਘਰ ਮਹੀਨੇ ਦੇ ਦੋ ਸੌ ਰੁਪਏ ਦਿਆ ਕਰੇ। ਫਿਰ ਮਸਲਾ ਹੱਲ ਹੋਊ। ਨਹੀਂ ਤਾਂ ਹਰ ਪਾਸੇ ਗੰਦ ਪਿਆ ਰਿਹਾ ਕਰੂ, ਬੇਦੀ ਸਾਹਿਬ।" ਸੈਣੀ ਨੇ ਸਾਰੀ ਤਸਵੀਰ ਸਾਫ ਕਰ ਦਿੱਤੀ।

"ਦੋ ਸੌ ਤਾਂ ਬਹੁਤ ਜਿਆਦਾ ਏ। ਇੰਨੇ ਪੈਸੇ ਲੋਕ ਕਿਵੇਂ ਦੇਣਗੇ। ਕਹਿਣਗੇ ਅਹੁਦੇਦਾਰਾਂ ਨੇ ਪੈਸੇ ਖਾਣ ਦਾ ਜ਼ਰੀਆ ਬਣਾ ਲਿਆ", ਲੂਥਰਾ ਸਾਹਿਬ ਨੇ ਸੋਚ ਵਿੱਚ ਪਏ ਹੋਏ ਨੇ ਦਿਲ ਦੀ ਗੱਲ ਦੱਸ ਹੀ ਦਿੱਤੀ।

"ਤੁਸੀਂ ਟਰੈਕਟਰ ਟਰਾਲੀ ਦੀ ਕੀਮਤ ਸੋਚੋ। ਫਿਰ ਹਰ ਮਹੀਨੇ ਡਰਾਈਵਰ ਦੀ ਤਨਖਾਹ। ਤੇਲ ਦਾ ਖਰਚਾ ਵੱਖਰਾ। ਜੇ ਸਟੈਂਡਰਡ ਨਾਲ ਰਹਿਣਾ ਹੈ ਤਾਂ ਪੈਸੇ ਤਾਂ ਖਰਚ ਕਰਨੇ ਹੀ ਪੈਣਗੇ। ਜੇ ਮਿਉਂਸੀਪਲ ਕਾਰਪੋਰੇਸ਼ਨ ਤੇ ਛੱਡ ਦਿਓਗੇ ਤਾਂ ਇੱਥੇ ਸਭ ਪਾਸੇ ਗੰਦਗੀ ਦੇ ਢੇਰ ਲੱਗ ਜਾਣਗੇ। ਤੁਹਾਨੂੰ ਇੱਕ ਹੋਰ ਗੱਲ ਵੀ ਦੱਸ ਦਿਆਂ ਇਹ ਇਲਾਕਾ ਅਜੇ ਕਾਰਪੋਰੇਸ਼ਨ ਹੇਠ ਆਇਆ ਹੀ ਨਹੀਂ। ਇੰਝ ਹੋਣ ਨੂੰ ਅਜੇ ਹੋਰ ਕਈ ਸਾਲ ਲੱਗ ਜਾਣਗੇ। ਸ਼ਹਿਰ ਦੀ ਹਾਲਤ ਦੇਖੀ? ਕਾਰਪੋਰੇਸ਼ਨ ਦੇ ਕਰਮਚਾਰੀ ਤਾਂ ਆਏ ਮਹੀਨੇ ਹੜਤਾਲ ਤੇ ਹੁੰਦੇ ਨੇ। ਸਫਾਈ ਕਰਮਚਾਰੀ ਕਾਰਪੋਰੇਸ਼ਨ ਦੇ ਖਿਲਾਫ ਨਾਅਰੇਬਾਜ਼ੀ ਕਰਦੇ ਨਹੀਂ ਥੱਕਦੇ। ਸਫਾਈ ਦਾ ਕੰਮ ਹਫਤਿਆਂ ਬੱਧੀ ਠੱਪ ਰਹਿੰਦਾ ਏ। ਸ਼ਹਿਰ ਦੀਆਂ ਨਾਲੀਆਂ ਦੀ ਹਾਲਤ ਦੇਖੀ ਕਿਵੇਂ ਬਦਬੂ ਦੇ ਫਰਾਟੇ ਛੱਡਦੀਆਂ ਹਨ? ਸਾਡੀ ਅਸਟੇਟ ਸ਼ਹਿਰ ਤੋਂ ਅਲੱਗ ਕਿਸਮ ਦੀ ਏ। ਜੇ ਹਲਵਾਈ ਕਰੀਏ ਤਾਂ ਖੁਸ਼ਕੀ ਨਾਲ ਮਰੀਏ", ਸੈਣੀ ਸਾਹਿਬ ਨੇ ਸਭ ਕੁਝ ਸਪਸ਼ਟ ਹੀ ਕਰ ਦਿੱਤਾ।

ਫਿਰ ਐਸੋਸੀਏਸ਼ਨ ਜੀ ਕਾਰਜਕਰਨੀ ਕਮੇਟੀ ਦੀ ਮੀਟਿੰਗ ਸੱਦੀ ਗਈ। ਇਸ ਵਿੱਚ ਵੀ ਕਾਫੀ ਖੱਪਖਾਨਾ ਪੈਂਦਾ ਰਿਹਾ। ਆਖਰ ਕੌੜਾ ਘੁੱਟ ਭਰ ਕੇ ਇੱਕ ਉਗਰਾਹੀ ਕਮੇਟੀ ਬਣਾਈ ਗਈ। ਕਿਹਾ ਗਿਆ ਕਿ ਇਹ ਕਮੇਟੀ ਘਰ ਘਰ ਜਾਊ ਲੋਕਾਂ ਨੂੰ ਸਫਾਈ ਦੇ ਮਸਲੇ ਬਾਰੇ ਜਾਗਰੂਪ ਕਰੂ। ਪੈਸੇ ਇਕੱਠੇ ਕਰਨ ਦਾ ਅਹੁੜ ਪਹੁੜ ਕਰੂ।

ਜਦ ਇਹ ਕਮੇਟੀ ਘਰਾਂ ਮੂਹਰੇ ਘੁੰਮ ਰਹੀ ਸੀ ਤਾਂ ਮੈਂ ਕਈ ਬਸ਼ਿੰਦਿਆਂ ਨੂੰ ਘੂਹ ਘੂਹ ਕਰਦੇ ਸੁਣਿਆ –

"ਇਹ ਕੌਣ ਲੋਕ ਨੇ? ਕਾਹਦੇ ਵਾਸਤੇ ਘਰਾਂ ਦੀਆਂ ਘੰਟੀਆਂ ਵਜਾ ਰਹੇ ਨੇ? ਲਗਦੇ ਤਾਂ ਪੜ੍ਹੇ ਲਿਖੇ ਨੇ। ਸ਼ਾਇਦ ਇਸ ਅਸਟੇਟ ਵਿੱਚ ਹੀ ਰਹਿੰਦੇ ਨੇ। ਪੱਕਾ ਪਤਾ ਨਹੀਂ ਇਹ ਕੌਣ ਨੇ", ਇੱਕ ਬੰਦਾ ਬੋਲਿਆ।

"ਓਏ ਇਹ ਕੂੜੇ ਵਾਲੇ ਨੇ। ਇਹ ਚੋਖੇ ਪੈਸੇ ਮੰਗਦੇ ਫਿਰਦੇ ਨੇ। ਇਹਨਾਂ ਨੂੰ ਮੂੰਹ ਨਾ ਲਾਇਓ ਹੁਣ। ਇਸ ਪੜ੍ਹਿਆਂ ਲਿਖਿਆਂ ਦੀ ਅਸਟੇਟ ਵਿੱਚ ਵੀ ਲੋਟੂ ਟੋਲਾ ਆ ਵੜਿਆ। ਇਹਨਾਂ ਦਾ ਡੱਟ ਕੇ ਵਿਰੋਧ ਕਰੋ। ਇਹ ਕੂੜ ਕਵਾੜ ਚੋਂ ਵੀ ਕਮਾਈ ਕਰਨੀ ਚਾਹੁੰਦੇ ਨੇ", ਇੱਕ ਛੋਕਰਾ ਉੱਚੀ ਉੱਚੀ ਬੋਲਦਾ ਇੱਕ ਗਲੀ ਵਿੱਚ ਅਲੋਪ ਹੋ ਗਿਆ।

"ਇਨ੍ਹਾਂ ਪਹਿਲਾਂ ਠੇਲ੍ਹੇ ਚੋਂ ਪੈਸੇ ਖਾਧੇ। ਫਿਰ ਇਹ ਠੇਲ੍ਹਾ ਚਾਲਕ ਦੇ ਪੈਸੇ ਮਾਰ ਗਏ। ਹੁਣ ਇਹ ਕਿਸੇ ਹੋਰ ਤਾਕ ਵਿੱਚ ਤੁਰੇ ਫਿਰਦੇ ਨੇ। ਦੁੱਧ ਤੇ ਬੁੱਧ ਵਿਗੜਦਿਆਂ ਚਿਰ ਨਹੀਂ ਲੱਗਦਾ", ਇੱਕ ਮੜਕ ਜਿਹੀ ਬੁੱਢੀ ਨੇ ਗਟਾਹਰ ਜਹੀ ਆਵਾਜ਼ ਕੱਢੀ।

ਮੈਂ ਇਹ ਦ੍ਰਿਸ਼ ਦੇਖ ਕੇ ਸੋਚਦਾ ਹੀ ਰਹਿ ਗਿਆ:

'ਜੇ ਇੱਕ ਜਾਗਰਿਤ ਅਤੇ ਪੜ੍ਹੀ ਲਿਖੀ ਅਸਟੇਟ ਵਿੱਚ ਵੀ ਲੋਕ ਸਮਾਜ ਸੇਵੀਆਂ ਬਾਰੇ ਇਸ ਪ੍ਰਕਾਰ ਦੇ ਵਿਚਾਰ ਰੱਖਦੇ ਹਨ ਤਾਂ ਸ਼ਹਿਰ ਦੀਆਂ ਪਛੜੀਆਂ ਬਸਤੀਆਂ ਦਾ ਕੀ ਹਾਲ ਹੋਊ? ਕੀ ਪੈਸੇ ਖਾਣਾ ਭਾਰਤੀ ਲੋਕਤੰਤਰ ਦਾ ਸਿਖਰ ਤੋਂ ਲੈ ਕੇ ਹੇਠਾਂ ਤੱਕ ਦਸਤੂਰ ਹੀ ਬਣ ਗਿਆ ਏ? ਅਦਾਰਿਆਂ ਦੇ ਕੰਮਾਂ ਵਿੱਚ ਪਾਰਦਰਸ਼ਤਾ ਕਦੋਂ ਆਊ?'

ਮੈਂ ਲੋਕਾਂ ਦਾ ਇਹ ਜਮਾਵੜਾ ਦੇਖ ਕੇ ਬਸ ਇੰਜ ਸੋਚਦਾ ਸੋਚਦਾ ਇਹਨਾਂ ਦੀ ਇਹ ਗਾਥਾ ਸ਼ਬਦਾਂ ਵਿੱਚ ਪਰੋਣ ਲੱਗ ਪਿਆ।

# ਉਤਪਾਦਕ ਮਨੁੱਖੀ ਪੂੰਜੀ ਵਿਕਸਿਤ ਭਾਰਤ ਦੀ ਨੀਂਹ

ਹਰ ਸਾਲ 11 ਜੁਲਾਈ ਨੂੰ ਵਿਸਵ ਆਬਾਦੀ ਦਿਵਸ ਮਨਾਇਆ ਜਾਂਦਾ ਹੈ, ਜੋ 1987 ਵਿੱਚ ਵਿਸਵ ਦੀ ਆਬਾਦੀ ਦੇ ਪੰਜ ਅਰਬ (500 ਕਰੋੜ) ਦੇ ਅੰਕੜੇ ਨੂੰ ਪਾਰ ਕਰਨ ਦੀ ਯਾਦ ਨਾਲ ਜੁੜਿਆ ਹੋਇਆ ਹੈ। ਸੰਯੁਕਤ ਰਾਸਟਰ ਮਹਾਸਭਾ ਨੇ ਇੱਕ ਮਤੇ ਰਾਹੀਂ ਆਬਾਦੀ ਨਾਲ ਜੁੜੇ ਮੁੱਦਿਆਂ ਪ੍ਰਤੀ ਵਿਸਵ ਪੱਧਰ 'ਤੇ ਜਾਗਰੂਕਤਾ ਵਧਾਉਣ ਲਈ 11 ਜੁਲਾਈ ਨੂੰ ਵਿਸਵ ਆਬਾਦੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਸੀ। ਸ਼ੁਰੂਆਤ ਤੋਂ ਹੀ ਇਹ ਦਿਨ ਵਧਦੀ ਆਬਾਦੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਜਿਵੇਂ ਭੋਜਨ, ਰਿਹਾਇਸ, ਸਿੱਖਿਆ ਅਤੇ ਕੁਦਰਤੀ ਸਰੋਤਾਂ 'ਤੇ ਪੈਂਦੇ ਬੋਝ ਦੀ ਯਾਦ ਦਿਵਾਉਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਵਿਸਵ ਪੱਧਰ 'ਤੇ ਇਹ ਸੋਚ ਬਦਲ ਚੁੱਕੀ ਹੈ। ਹੁਣ ਮੁੱਖ ਸਵਾਲ ਇਹ ਨਹੀਂ ਕਿ ਦੇਸ ਦੀ ਆਬਾਦੀ ਕਿੰਨੀ ਹੈ ਸਗੋਂ ਇਹ ਹੈ ਕਿ ਉਹ ਆਬਾਦੀ ਆਰਥਿਕਤਾ ਵਿੱਚ ਕਿੰਨਾ ਲਾਹੇਵੰਦ ਯੋਗਦਾਨ ਪਾ ਰਹੀ ਹੈ। ਭਾਰਤ ਲਈ ਤਾਂ ਇਹ ਸੋਚ ਹੋਰ ਵੀ ਵੱਧ ਮਹੱਤਵ ਰੱਖਦੀ ਹੈ ਕਿਉਂਕਿ ਇਹੀ ਸੋਚ ਤੈਅ ਕਰੇਗੀ ਕਿ ਅਗਲੇ ਦੋ ਦਹਾਕਿਆਂ (ਸਾਲ 2047 ਤੱਕ) ਵਿੱਚ ਦੇਸ ਵਿਕਸਿਤ ਰਾਸਟਰ ਬਣੇਗਾ ਜਾਂ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਆਰਥਿਕ ਮੌਕਿਆਂ ਨੂੰ ਗੁਆ ਬੈਠੇਗਾ।

ਜਨਸੰਖਿਆ ਅਤੇ ਵਿਕਾਸ ਦਾ ਨਵਾਂ ਸਮੀਕਰਨ

1970ਵਿਆਂ ਅਤੇ 1980ਵਿਆਂ ਦੌਰਾਨ ਤੇਜੀ ਨਾਲ ਵਧਦੀ ਆਬਾਦੀ ਜਨਤਕ ਨੀਤੀਆਂ ਦਾ ਕੇਂਦਰੀ ਵਿਸਾ ਰਹੀ ਹੈ। ਭਾਰਤ ਸਣੇ ਸਾਰੇ ਵਿਕਾਸਸੀਲ ਦੇਸਾਂ ਨੇ ਪਰਿਵਾਰ ਨਿਯੋਜਨ, ਜਾਗਰੂਕਤਾ ਅਤੇ ਆਬਾਦੀ ਸਥਿਰਤਾ ਰਾਹੀਂ ਪ੍ਰਜਣਨ ਦਰ ਘਟਾਉਣ 'ਤੇ ਪੂਰਾ ਜੋਰ ਦਿੱਤਾ। ਉਸ ਸਮੇਂ ਇਹ ਚਿੰਤਾ ਜਾਇਜ ਵੀ ਸੀ ਕਿਉਂਕਿ ਸੀਮਿਤ ਬੁਨਿਆਦੀ ਢਾਂਚੇ ਅਤੇ ਘੱਟ ਵਿੱਤੀ ਸਰੋਤਾਂ ਦੇ ਦੌਰ ਵਿੱਚ ਇਹ ਡਰ ਸੀ ਕਿ ਵਧਦੀ ਆਬਾਦੀ ਜਨਤਕ ਸਰੋਤਾਂ 'ਤੇ ਵੱਡਾ ਦਬਾਅ ਪਾਵੇਗੀ, ਜਿਸ ਨਾਲ ਆਰਥਿਕ ਵਿਕਾਸ ਦੇ ਲਾਭ ਕਮਜੋਰ ਪੈ ਜਾਣਗੇ। ਇਸੇ ਕਾਰਨ ਉਦੋਂ ਆਬਾਦੀ ਨਿਯੰਤਰਣ ਨੂੰ ਵੱਡੀ ਆਰਥਿਕ ਲੋੜ ਵਜੋਂ ਦੇਖਿਆ ਗਿਆ, ਪਰ ਚਾਰ ਦਹਾਕਿਆਂ ਬਾਅਦ ਅੱਜ ਜਨਸੰਖਿਆ ਦੀ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਜਪਾਨ, ਦੱਖਣੀ ਕੋਰੀਆ ਅਤੇ ਖਾਸ ਕਰਕੇ ਇਟਲੀ ਵਰਗੇ ਯੂਰੋਪੀ ਦੇਸ ਹੁਣ ਬਜੁਰਗ ਹੁੰਦੀ ਆਬਾਦੀ, ਘਟਦੀ ਜਨਮ ਦਰ ਅਤੇ ਘਟਦੇ ਮਜਦੂਰ ਵਰਗ/ਕਿਰਤੀਆਂ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਇੱਥੋਂ ਤੱਕ ਕਿ ਚੀਨ, ਜਿਸ ਨੇ ਕਦੇ ਸਖਤੀ ਨਾਲ 'ਇੱਕ ਬੱਚਾ ਨੀਤੀ' ਲਾਗੂ ਕੀਤੀ ਸੀ, ਨੇ ਵੀ ਹੁਣ ਆਬਾਦੀ ਦੇ ਇਸੇ ਸੰਕਟ ਕਾਰਨ ਇਸ ਨੀਤੀ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਨੌਜਵਾਨ ਮਜਦੂਰਾਂ ਦੀ ਇਹ ਘਾਟ ਹੁਣ ਇਨ੍ਹਾਂ ਅਰਥਵਿਵਸਥਾਵਾਂ ਲਈ ਅਜਿਹੀ ਢਾਂਚਾਗਤ ਸਮੱਸਿਆ ਬਣ ਗਈ ਹੈ, ਜਿਸ ਨੇ ਪੈਨਸਨ ਪ੍ਰਣਾਲੀ ਅਤੇ ਸਿਹਤ ਸੰਭਾਲ 'ਤੇ ਭਾਰੀ ਦਬਾਅ ਪਾ ਦਿੱਤਾ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਕਈ ਵਿਕਸਿਤ ਦੇਸਾਂ ਨੇ ਹੁਣ ਪਰਵਾਸੀ ਮਜਦੂਰਾਂ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇੱਥੋਂ ਦੀ ਜਨਸੰਖਿਆ ਤਸਵੀਰ ਬੇਹੱਦ ਵਿਲੱਖਣ ਹੈ। ਭਾਰਤ ਦੀਆਂ ਇੱਕੋ ਸਮੇਂ ਦੋ ਵੱਖ-ਵੱਖ ਹਕੀਕਤਾਂ ਹਨ। ਰਾਸਟਰੀ ਆਬਾਦੀ ਕਮਿਸਨ, ਭਾਰਤੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਨੁਸਾਰ ਇੱਕ ਪਾਸੇ ਕੇਰਲਮ ਅਤੇ ਤਾਮਿਲਨਾਡੂ ਵਰਗੇ ਰਾਜਾਂ ਵਿੱਚ ਪ੍ਰਜਣਨ ਦਰ ਡਿੱਗਣ ਕਾਰਨ ਬਜੁਰਗ ਆਬਾਦੀ ਦਾ ਹਿੱਸਾ ਵਧ ਰਿਹਾ ਹੈ ਜਦੋਂਕਿ ਦੂਜੇ ਪਾਸੇ ਬਿਹਾਰ, ਉੱਤਰ ਪ੍ਰਦੇਸ ਅਤੇ ਮੱਧ ਪ੍ਰਦੇਸ ਵਰਗੇ ਸੂਬਿਆਂ ਵਿੱਚ ਅਜੇ ਵੀ ਉੱਚੀ ਪ੍ਰਜਣਨ ਦਰ ਕਾਰਨ ਨੌਜਵਾਨਾਂ ਦੀ ਬਹੁਗਿਣਤੀ ਹੈ। ਰਾਜਾਂ ਵਿਚਕਾਰਲਾ ਇਹ ਜਨਸੰਖਿਆ ਅਸੰਤੁਲਨ ਭਵਿੱਖ ਵਿੱਚ ਦੇਸ ਦੇ ਸੰਘੀ ਢਾਂਚੇ ਅਤੇ ਰਾਜਨੀਤਕ ਪ੍ਰਤੀਨਿਧਤਾ ਲਈ ਨਵੇਂ ਨੀਤੀਗਤ ਟਕਰਾਅ ਪੈਦਾ ਕਰ ਸਕਦਾ ਹੈ। ਇਸ ਅਸੰਤੁਲਨ ਦੇ ਬਾਵਜੂਦ ਸਮੁੱਚੇ ਤੌਰ 'ਤੇ ਭਾਰਤ ਕੋਲ ਦੁਨੀਆ ਦਾ ਸਭ ਤੋਂ ਵੱਡਾ ਜਨਸੰਖਿਆ ਲਾਭਅੰਸ ( ) ਮੌਜੂਦ ਹੈ। ਭਾਰਤ ਸਰਕਾਰ ਦੇ ਆਰਥਿਕ ਸਰਵੇਖਣ 2026 ਅਨੁਸਾਰ ਲਗਪਗ 29.2 ਸਾਲ ਦੀ ਮੱਧਮਾਨ () ਉਮਰ ਅਤੇ ਦੋ-



ਤਿਹਾਈ ਕਾਰਜਸੀਲ ਆਬਾਦੀ ਦੇ ਨਾਲ ਭਾਰਤ ਅੱਜ ਵਿਸਵ ਦੀਆਂ ਬਹੁਤੀਆਂ ਵੱਡੀਆਂ ਅਰਥਵਿਵਸਥਾਵਾਂ ਨਾਲੋਂ ਕਿਤੇ ਵੱਧ ਨੌਜਵਾਨ ਹੈ। ਹਾਲਾਂਕਿ, ਸੰਯੁਕਤ ਰਾਸਟਰ ਮੁਤਾਬਿਕ ਇਹ ਜਨਸੰਖਿਆ ਲਾਭ ਸਿਰਫ 2040 ਤੱਕ ਹੀ ਕਾਇਮ ਰਹੇਗਾ, ਜਿਸ ਤੋਂ ਬਾਅਦ ਭਾਰਤੀ ਆਬਾਦੀ ਵੀ ਤੇਜੀ ਨਾਲ ਬੁਢਾਪੇ ਵੱਲ ਵਧਣ ਲੱਗੇਗੀ ਅਤੇ ਇਸ ਦੇ ਆਰਥਿਕ ਲਾਭ ਘਟਣਗੇ। ਦੂਜੇ ਸਬਦਾਂ ਵਿੱਚ, ਭਾਰਤ ਕੋਲ ਆਪਣੀ ਇਸ ਨੌਜਵਾਨ ਊਰਜਾ ਨੂੰ ਮਜਬੂਤ ਆਰਥਿਕ ਤਾਕਤ ਵਿੱਚ ਬਦਲਣ ਵਾਲਾ ਮੌਕਾ ਤੇਜੀ ਨਾਲ ਸੁੰਗੜ ਰਿਹਾ ਹੈ।

ਵਿਕਸਿਤ ਭਾਰਤ ਲਈ ਮਨੁੱਖੀ ਪੂੰਜੀ 'ਚ ਨਿਵੇਸ ਕਰਨ ਦੀ ਲੋੜ:

ਭਾਰਤ ਦੇ ਸਾਹਮਣੇ ਅਸਲ ਚੁਣੌਤੀ ਆਬਾਦੀ ਦਾ ਆਕਾਰ ਨਹੀਂ ਸਗੋਂ ਉਸ ਦੀ ਉਤਪਾਦਕਤਾ ਵਧਾਉਣਾ ਹੈ ਕਿਉਂਕਿ ਖੁਸਹਾਲੀ ਸਿਰਫ ਗਿਣਤੀ 'ਤੇ ਨਹੀਂ ਸਗੋਂ ਹੁਨਰ ਅਤੇ ਨਵੀਨਤਾ ਰਾਹੀਂ ਮੁੱਲ ਪੈਦਾ ਕਰਨ ਦੀ ਯੋਗਤਾ 'ਤੇ ਨਿਰਭਰ ਕਰਦੀ ਹੈ। ਉਤਪਾਦਕ ਰੁਜਗਾਰ ਤੋਂ ਬਗੈਰ ਇੱਕ ਵੱਡੀ ਆਬਾਦੀ ਬੇਰੁਜਗਾਰੀ ਅਤੇ ਸਮਾਜਿਕ ਸੰਕਟ ਦਾ ਕਾਰਨ ਬਣ ਸਕਦੀ ਹੈ ਜਦੋਂਕਿ ਹੁਨਰਮੰਦ ਆਬਾਦੀ ਜਨਸੰਖਿਆ ਨੂੰ ਰਾਸਟਰੀ ਆਮਦਨ ਵਧਾਉਣ ਵੱਲ ਲਿਜਾਂਦੀ ਹੈ। ਅਜਿਹੀ ਉਤਪਾਦਕ ਮਨੁੱਖੀ ਪੂੰਜੀ ਤਿਆਰ ਕਰਨ ਲਈ ਸਿਰਫ ਸਾਖਰਤਾ ਕਾਫੀ ਨਹੀਂ ਸਗੋਂ ਪੋਸਣ, ਬੁਨਿਆਦੀ ਸਕੂਲ ਸਿੱਖਿਆ ਅਤੇ ਉਦਯੋਗ ਦੀਆਂ ਲੋੜਾਂ ਮੁਤਾਬਿਕ ਕਿੱਤਾਮੁਖੀ ਹੁਨਰ ਵਿੱਚ ਨਿਵੇਸ ਦੀ ਕਰਨ ਲੋੜ ਹੈ, ਪਰ ਰਸਮੀ ਤੌਰ 'ਤੇ ਹੁਨਰਮੰਦ ਕਿਰਤ ਦੀ ਘੱਟ ਹਿੱਸੇਦਾਰੀ ਅਤੇ ਸਿੱਖਿਆ ਦੀ ਅਸਮਾਨ ਗੁਣਵੱਤਾ ਅਜੇ ਵੀ ਵੱਡੀ ਚੁਣੌਤੀ ਹੈ।

ਭਾਰਤੀ ਕਿਰਤ ਬਾਜਾਰ ਦਾ ਲਗਪਗ 85-90 ਫੀਸਦੀ ਹਿੱਸਾ ਅੱਜ ਵੀ ਗੈਰ-ਰਸਮੀ ਖੇਤਰ ਵਿੱਚ ਹੈ, ਜਿੱਥੇ ਉਤਪਾਦਕਤਾ ਅਤੇ ਸਮਾਜਿਕ ਸੁਰੱਖਿਆ ਬਹੁਤ ਘੱਟ ਹੈ। ਖੇਤੀ ਵਿੱਚ ਲੁਕੀ ਹੋਈ ਬੇਰੁਜਗਾਰੀ ਤੋਂ ਕੋਈ ਵੀ ਅਣਜਾਣ ਨਹੀਂ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਮਹਿਲਾ ਕਿਰਤ ਸਕਤੀ ਦੀ ਭਾਗੀਦਾਰੀ ਵੀ ਲਗਪਗ 35-37 ਫੀਸਦੀ ਦੇ ਆਸ-ਪਾਸ ਹੈ, ਜੋ ਕਿ ਵਿਸਵਵਿਆਪੀ ਔਸਤ (ਲਗਪਗ 47 ਫੀਸਦੀ) ਨਾਲੋਂ ਕਾਫੀ ਪਿੱਛੇ ਹੈ (ਅੰਤਰਰਾਸਟਰੀ ਮਜਦੂਰ ਸੰਗਠਨ, 2024)। ਇਸ ਨੂੰ ਬਿਹਤਰ ਸੁਰੱਖਿਆ ਅਤੇ ਹੁਨਰ ਵਿਕਾਸ ਰਾਹੀਂ ਸੁਧਾਰ ਕੇ ਦੇਸ ਦੇ ਰਾਸਟਰੀ ਉਤਪਾਦਨ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕਦਾ ਹੈ। ਅੱਜ ਦੇ ਦੌਰ ਵਿੱਚ ਮਸਨੂਈ ਬੁੱਧੀ ( - ) ਦੀ ਤੇਜੀ ਨਾਲ ਹੋ ਰਹੀ ਤਰੱਕੀ ਨੇ ਇਸ ਚੁਣੌਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ ਕਿਉਂਕਿ ਇਹ ਆਮ ਅਤੇ ਰੋਜਾਨਾ ਦੇ ਕੰਮਾਂ ਨੂੰ ਸਵੈ-ਚਾਲਿਤ ਕਰ ਰਿਹਾ ਹੈ, ਜਿਸ ਨਾਲ ਰਚਨਾਤਮਕ ਅਤੇ ਵਿਸਲੇਸਣਾਤਮਕ ਹੁਨਰ ਦੀ ਮੰਗ ਵਧ ਗਈ ਹੈ। ਅਜਿਹੇ ਵਿੱਚ ਜੋ ਦੇਸ ਆਪਣੇ ਕਿਰਤੀਆਂ ਨੂੰ ਨਵੇਂ ਹੁਨਰਾਂ ਨਾਲ ਅਪਗ੍ਰੇਡ ਨਹੀਂ ਕਰਨਗੇ, ਉਨ੍ਹਾਂ ਨੂੰ ਤਕਨੀਕੀ ਬੇਰੁਜਗਾਰੀ ਦਾ ਸਾਹਮਣਾ ਕਰਨਾ ਪਵੇਗਾ। ਸਪੱਸਟ ਹੈ ਕਿ ਆਉਣ ਵਾਲਾ ਵਿਸਵਵਿਆਪੀ ਪਾੜਾ ਵੱਡੀ ਜਾਂ ਛੋਟੀ ਆਬਾਦੀ ਵਾਲੇ ਦੇਸਾਂ ਵਿਚਕਾਰ ਨਹੀਂ, ਸਗੋਂ 'ਏ ਆਈ ਲਈ ਤਿਆਰ' ਕਾਮਿਆਂ ਵਾਲੇ ਅਤੇ ਬਿਨਾਂ ਤਿਆਰੀ ਵਾਲੇ ਦੇਸਾਂ ਵਿਚਕਾਰ ਹੋਵੇਗਾ।

ਆਬਾਦੀ ਨੂੰ ਇੱਕ ਮਜਬੂਤ ਆਰਥਿਕ ਅਤੇ ਤਕਨੀਕੀ ਤਾਕਤ ਵਿੱਚ ਕਿਵੇਂ ਬਦਲਿਆ ਜਾਵੇ, ਇਸ ਬਾਰੇ ਵਿਸਵ ਭਰ ਦੇ ਵਿਕਸਿਤ ਦੇਸਾਂ ਦੇ ਤਜਰਬੇ ਭਾਰਤ ਲਈ ਬਹੁਤ ਕੀਮਤੀ ਸਬਕ ਪ੍ਰਦਾਨ ਕਰਦੇ ਹਨ। ਏਸੀਆ ਵਿੱਚ ਦੱਖਣੀ ਕੋਰੀਆ ਨੇ ਵਿਸਵਵਿਆਪੀ ਸਿੱਖਿਆ, ਖੋਜ ਅਤੇ ਉਦਯੋਗ-ਵਿਦਿਅਕ ਸੰਸਥਾਵਾਂ ਦੇ ਸਹਿਯੋਗ ਰਾਹੀਂ ਆਪਣੇ ਆਪ ਨੂੰ ਇੱਕ ਪੱਛੜੀ ਅਰਥਵਿਵਸਥਾ ਤੋਂ ਗਲੋਬਲ ਤਕਨਾਲੋਜੀ ਆਗੂ ਬਣਾਇਆ ਜਦੋਂਕਿ ਸਿੰਗਾਪੁਰ ਨੇ ਬਿਨਾਂ ਕਿਸੇ ਕੁਦਰਤੀ ਸਰੋਤ ਦੇ ਵੀ ਸਿਰਫ਼ ਯੋਜਨਾਬੱਧ ਹੁਨਰ ਵਿਕਾਸ ਅਤੇ ਜੀਵਨ ਭਰ ਸਿੱਖਣ ਦੀ ਨੀਤੀ ਸਦਕਾ ਦੁਨੀਆ ਦੀ ਸਭ ਤੋਂ ਪ੍ਰਤੀਯੋਗੀ ਅਰਥਵਿਵਸਥਾ ਖੜ੍ਹੀ ਕਰ ਦਿੱਤੀ। ਇਸੇ ਤਰ੍ਹਾਂ ਚੀਨ ਨੇ ਕਿੱਤਾਮੁਖੀ ਸਿੱਖਿਆ ਅਤੇ ਵਿਸਵਵਿਆਪੀ ਮੁੱਲ ਲੜੀ ( ) ਦੇ ਸੁਮੇਲ ਨਾਲ ਆਪਣੀ ਵਿਸਾਲ ਕਿਰਤ ਸਕਤੀ ਨੂੰ ਦੁਨੀਆ ਦੇ ਨਿਰਮਾਣ ਪਾਵਰਹਾਊਸ ਵਿੱਚ ਤਬਦੀਲ ਕੀਤਾ ਹੈ। ਯੂਰੋਪ ਵਿੱਚ ਵੀ ਜਰਮਨੀ ਨੇ ਆਪਣੀ ਵਿਲੱਖਣ 'ਦੋਹਰੀ ਕਿੱਤਾਮੁਖੀ ਸਿਖਲਾਈ ਪ੍ਰਣਾਲੀ' ਰਾਹੀਂ ਚਮਤਕਾਰ ਕੀਤਾ, ਜਿੱਥੇ ਨੌਜਵਾਨ ਕਲਾਸ 'ਚ ਪੜ੍ਹਾਈ ਦੇ ਨਾਲ-ਨਾਲ ਸਿੱਧਾ ਕੰਪਨੀਆਂ ਵਿੱਚ ਅਸਲ ਕੰਮ ਦਾ ਤਜਰਬਾ ਹਾਸਲ ਕਰਦੇ ਰਹੇ, ਜਿਸ ਨਾਲ ਉੱਥੇ ਬੇਰੁਜਗਾਰੀ ਘਟੀ ਅਤੇ ਉਤਪਾਦਕਤਾ ਸਿਖਰ 'ਤੇ ਪਹੁੰਚੀ। ਫਿਨਲੈਂਡ ਨੇ ਆਪਣੀ ਆਬਾਦੀ ਨੂੰ ਆਰਥਿਕ ਸੰਪਤੀ ਬਣਾਉਣ ਲਈ ਦੁਨੀਆ ਦੀ ਸਭ ਤੋਂ ਪ੍ਰਗਤੀਸੀਲ ਸਿੱਖਿਆ ਪ੍ਰਣਾਲੀ ਵਿਕਸਿਤ ਕੀਤੀ, ਜੋ ਰੱਟਾ ਲਾਉਣ ਦੀ ਬਜਾਏ ਰਚਨਾਤਮਿਕਤਾ, ਸਮੱਸਿਆ-ਹੱਲ ਕਰਨ ਦੀ ਸਮਰੱਥਾ ਅਤੇ ਬਰਾਬਰੀ 'ਤੇ ਕੇਂਦਰਿਤ ਹੈ। ਭਾਵੇਂ ਇਹ ਸਾਰੇ ਦੇਸ ਆਪਣੀਆਂ ਰਾਜਨੀਤਕ ਪ੍ਰਣਾਲੀਆਂ ਅਤੇ ਰਣਨੀਤੀਆਂ ਪੱਖੋਂ ਇੱਕ-ਦੂਜੇ ਤੋਂ ਬਿਲਕੁਲ ਵੱਖਰੇ ਸਨ, ਪਰ ਉਨ੍ਹਾਂ ਦਾ ਸਾਂਝਾ ਸਿਧਾਂਤ ਸਿਰਫ ਇੱਕੋ ਰਿਹਾ ਕਿ ਉਨ੍ਹਾਂ ਆਪਣੇ ਲੋਕਾਂ ਨੂੰ ਵਧੇਰੇ ਉਤਪਾਦਕ ਬਣਾਉਣ ਵਿੱਚ ਨਿਰੰਤਰ ਨਿਵੇਸ ਕੀਤਾ। ਉਨ੍ਹਾਂ ਦੀ ਇਹ ਵੱਡੀ ਸਫਲਤਾ ਸਿਰਫ ਕਿਸੇ ਇਤਫਾਕ ਦਾ ਨਤੀਜਾ ਨਹੀਂ ਸੀ ਸਗੋਂ ਮਨੁੱਖੀ ਸਮਰੱਥਾਵਾਂ ਵਿੱਚ ਸੋਚ-ਸਮਝ ਕੇ ਕੀਤੇ ਗਏ ਵੱਡੇ ਨਿਵੇਸ ਦਾ ਸਿੱਟਾ ਸੀ।

ਇਹ ਬਦਲਦਾ ਆਰਥਿਕ ਦ੍ਰਿਸ ਸਰਕਾਰਾਂ ਦੀਆਂ ਜਨਤਕ ਨੀਤੀਆਂ ਵਿੱਚ ਵੱਡੇ ਸੁਧਾਰਾਂ ਦੀ ਮੰਗ ਕਰਦਾ ਹੈ। ਹਾਲਾਂਕਿ, ਗਰੀਬੀ ਘਟਾਉਣ ਲਈ ਸਮਾਜਿਕ ਸੁਰੱਖਿਆ ਅਤੇ ਭਲਾਈ ਯੋਜਨਾਵਾਂ ਹਮੇਸਾ ਜਰੂਰੀ ਰਹਿਣਗੀਆਂ, ਪਰ ਸਿਰਫ ਮੁਫਤ ਚੀਜ਼ਾਂ ਵੰਡਣ ਜਾਂ ਸਬਸਿਡੀਆਂ ਸਹਾਰੇ ਲੰਮੇ ਸਮੇਂ ਦੀ ਖੁਸਹਾਲੀ ਨਹੀਂ ਆ ਸਕਦੀ। ਸਰਕਾਰ ਦੁਆਰਾ ਸਿੱਖਿਆ, ਸਿਹਤ, ਪੋਸਣ ਅਤੇ ਰੁਜਗਾਰ ਸਿਰਜਣ 'ਤੇ ਕੀਤਾ ਗਿਆ ਖਰਚਾ, ਖਰਚ ਨਹੀਂ ਸਗੋਂ ਮਨੁੱਖੀ ਪੂੰਜੀ ਵਿੱਚ ਨਿਵੇਸ ਹੈ, ਜਿਸ ਦਾ ਲਾਭ ਦੇਸ ਨੂੰ ਦਹਾਕਿਆਂਬੱਧੀ ਮਿਲਦਾ ਰਹਿੰਦਾ ਹੈ। ਇਸੇ ਕਰਕੇ ਹੁਣ ਵਿਸਵ ਆਬਾਦੀ ਦਿਵਸ ਦਾ ਮਕਸਦ ਸਿਰਫ ਗਿਣਤੀ ਨੂੰ ਨਿਯੰਤਰਿਤ ਕਰਨਾ ਨਹੀਂ ਸਗੋਂ ਹਰ ਨਾਗਰਿਕ ਨੂੰ ਵਡਮੁੱਲੀ ਮਨੁੱਖੀ ਪੂੰਜੀ ਵਜੋਂ ਵਿਕਸਿਤ ਕਰਨਾ ਹੈ।

ਭਾਰਤ ਕੋਲ ਅਜੇ ਵੀ ਇੱਕ ਵੱਡਾ ਜਨਸੰਖਿਆ ਲਾਭ ਹੈ, ਪਰ ਇਹ ਮੌਕਾ ਸੀਮਿਤ ਸਮੇਂ ਤੱਕ ਹੀ ਹੈ। ਅਗਲੇ ਇੱਕ ਦਹਾਕੇ ਵਿੱਚ ਸਿੱਖਿਆ, ਹੁਨਰ ਵਿਕਾਸ, ਮਹਿਲਾ ਕਾਰਜਬਲ ਅਤੇ ਤਕਨੀਕੀ ਤਿਆਰੀ ਬਾਰੇ ਲਏ ਫੈਸਲੇ ਹੀ ਇਹ ਤੈਅ ਕਰਨਗੇ ਕਿ ਕੀ ਭਾਰਤ ਵਿਕਸਿਤ ਰਾਸ਼ਟਰ ਬਣੇਗਾ ਜਾਂ ਸਿਰਫ ਬੁਢਾਪੇ ਵੱਲ ਵਧਦਾ ਮੁਲਕ। ਵੱਡੀ ਪਰ ਗੈਰ-ਹੁਨਰਮੰਦ ਆਬਾਦੀ ਬੋਝ ਬਣ ਸਕਦੀ ਹੈ ਜਦੋਂਕਿ ਸਿਹਤਮੰਦ ਅਤੇ ਹੁਨਰਮੰਦ ਮਨੁੱਖੀ ਪੂੰਜੀ ਭਾਰਤ ਨੂੰ ਵਿਸਵ ਆਰਥਿਕਤਾ ਦਾ ਆਗੂ ਬਣਾ ਸਕਦੀ ਹੈ। ਭਾਰਤ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਉਸ ਕੋਲ ਕਿੰਨੇ ਲੋਕ ਹਨ ਸਗੋਂ ਇਸ ਗੱਲ 'ਤੇ ਨਿਰਭਰ ਹੈ ਕਿ ਉਹ ਲੋਕ ਕਿੰਨੇ ਸਮਰੱਥ ਅਤੇ ਉਤਪਾਦਕ ਹਨ।

ਪ੍ਰੋ: ਕਰਮਜੀਤ ਸਿੰਘ

# ਕਰਮਾਂ ਦੀ ਪਵਿੱਤਰਤਾ

ਮਨੁੱਖ ਦੀ ਜਿੰਦਗੀ 'ਚ ਕਰਮ ਦੀ ਪ੍ਰਧਾਨਤਾ ਹੈ। ਇੱਥੋਂ ਤੱਕ ਕਿ ਪਰਮਾਤਮਾ ਦੀ ਉਸਤਤ ਵੀ 'ਕਰਤਾ-ਪੁਰਖ' ਤੋਂ ਹੋਈ ਹੈ। ਕਰਮਾਂ ਦੁਆਲੇ ਹੀ ਇਸ ਧਰਤੀ 'ਤੇ ਜੀਵ-ਜੰਤੂਆਂ ਦੀ ਜਿੰਦਗੀ ਘੁੰਮਦੀ ਹੈ। ਕੋਈ ਵੀ ਇਸ ਤੋਂ ਅਛੂਤਾ ਨਹੀਂ। ਸੌਖੇ ਸ਼ਬਦਾਂ 'ਚ ਸਾਰਾ ਜੀਵਨ ਚੱਕਰ ਹੀ ਕਰਮ-ਭੂਮੀ ਹੈ। ਮੁਸ਼ਕਲ ਉਦੋਂ ਹੁੰਦੀ ਹੈ, ਜਦੋਂ ਅਸੀਂ ਧਰਮ ਤੇ ਸਮਾਜ ਦੇ ਖੇਤਰ 'ਚ ਵਿਚਰਦੇ ਹੋਏ ਕਰਮਾਂ ਨੂੰ ਵੱਖ ਕਰ ਕੇ ਦੇਖਣਾ ਸ਼ੁਰੂ ਕਰ ਦਿੰਦੇ ਹਨ, ਜਦਕਿ ਧਰਮ 'ਚ ਜਿਸ ਤਰੀਕੇ ਕਰਮਾਂ ਨੂੰ ਪਵਿੱਤਰ ਰੱਖਣ ਦਾ ਨੁਕਤਾ ਸਮਝਾਇਆ ਗਿਆ ਹੈ, ਉਹ ਸਮਾਜ ਦੇ ਸੁਚੱਜੇ ਰੂਪ ਲਈ ਹੀ ਹੈ। ਸਮਾਜ 'ਚ ਅਸੀਂ ਜੋ ਵੀ ਕਰਮ ਕਰਦੇ ਹਾਂ, ਜੇ ਉਹ ਧਰਮ ਦੇ ਹਵਾਲਿਆਂ ਮੁਤਾਬਕ ਕੀਤੇ ਜਾਣ ਤਾਂ ਹੋ ਸਕਦਾ ਹੈ, ਸਮਾਜਿਕ ਗੜਬੜੀਆਂ ਖਤਮ ਹੋ ਜਾਣ। ਧਰਮ ਸਾਰੇ ਜੀਵਾਂ ਨੂੰ ਇਕ ਨਜਰ ਨਾਲ ਦੇਖਣ ਦੀ ਸਿੱਖਿਆ ਦਿੰਦਾ ਹੈ। ਇਕ ਨਜਰ ਨਾਲ ਦੇਖਣਾ ਵੀ ਕਰਮ ਹੀ ਹੈ। ਕਰਮ ਤੋਂ ਪਹਿਲਾਂ ਭਾਵ ਪੈਦਾ ਹੁੰਦਾ ਤੇ ਜੇ ਇਹ ਭਾਵ ਸ਼ੁੱਧ ਹੈ ਤਾਂ ਕਰਮ ਆਪਣੇ ਆਪ ਇਸ ਮੁਤਾਬਕ ਢਲ ਜਾਵੇਗਾ। ਧਰਮ ਮੁਤਾਬਕ ਧਾਰਮਿਕ ਥਾਵਾਂ ਅੰਦਰ ਸ਼ੁੱਧਤਾ ਜਰੂਰੀ ਹੈ। ਇਸ ਹਵਾਲੇ ਨਾਲ ਸਮਝੀਏ ਤਾਂ ਅਸੀਂ ਧਾਰਮਿਕ ਥਾਵਾਂ ਦੀ ਸਫਾਈ ਕਰਦੇ ਹੋਏ,



ਬਰਤਨ ਧੋਂਦੇ ਹੋਏ ਤੇ ਸਾਫ-ਸਫਾਈ ਕਰਦੇ ਹੋਏ ਹੱਦੋਂ ਵੱਧ ਮਰਿਆਦਾ ਤੇ ਸਤਿਕਾਰ ਨਾਲ ਪੇਸ਼ ਆਉਂਦੇ ਹਾਂ ਤੇ ਜੇ ਕਿਤੇ ਅਸੀਂ ਸਮਾਜ ਤੇ ਘਰਾਂ 'ਚ ਵੀ ਇਹੀ ਸਤਿਕਾਰ ਲੈ ਆਈਏ ਤਾਂ ਅੱਧੇ ਕਲੇਸ਼ ਮੁੱਕ ਜਾਣਗੇ। ਧਾਰਮਿਕ ਥਾਵਾਂ 'ਚ ਜਿਸ ਨਿਮਰਤਾ ਤੇ ਅਪਣੱਤ ਨਾਲ ਅਸੀਂ ਇਕ ਦੂਜੇ ਨਾਲ ਪੇਸ਼ ਆਉਂਦੇ ਹਾਂ, ਜੇ ਉਹੀ ਭਾਵ ਆਪਣੇ ਸਮਾਜ 'ਚ ਲੈ ਆਈਏ ਤਾਂ ਹੋ ਸਕਦਾ ਹੈ ਕਿ ਈਰਖਾ ਤੇ ਨਫਰਤ ਦੀ ਭਾਵਨਾ ਖਤਮ ਹੋ ਜਾਵੇ। ਧਾਰਮਿਕ ਥਾਵਾਂ ਅੰਦਰ ਜਿਸ ਤਰੀਕੇ ਅਸੀਂ ਆਪਣੀ ਦ੍ਰਿਸ਼ਟੀ ਸ਼ੁੱਧ ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਜੇ ਸੱਚੇ ਮਨੋਂ ਇਹ ਸੰਸਾਰ ਪ੍ਰਤੀ ਵੀ ਰੱਖੀਏ ਤਾਂ ਅਪਰਾਧ ਮੁੱਕ ਸਕਦਾ ਹੈ। ਜੇ ਧਾਰਮਿਕ ਦਾਇਰਿਆਂ 'ਚ ਸਾਡੇ ਕਰਮ ਪਰਮਾਤਮਾ ਨੂੰ ਨਜਰ ਆਉਂਦੇ ਹਨ ਤਾ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਮਾਜ ਵੀ ਪਰਮਾਤਮਾ ਦੀ ਨਜਰ 'ਚ ਹੈ, ਕਿਉਂਕਿ ਪਰਮਾਤਮਾ ਸੰਸਾਰ ਦੇ ਕਣ-ਕਣ 'ਚ ਮੌਜੂਦ ਹੈ। ਜਦੋਂ ਇਹ ਡਰ ਕਿਰਦਾਰ ਤੇ ਦ੍ਰਿਸ਼ਟੀ 'ਚ ਘੁਲ ਜਾਦਾ ਹੈ ਤਾਂ ਸਾਰਾ ਸੰਸਾਰ ਹੀ ਰੱਬ ਦਾ ਘਰ ਲੱਗਣ ਜਾਂਦਾ ਹੈ।

ਜਗਜੀਵਨ ਮੀਤ

# ਘੜੀ ਦੀਆਂ ਸੂਈਆਂ ਕਲੌਕਵਾਈਜ ਜਾਂ ਐਂਟੀਕਲੌਕਵਾਈਜ ਸਹੀ ਹਨ

ਸਾਰੀ ਦੁਨੀਆਂ ਵਿਚ ਘੜੀਆਂ ਦਾ ਸਮਾਂ ਪੂਰਬ ਤੋਂ ਪੱਛਮ ਵੱਲ ਚਲਦਾ ਹੈ ਜਿਸ ਗਤੀ ਨੂੰ ਅਸੀਂ ਕਲੌਕਵਾਈਜ ਕਹਿੰਦੇ ਹਾਂ। ਪਰ ਕੀ ਤੁਹਾਨੂੰ ਪਤਾ ਹੈ ਕਿ ਭਾਰਤ ਅਤੇ (ਦੁਨੀਆਂ ਦੇ ਕੁਝ ਇਲਾਕਿਆਂ ਵਿਚ ਘੜੀਆਂ ਪੱਛਮ ਤੋਂ ਪੂਰਬ ਵੱਲ ਵੀ ਚਲਦੀਆਂ ਹਨ। ਹੈ ਨਾ ਹੈਰਾਨੀ ਦੀ ਗੱਲ?

ਹੁਣ ਅਸੀਂ ਸਾਇੰਟਫਕ ਤਰੀਕੇ ਨਾਲ ਦੇਖਾਂਗੇ ਕਿ ਕੌਣ ਸਹੀ ਹੈ ਅਤੇ ਕੌਣ ਗਲਤ ?

ਸਭ ਤੋਂ ਪਹਿਲਾਂ ਅਸੀਂ ਸੂਰਜ ਦੀ ਗਤੀ ਵੱਲ ਝਾਤ ਮਾਰਦੇ ਹਾਂ ਇਹ ਧਰਤੀ ਦੀ ਕਰਕ ਰੇਖਾ ਅਤੇ ਮਕਰ ਰੇਖਾ ਦੇ ਵਿਚਕਾਰ ਭੂਮਧ ਰੇਖਾ ਵੱਲ ਨੂੰ ਅਰਧ ਰੇਖਾ ਬਣਾਕੇ ਚਲਦਾ ਹੈ।ਧਰਤੀ ਦੇ ਉਤਰੀ ਅਰਧ ਗੋਲੇ ਵਿਚ ਦੱਖਣ ਵੱਲ ਝੁਕ ਕੇ ਚਲਦਾ ਹੈ ਪਰ ਦੱਖਣੀ ਅਰਧ ਗੋਲੇ ਵਿਚ ਉਤਰ ਦਿਸਾ ਵੱਲ ਝੁਕ ਕੇ ਚਲਦਾ ਹੈ। ਮਿਸਾਲ ਦੇ ਤੌਰ ਤੇ ਭਾਰਤ ਦੇ ਦਿਲੀ ਬੈਠਿਆਂ ਨੂੰ ਇਹ ਆਗਰੇ(ਦੱਖਣ) ਦਿਸਾ ਵੱਲ ਪੂਰਬ ਤੋਂ ਪੱਛਮ ਵੱਲ ਚਲਦਾ ਵਿਖਾਈ ਦੇਵੇਗਾ ਪਰ ਆਸਟ੍ਰੇਲੀਆ ਬੈਠਿਆਂ ਨੂੰ ਇਹ ਚੀਨ ਜਾ ਭਾਰਤ ਵੱਲ ਭਾਵ ਆਸਟ੍ਰੇਲੀਆ ਤੋਂ ਉਤਰ ਵੱਲ ਨੂੰ ਪੂਰਬ ਤੋਂ ਪੱਛਮ ਵੱਲ ਚਲਦਾ ਦਿਖਾਈ ਦੇਵੇਗਾ।

ਘੜੀ ਦੀ ਕਾਢ ਸਭ ਤੋਂ ਪਹਿਲਾਂ ਮਿਸਰ ਵਿਚ ਨਿਕਲੀ ਸੀ ਜਿਸਨੂੰ ਧੁਪ ਘੜੀ ਆਖਿਆ ਜਾਂਦਾ ਸੀ ਜੋ ਸੂਰਜ ਦੀ ਗਤੀ ਕਾਰਨ ਬਣਦੇ ਪਰਛਾਵੇਂ ਨੂੰ ਦੇਖਕੇ ਟਾਈਮ ਦਿੰਦੀ ਸੀ ਜਿਵੇਂ ਅੱਜ ਕੱਲ ਆਮ ਘੜੀਆਂ ਕਲੌਕਵਾਈਜ ਚਲਦੀਆਂ ਹਨ ਪਰ ਜੇ ਇਹੀ ਕਾਢ ਦੱਖਣੀ ਅਰਧ ਗੋਲੇ ਦੇ ਕਿਸੇ ਦੇਸ ਵਿਚ ਨਿਕਲੀ ਹੁੰਦੀ ਤਾਂ ਯਕੀਨਨ ਧੁਪ ਘੜੀਆਂ ਦਾ ਸੂਰਜ ਦੇ ਉਥੋਂ ਦੇ ਪਰਛਾਵੇਂ ਮੁਤਾਬਕ ਹੀ ਚਾਲ ਹੋਣੀ ਸੀ। ਸੋ ਜਿਥੇ ਹੁਣ ਘੜੀ ਦੀ ਸੂਈ ਗਿਆਰਾਂ ਤੇ ਪਹੁੰਚਦੀ ਹੈ ਉਥੇ ਇਕ ਲਿਖਿਆ ਹੋਣਾ ਸੀ ਭਾਵ ਘੜੀ ਦੀ ਸੂਈ ਦੀ ਗਤੀ ਪੱਛਮ ਤੋਂ ਪੂਰਬ ਵੱਲ ਹੋਣੀ ਸੀ ਜਿਸ ਨੂੰ ਅਸੀਂ ਐਂਟੀ ਕਲੌਕਵਾਈਜ ਆਖਦੇ ਹਾਂ। ਇਸ ਦੱਖਣੀ ਅਰਧ ਗੋਲੇ ਦੀ ਐਂਟੀ ਕਲੌਕਵਾਈਜ ਘੜੀ ਦੇ ਹੱਕ ਵਿਚ ਹੇਠ ਲਿਖੇ ਤੱਥ ਹਨ :

1.ਅਕਾਸ ਵਿਚ ਜਿੰਨੇ ਵੀ ਗ੍ਰਹਿ ਹਨ ਉਹਨਾ ਚੋਂ 99% ਪੱਛਮ ਤੋਂ ਪੂਰਬ ਵੱਲ ਘੁੰਮਦੇ ਹਨ।

2.ਧਰਤੀ ਸੂਰਜ ਦੁਆਲੇ ਅਤੇ ਚੰਦਰਮਾ ਧਰਤੀ ਦੁਆਲੇ ਪੱਛਮ ਤੋਂ ਪੂਰਬ ਵੱਲ ਪਰਿਕਰਮਾ ਕਰਦਾ ਹੈ।

3.ਸਾਤ ਫੇਰੇ/ਆਨੰਦ ਕਾਰਜ ਵੀ ਪੱਛਮ ਤੋਂ ਪੂਰਬ ਵੱਲ ਲਏ ਜਾਂਦੇ ਹਨ।

4.ਖੂਹਾਂ ਚੋਂ ਪਾਣੀ ਕੱਢਣ ਵੇਲੇ ਅਤੇ ਖੇਤ ਦੀ ਵਹਾਈ ਦੇ ਸਿਆੜ ਕੱਢਣ ਸਮੇਂ ਬਲਦ ਪੱਛਮ ਤੋਂ ਪੂਰਬ ਵੱਲ ਐਂਟੀਕਲਾਕਵਾਈਜ ਚਲਦੇ ਹਨ।




5. ਫੁਲਾਂ ਦੀਆਂ ਪੱਤੀਆਂ ਦੀ ਬਨਾਵਟ ਅਤੇ ਦਰੱਖਤ ਤੇ ਚੜੀ ਵੇਲ ਦਾ ਵਲੇਟਾ ਵੀ ਪੱਛਮ ਤੋਂ ਪੂਰਬ ਵੱਲ ਹੁੰਦਾ ਹੈ।

6.ਆਟਾ ਪੀਸਣ ਵਾਲੀ ਹੱਥ ਚੱਕੀ ਜਿਸਨੂੰ ਅਸੀਂ ਚੱਕੀ ਗੇੜਾ ਆਖਦੇ ਹਾਂ ਵੀ ਪੱਛਮ ਤੋਂ ਪੂਰਬ ਵੱਲ(ਐਂਟੀ ਕਲੌਕਵਾਈਜ)ਘੁਮਾਈ ਜਾਂਦੀ ਹੈ।

ਕੁਲਦੀਪ ਸਿੰਘ ਜੌਹਲ



ਤਾਂ ਫੇਰ ਘੜੀਆਂ ਦੀਆਂ ਸੂਈਆਂ ਦੀ ਚਾਲ ਪੱਛਮ ਤੋਂ ਪੂਰਬ ਵੱਲ ਭਾਵ ਅੰਟੀਕਲੌਕਵਾਈਜ ਹੋਣੀ ਚਾਹੀਦੀ ਹੈ। ਹਾਂ ਬਿਲਕੁਲ ਕੁਝ ਇਲਾਕਿਆਂ ਵਿਚ ਇਵੇਂ ਹੀ ਘੜੀਆਂ ਚਲਦੀਆਂ ਹਨ। ਇਸਦਾ ਇਤਿਹਾਸ ਜਾਨਣ ਲਈ ਧਰਤੀ ਦਾ ਇਤਿਹਾਸ ਜਾਨਣ ਦੀ ਜਰੂਰਤ ਹੈ। ਕਰੋੜਾਂ ਸਾਲ ਪਹਿਲਾਂ ਧਰਤੀ ਦੇ ਸਾਰੇ ਮਹਾਂਦੀਪ ਇਕੱਠੇ ਆਪਸ ਵਿਚ ਜੁੜੇ ਹੋਇ ਸਨ ਜਿਸਨੂੰ ਪੈਂਜੀਆ ਆਖਿਆ ਜਾਂਦਾ ਹੈ। ਜਿਉਂ ਹੀ ਧਰਤੀ ਟੁਟਣੀ ਸੁਰੂ ਹੋਈ ਤਾਂ ਇਹ ਵਖਰੇ ਵਖਰੇ ਪਰ ਮੇਨ ਦੋ ਹਿਸਿਆਂ ਵਿਚ ਵੰਡੀ ਗਈ ਜਿਹੜੀ ਉਤਰ ਅਰਧ ਗੋਲੇ ਵਿਚ ਰਹਿ ਗਈ ਉਹ ਅੰਗਾਰਾਲੈਂਡ ਅਤੇ ਦੱਖਣੀ ਅਰਧ ਗੋਲੇ ਵਾਲਾ ਗੌਂਡਵਾਨਾ ਲੈਂਡ ਆਖਿਆ ਜਾਣ ਲੱਗ ਪਿਆ। ਦੋਨਾਂ ਅਰਧਗੋਲਿਆਂ ਦਾ ਮੌਸਮ ਇਕ ਦੂਜੇ ਤੋਂ ਬਿਲਕੁਲ ਉਲਟ ਹੁੰਦਾ ਹੈ।

ਉਤਰੀ ਅਰਧ ਗੋਲੇ ਵਿਚ ਇਕ ਜਨਜਾਤੀ ਗੌਂਡਵਾਨਾ ਵਸਦੀ ਹੈ ਜੋ ਘੜੀ ਦੀਆਂ ਸੂਈਆਂ ਦੀ ਗਤੀ ਨੂੰ ਪੱਛਮ ਤੋਂ ਪੂਰਬ ਵੱਲ ਸਹੀ ਮੰਨਦੇ ਸਨ।

ਹੁਣ ਸਵਾਲ ਇਹ ਉਠਦਾ ਹੈ ਕਿ ਜਦੋਂ ਗੌਂਡਵਾਨਾ ਜਾਤੀ ਦੇ ਲੋਕਾਂ ਅਨੁਸਾਰ ਘੜੀ ਦੀਆਂ ਸੂਈਆਂ ਪੱਛਮ ਤੋਂ ਪੂਰਬ ਵੱਲ ਅਐਂਟੀਕਲੌਕਵਾਈਜ ਸਹੀ ਹਨ ਤਾਂ ਦੁਨੀਆਂ ਵਿਚ ਇਸਨੂੰ ਮਾਨਤਾ ਕਿਉਂ ਨਹੀਂ ਦਿਤੀ ਗਈ ਅਤੇ ਉੱਤਰੀ ਅਰਧ ਗੋਲੇ ਅਨੁਸਾਰ ਪੂਰਬ ਤੇ ਪੱਛਮ ਵੱਲ(ਕਲੌਕਵਾਈਜ) ਘੜੀਆਂ ਕਿਉਂ ਪ੍ਰਚਲਤ ਹਨ। ਇਸਦੇ ਕੁਝ ਰਾਜਨੀਤਿਕ ਕਾਰਨ ਹੋ ਸਕਦੇ ਹਨ ਜਿਵੇਂ:: 1.ਦੁਨੀਆਂ ਦੀਆਂ ਕੁਲ ਕਾਢਾਂ 90% ਉਤਰੀ ਅਰਧ ਗੋਲੇ ਵਿਚ ਨਿਕਲੀਆਂ ਹਨ ਜਿਨਾਂ ਵਿਚ ਘੜੀ ਦੀ ਕਾਢ ਵੀ ਉੱਤਰੀ ਅਰਧ ਗੋਲੇ ਵਿਚ ਪੈਂਦੇ ਮਿਸਰ ਵਿਚ ਹੋਈ ਸੀ।

2.ਧਰਤੀ ਉਤੇ ਪਾਣੀ ਤੋਂ ਇਲਾਵਾ ਬਾਕੀ ਬਚਿਆ ਭੂ ਭਾਗ ਦਾ 66% ਭਾਗ ਉਤਰੀ ਅਰਧ ਗੋਲੇ ਅਤੇ 33% ਰੱਖਣੀ ਅਰਧ ਗੋਲੇ ਵਿਚ ਪੈਂਦਾ ਹੈ । ਉਤਰੀ ਵ ਦਖਣੀ ਅਰਧ ਗੋਲੇ ਵਿਚ ਜਨਸੰਖਿਆ ਦਾ ਅਨੁਪਾਤ ਵੀ 90:10 ਦਾ ਹੈ ਸੋ ਰਾਜਨੀਤਕ ਤੌਰ ਤੇ ਉਤਰੀ ਅਰਧ ਗੋਲੇ ਦਾ ਪ੍ਰਭਾਵ ਦੱਖਣੀ ਅਰਧ ਗੋਲੇ ਤੋਂ ਉਪਰ ਮੰਨਿਆ ਜਾਂਦਾ ਹੈ।

ਸੋ ਭਾਰਤ ਦੇ ਮੱਧ ਪ੍ਰਦੇਸ, ਛਤੀਸਗੜ ਅਤੇ ਮਹਾਰਾਸਟਰ ਵਿਚ ਵਸਦੇ ਗੌਂਡਵਾਨਾ ਜਾਤੀ ਦੇ ਲੋਕ ਦੱਖਣੀ ਅਰਧ ਗੋਲੇ "ਗੌਂਡਵਾਨਾਂ" ਨੂੰ ਆਪਣੀ ਜਨਮਭੂਮੀ ਮੰਨਦੇ ਹਨ ਅਤੇ ਉਹ ਸਿਧਾਂਤਕ ਤੌਰ ਤੇ ਐਂਟੀਕਲੌਕਵਾਈਜ ਘੜੀਆਂ ਦੀ ਗਤੀ ਨੂੰ ਸਹੀ ਮੰਨਦੇ ਹਨ ਪਰ ਭਾਵੇਂ ਹੁਣ ਉਹ ਸਮਾਂ ਆਮ ਪ੍ਰਚਲਤ ਘੜੀਆਂ ਦੇ ਅਨੁਸਾਰ ਹੀ ਮੰਨਣੋਂ ਲਗ ਪਏ ਹਨ ਪਰ ਆਸਥਾ ਦੇ ਤੌਰ ਤੇ ਉਹ ਹਾਲੇ ਵੀ ਆਪਣੇ ਘਰਾਂ ਵਿਚ ਪੂਰਬ ਤੋਂ ਪੱਛਮ ਵੱਲ ਚਲਦੀ ਘੜੀ ਰੱਖਦੇ ਹਨ ਜਿਨਾਂ ਵਿਚ 1,2,3 ਖੱਬੇ ਪਾਸਿਉਂ ਸੁਰੂ ਹੁੰਦਾ ਹੈ। ਆਮ ਘੜੀ ਮੁਤਾਬਕ ਜਦੋ ਘੜੀ ਦੀ ਸੂਈ 1 ਤੇ ਹੁੰਦੀ ਹੈ ਤਾਂ ਉਹ ਸੱਜੇ ਪਾਸੇ ਹੁੰਦੀ ਹੈ ਪਰ ਉਹਨਾਂ ਦੀ ਘੜੀ ਦੀ ਸੂਈ 1 ਉਪਰ ਖੱਬੇ ਪਾਸੇ ਹੁੰਦੀ ਹੈ ਪਰ ਟਾਈਮ ਦੋਨਾਂ ਕੇਸਾਂ ਵਿਚ ਇਕੋ ਹੀ ਹੁੰਦਾ ਹੈ ਸਿਰਫ ਘੜੀ ਦੀ ਸੂਈ ਦੀ ਗਤੀ ਦੀ ਦਿਸਾ ਦਾ ਹੀ ਫਰਕ ਹੁੰਦਾ ਹੈ।

# 1.5 ਫੀਫਾ (ਫੁੱਟਬਾਲ) ਵਿਸਵ ਕੱਪ 2026 ਸਬੰਧੀ ਸੋਚਣ ਵਾਲੀ ਗੱਲ (ਭਾਗ ਪੰਜਵਾਂ)

ਫੀਫਾ (ਫੁੱਟਬਾਲ) ਵਿਸਵ ਕੱਪ 2026 ਸਬੰਧੀ 'ਸੋਚਣ ਵਾਲੀ ਗੱਲ' ਦੇ ਚੌਥੇ ਭਾਗ ਵਿੱਚ ਮੈਂ ਜ਼ਿਕਰ ਕੀਤਾ ਸੀ ਕਿ ਸ੍ਰੀ ਸੋਹਣ ਸਿੰਘ ਗਿੱਲ (ਗੋਲਕੀਪਰ) ਵਰਗੀ ਪੀੜ੍ਹੀ ਦੇ ਖਿਡਾਰੀ ਮਾਹਿਲਪੁਰ ਦੀ ਮਹਾਨ ਫੁੱਟਬਾਲ ਪਰੰਪਰਾ ਅਤੇ ਉਸ ਨਾਲ ਜੁੜੀਆਂ ਅਮਰ ਯਾਦਾਂ ਦੇ ਜੀਵੰਤ ਗਵਾਹ ਹਨ। ਉਨ੍ਹਾਂ ਵੱਲੋਂ ਭੇਜੀ ਗਈ ਮਾਹਿਲਪੁਰ ਕਾਲਜ ਦੀ ਇਤਿਹਾਸਕ ਫੁੱਟਬਾਲ ਟੀਮ ਦੀ ਤਸਵੀਰ ਸਿਰਫ ਇੱਕ ਕਾਲਜੀ ਟੀਮ ਦੀ ਯਾਦਗਾਰ ਨਹੀਂ, ਸਗੋਂ ਪੰਜਾਬ ਦੀ ਖੇਡ-ਵਿਰਾਸਤ ਦਾ ਇੱਕ ਅਹਿਮ ਦਸਤਾਵੇਜ ਵੀ ਹੈ।

ਉਸ ਲੇਖ ਵਿੱਚ ਮੈਂ ਇਹ ਵੀ ਲਿਖਿਆ ਸੀ ਕਿ ਮਾਹਿਲਪੁਰ ਨੇ ਭਾਰਤੀ ਫੁੱਟਬਾਲ ਨੂੰ ਅਨੇਕਾਂ ਨਿਪੁੰਨ ਅਤੇ ਪ੍ਰਸਿੱਧ ਖਿਡਾਰੀ ਦਿੱਤੇ ਹਨ ਅਤੇ ਜਰਨੈਲ ਸਿੰਘ ਵਰਗੇ ਮਹਾਨ ਖਿਡਾਰੀਆਂ ਨਾਲ ਜੁੜੀਆਂ ਯਾਦਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਅਮੋਲਕ ਧਰੋਹਰ ਹਨ। ਮੇਰੇ ਲਈ ਇਹ ਖੁਸਕਿਸਮਤੀ ਦੀ ਗੱਲ ਸੀ ਕਿ ਮੇਰੀ ਇਹ ਲਿਖਤ ਮੇਰੇ ਮਿੱਤਰ ਸ੍ਰੀ ਸਤਨਾਮ ਸਿੰਘ ਗਿੱਲ, ਸਿਡਨੀ, ਰਾਹੀਂ ਸ੍ਰੀ ਸੋਹਣ ਸਿੰਘ ਗਿੱਲ, ਵਾਸੀ ਪਿੰਡ ਦਾਤਾ, ਜ਼ਿਲ੍ਹਾ ਹੁਸ਼ਿਆਰਪੁਰ, ਤੱਕ ਵੀ ਪਹੁੰਚ ਗਈ।

ਲੇਖ ਪੜ੍ਹਨ ਤੋਂ ਬਾਅਦ ਸ੍ਰੀ ਸੋਹਣ ਸਿੰਘ ਗਿੱਲ ਨੇ ਆਪਣੇ ਛੋਟੇ ਭਰਾ ਸਤਨਾਮ ਸਿੰਘ ਗਿੱਲ ਨਾਲ ਟੈਲੀਫੋਨ 'ਤੇ ਗੱਲਬਾਤ ਦੌਰਾਨ ਇੱਕ ਮਹੱਤਵਪੂਰਨ ਸੋਧ ਵੱਲ ਧਿਆਨ ਦਿਵਾਇਆ। ਉਨ੍ਹਾਂ ਦੱਸਿਆ ਕਿ ਤਸਵੀਰ ਵਿੱਚ ਦਰਸਾਈ ਗਈ ਮਾਹਿਲਪੁਰ ਕਾਲਜ ਦੀ ਉਹ ਟੀਮ, ਜਿਸ ਨੇ ਪੰਜਾਬ ਯੂਨੀਵਰਸਿਟੀ ਦੀ ਫੁੱਟਬਾਲ ਚੈਂਪੀਅਨਸ਼ਿਪ ਜਿੱਤੀ ਸੀ, ਦਾ ਕਪਤਾਨ ਜਰਨੈਲ ਸਿੰਘ ਨਹੀਂ, ਸਗੋਂ ਰਾਮ ਕ੍ਰਿਸਨ ਬਿੱਲਾ ਸੀ, ਜੋ ਤਸਵੀਰ ਵਿੱਚ ਖੱਬੇ ਪਾਸੇ ਕੁਰਸੀ 'ਤੇ ਬੈਠਾ ਨਜਰ ਆ ਰਿਹਾ ਹੈ। ਜਦੋਂ ਸ੍ਰੀ ਸਤਨਾਮ ਸਿੰਘ ਗਿੱਲ ਨੇ ਮੈਨੂੰ ਇਹ ਜਾਣਕਾਰੀ ਦਿੱਤੀ ਤਾਂ ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਮੇਰੀ ਸ੍ਰੀ ਸੋਹਣ ਸਿੰਘ ਗਿੱਲ ਨਾਲ ਗੱਲ ਕਰਵਾ ਦੇਣ। ਉਨ੍ਹਾਂ ਨੇ ਸਹਿਮਤੀ ਦਿੰਦਿਆਂ ਆਪਣੇ ਵੱਡੇ ਭਰਾ ਦਾ ਟੈਲੀਫੋਨ ਨੰਬਰ ਵੀ ਮੈਨੂੰ ਮੁਹੱਈਆ ਕਰਵਾ ਦਿੱਤਾ। ਇਸ ਤੋਂ ਬਾਅਦ ਮੇਰੀ ਸ੍ਰੀ ਸੋਹਣ ਸਿੰਘ ਗਿੱਲ ਨਾਲ ਲੰਮੀ, ਦਿਲਚਸਪ ਅਤੇ ਯਾਦਗਾਰ ਗੱਲਬਾਤ ਹੋਈ। ਉਨ੍ਹਾਂ ਦਾ ਪ੍ਰਸੰਨਚਿੱਤ ਅਤੇ ਮਿਲਣਸਾਰ ਸੁਭਾਅ ਅੱਜ ਵੀ ਉਨ੍ਹਾਂ ਦੀ ਸਖਸੀਅਤ ਨੂੰ ਵਿਲੱਖਣ ਬਣਾਉਂਦਾ ਹੈ। ਗੱਲਬਾਤ ਦੌਰਾਨ ਉਨ੍ਹਾਂ ਨੇ ਮਾਹਿਲਪੁਰ ਦੀ ਉਸ ਇਤਿਹਾਸਕ ਟੀਮ ਦੇ ਖਿਡਾਰੀਆਂ ਦੇ ਸੁਭਾਵਾਂ, ਆਪਣੇ ਖੇਡ-ਅਨੁਭਵਾਂ ਅਤੇ ਜਰਨੈਲ ਸਿੰਘ ਦੇ ਵਿਰੁੱਧ ਖੇਡੇ ਇੱਕ ਯਾਦਗਾਰ ਮੈਚ ਦੀਆਂ ਦਿਲਚਸਪ ਯਾਦਾਂ ਸਾਂਝੀਆਂ ਕੀਤੀਆਂ। ਸ੍ਰੀ ਸੋਹਣ ਸਿੰਘ ਗਿੱਲ ਅਨੁਸਾਰ, ਟੀਮ ਵਿੱਚ ਜਰਨੈਲ ਸਿੰਘ ਤੋਂ ਇਲਾਵਾ ਬਖਤਾਵਰ ਸਿੰਘ ਅਤੇ ਰਾਮ ਕ੍ਰਿਸਨ ਬਿੱਲਾ ਵਰਗੇ ਬੇਹੱਦ ਕਾਬਲ ਖਿਡਾਰੀ ਵੀ ਸਾਮਲ ਸਨ। ਉਨ੍ਹਾਂ ਦੱਸਿਆ ਕਿ ਬਖਤਾਵਰ ਸਿੰਘ ਮਖਸੂਸਪੁਰ ਪਿੰਡ ਦਾ ਰਹਿਣ ਵਾਲਾ ਸੀ ਅਤੇ ਛੇ ਭਰਾਵਾਂ ਵਿੱਚੋਂ ਇੱਕ ਸੀ। ਉਸ ਦੇ ਸਾਰੇ ਭਰਾ ਫੁੱਟਬਾਲ ਦੇ ਸਾਨਦਾਰ ਖਿਡਾਰੀ ਸਨ। ਉਨ੍ਹਾਂ ਦੇ ਵਿਚਾਰ ਅਨੁਸਾਰ, ਇਸ ਇਲਾਕੇ ਵਿੱਚ ਫੁੱਟਬਾਲ ਦੀ ਲੋਕਪ੍ਰਿਯਤਾ ਦਾ ਇੱਕ ਵੱਡਾ ਕਾਰਨ ਰਾਜਪੂਤ ਦੁਆਬਾ ਹਾਈ ਸਕੂਲ ਨਡਾਲੋਂ ਸੀ, ਜਿਸ ਦੀ ਸਥਾਪਨਾ 1909 ਵਿੱਚ ਹੋਈ ਸੀ ਅਤੇ ਜੋ ਉਸ ਸਮੇਂ ਇਲਾਕੇ ਦਾ ਸਭ ਤੋਂ ਪੁਰਾਣਾ ਵਿਦਿਅਕ ਅਦਾਰਾ ਮੰਨਿਆ ਜਾਂਦਾ ਸੀ।

ਦਾਤਾ, ਮਖਸੂਸਪੁਰ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਵਿਦਿਆਰਥੀ ਇਸੇ ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ। ਸਕੂਲ ਦੇ ਹੈੱਡਮਾਸਟਰ ਵਿਦਿਆਰਥੀਆਂ ਨੂੰ ਆਪਣੇ ਖਰਚ 'ਤੇ ਫੁੱਟਬਾਲਾਂ ਮੁਹੱਈਆ ਕਰਵਾਉਂਦੇ ਸਨ, ਤਾਂ ਜੋ ਉਹ ਪਿੰਡਾਂ ਵਿੱਚ ਵਾਪਸ ਜਾ ਕੇ ਵੀ ਖੇਡ ਦਾ ਅਭਿਆਸ ਜਾਰੀ ਰੱਖ ਸਕਣ। ਇਹੀ ਉਪਰਾਲਾ




ਅੱਗੇ ਚੱਲ ਕੇ ਇਸ ਇਲਾਕੇ ਵਿੱਚ ਫੁੱਟਬਾਲ ਨੂੰ ਸਭ ਤੋਂ ਲੋਕਪ੍ਰਿਯ ਖੇਡ ਬਣਾਉਣ ਦਾ ਕਾਰਨ ਬਣਿਆ।

ਸਾਲ 1946 ਵਿੱਚ ਮਾਹਿਲਪੁਰ ਕਾਲਜ ਦੀ ਸਥਾਪਨਾ ਤੋਂ ਬਾਅਦ ਆਲੇ-ਦੁਆਲੇ ਦੇ ਪਿੰਡਾਂ ਦੇ ਨੌਜਵਾਨ ਦਸਵੀਂ ਪਾਸ ਕਰਨ ਉਪਰੰਤ ਉੱਥੇ ਦਾਖਲਾ ਲੈਣ ਲੱਗੇ। ਸ੍ਰੀ ਸੋਹਣ ਸਿੰਘ ਗਿੱਲ, ਜਰਨੈਲ ਸਿੰਘ ਅਤੇ ਬਖਤਾਵਰ ਸਿੰਘ ਇੱਕੋ ਸਾਲ ਕਾਲਜ ਵਿੱਚ ਦਾਖਲ ਹੋਏ ਸਨ। ਸੋਹਣ ਸਿੰਘ ਅਤੇ ਬਖਤਾਵਰ ਸਿੰਘ ਨਡਾਲੋਂ ਸਕੂਲ ਤੋਂ ਪੜ੍ਹ ਕੇ ਆਏ ਸਨ, ਜਦ ਕਿ ਜਰਨੈਲ ਸਿੰਘ ਗੜ੍ਹਸੰਕਰ ਸਕੂਲ ਦਾ ਵਿਦਿਆਰਥੀ ਸੀ। ਰਾਮ ਕ੍ਰਿਸਨ ਬਿੱਲਾ ਉਨ੍ਹਾਂ ਤੋਂ ਇੱਕ ਸਾਲ ਸੀਨੀਅਰ ਸੀ। ਸ੍ਰੀ ਸੋਹਣ ਸਿੰਘ ਗਿੱਲ ਨੇ ਸਪੱਸਟ ਕੀਤਾ ਕਿ ਪੰਜਾਬ ਯੂਨੀਵਰਸਿਟੀ ਦੀ ਫੁੱਟਬਾਲ ਚੈਂਪੀਅਨਸ਼ਿਪ ਜਿੱਤਣ ਵਾਲੀ ਟੀਮ ਦਾ ਕਪਤਾਨ ਰਾਮ ਕ੍ਰਿਸਨ ਬਿੱਲਾ ਸੀ। ਰਾਮ ਕ੍ਰਿਸਨ ਦੇ ਬੀ.ਏ. ਪਾਸ ਕਰਨ ਤੋਂ ਬਾਅਦ ਹੀ ਜਰਨੈਲ ਸਿੰਘ ਨੂੰ ਟੀਮ ਦੀ ਕਪਤਾਨੀ ਸੌਂਪੀ ਗਈ।

ਉਨ੍ਹਾਂ ਇਹ ਵੀ ਯਾਦ ਕੀਤਾ ਕਿ ਉਹ ਅਤੇ ਜਰਨੈਲ ਸਿੰਘ ਤਿੰਨ ਸਾਲ ਤੱਕ ਕਾਲਜ ਦੀ ਫੁੱਟਬਾਲ ਟੀਮ ਦੇ ਸਾਥੀ ਰਹੇ। ਦੋਵੇਂ ਕਾਲਜ ਦੇ ਹੋਸਟਲ ਵਿੱਚ ਰਹਿੰਦੇ ਸਨ ਅਤੇ ਉਨ੍ਹਾਂ ਦੇ ਕਮਰੇ ਵੀ ਕੁਝ ਹੀ ਦਰਵਾਜ਼ਿਆਂ ਦੀ ਦੂਰੀ 'ਤੇ ਸਨ।

ਸਾਲ 1957 ਵਿੱਚ ਬੀ.ਏ. ਪਾਸ ਕਰਨ ਤੋਂ ਬਾਅਦ ਸ੍ਰੀ ਸੋਹਣ ਸਿੰਘ ਗਿੱਲ ਨੇ ਖਾਲਸਾ ਕਾਲਜ, ਅੰਮ੍ਰਿਤਸਰ ਵਿੱਚ ਬੀ.ਟੀ. ਲਈ ਦਾਖਲਾ ਲਿਆ। ਉਸ ਸਮੇਂ ਪ੍ਰੋਫੈਸਰ ਵਰਿਆਮ ਸਿੰਘ ਕਾਲਜ ਦੀ ਫੁੱਟਬਾਲ ਟੀਮ ਦੇ ਇੰਚਾਰਜ ਸਨ। 1957-58 ਵਿੱਚ ਪੰਜਾਬ ਯੂਨੀਵਰਸਿਟੀ ਦੇ ਅੰਤਰ-ਕਾਲਜ ਫੁੱਟਬਾਲ ਮੁਕਾਬਲਿਆਂ ਦੌਰਾਨ ਡੀ.ਏ.ਵੀ. ਕਾਲਜ, ਜਲੰਧਰ ਵਿੱਚ ਖੇਡੇ ਗਏ ਸੈਮੀਫਾਈਨਲ ਵਿੱਚ ਖਾਲਸਾ ਕਾਲਜ, ਅੰਮ੍ਰਿਤਸਰ ਦਾ ਮੁਕਾਬਲਾ ਖਾਲਸਾ ਕਾਲਜ, ਮਾਹਿਲਪੁਰ ਨਾਲ ਹੋਇਆ।

ਉਸ ਮੈਚ ਵਿੱਚ ਸ੍ਰੀ ਸੋਹਣ ਸਿੰਘ ਗਿੱਲ ਖਾਲਸਾ ਕਾਲਜ, ਅੰਮ੍ਰਿਤਸਰ ਵੱਲੋਂ ਗੋਲਕੀਪਰ ਸਨ, ਜਦਕਿ ਮਾਹਿਲਪੁਰ ਦੀ ਟੀਮ ਦੀ ਅਗਵਾਈ ਜਰਨੈਲ ਸਿੰਘ ਕਰ ਰਿਹਾ ਸੀ। ਉਹ ਮਾਣ ਨਾਲ ਦੱਸਦੇ ਹਨ ਕਿ ਉਸ ਮੁਕਾਬਲੇ ਵਿੱਚ ਉਨ੍ਹਾਂ ਨੇ ਮਾਹਿਲਪੁਰ ਦੀ ਟੀਮ ਨੂੰ ਇੱਕ ਵੀ ਗੋਲ ਨਹੀਂ ਕਰਨ ਦਿੱਤਾ।

ਕੁਝ ਸਮੇਂ ਬਾਅਦ ਜਦੋਂ ਉਹ ਛੁੱਟੀਆਂ ਦੌਰਾਨ ਮਾਹਿਲਪੁਰ ਕਾਲਜ ਗਏ ਤਾਂ ਪ੍ਰਿੰਸੀਪਲ ਹਰਭਜਨ ਸਿੰਘ ਨੇ ਉਨ੍ਹਾਂ ਦੀ ਖੇਡ ਦੀ ਖੁੱਲ੍ਹ ਕੇ ਪ੍ਰਸੰਸਾ ਕੀਤੀ। ਹਾਲਾਂਕਿ, ਉਨ੍ਹਾਂ ਨੇ ਹੱਸਦਿਆਂ ਮਜਾਕ ਵਿੱਚ ਇਹ ਵੀ ਕਿਹਾ, "ਤੂੰ ਆਪਣੇ ਪੁਰਾਣੇ ਕਾਲਜ ਨੂੰ ਘੱਟ-ਘੱਟ ਇੱਕ ਗੋਲ ਤਾਂ ਕਰਨ ਦੇਣਾ ਸੀ।"

ਪ੍ਰੋ ਸੁਖਵੰਤ ਸਿੰਘ ਗਿੱਲ



ਇਸ ਮੈਚ ਤੋਂ ਬਾਅਦ ਸ੍ਰੀ ਸੋਹਣ ਸਿੰਘ ਗਿੱਲ ਦੀ ਖੇਡ ਦੀ ਕਾਫੀ ਚਰਚਾ ਹੋਈ। ਬੀ.ਟੀ. ਪਾਸ ਕਰਨ ਤੋਂ ਬਾਅਦ ਪ੍ਰੋਫੈਸਰ ਵਰਿਆਮ ਸਿੰਘ ਨੇ ਉਨ੍ਹਾਂ ਨੂੰ ਐਮ.ਏ. ਵਿੱਚ ਦਾਖਲਾ ਲੈਣ ਦੀ ਸਲਾਹ ਦਿੱਤੀ, ਤਾਂ ਜੋ ਉਹ ਹੋਰ ਦੋ ਸਾਲ ਫੁੱਟਬਾਲ ਖੇਡ ਸਕਣ। ਭਾਵੇਂ ਉਨ੍ਹਾਂ ਦਾ ਮਨ ਐਮ.ਏ. ਕਰਨ ਦਾ ਸੀ, ਪਰ ਇਸੇ ਦੌਰਾਨ ਉਨ੍ਹਾਂ ਦੇ ਸਹੁਰੇ ਪਰਿਵਾਰ ਵੱਲੋਂ ਕੀਨੀਆ ਜਾਣ ਲਈ ਸਮੁੰਦਰੀ ਜਹਾਜ ਦੀਆਂ ਟਿਕਟਾਂ ਭੇਜ ਦਿੱਤੀਆਂ ਗਈਆਂ ਅਤੇ ਉਹ ਬੰਬਈ ਤੋਂ ਸਮੁੰਦਰੀ ਜਹਾਜ ਰਾਹੀਂ ਕੀਨੀਆ ਚਲੇ ਗਏ।

ਸ੍ਰੀ ਸੋਹਣ ਸਿੰਘ ਗਿੱਲ ਨੇ ਇਹ ਵੀ ਦੱਸਿਆ ਕਿ ਭਾਵੇਂ ਉਹ ਉਸ ਵੇਲੇ ਐਮ.ਏ. ਨਾ ਕਰ ਸਕੇ, ਪਰ ਰਿਟਾਇਰਮੈਂਟ ਤੋਂ ਬਾਅਦ ਉਨ੍ਹਾਂ ਨੇ ਆਪਣਾ ਇਹ ਸੁਪਨਾ ਸਾਕਾਰ ਕੀਤਾ ਅਤੇ ਭਾਰਤ ਆ ਕੇ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ ਤੋਂ ਅੰਗਰੇਜੀ ਵਿਸੇ ਵਿੱਚ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਉਸ ਸਮੇਂ ਉਨ੍ਹਾਂ ਦੀ ਉਮਰ 83 ਸਾਲ ਸੀ।

ਗੱਲਬਾਤ ਦੌਰਾਨ ਇਹ ਸਪੱਸਟ ਮਹਿਸੂਸ ਹੁੰਦਾ ਸੀ ਕਿ ਫੁੱਟਬਾਲ ਪ੍ਰਤੀ ਉਨ੍ਹਾਂ ਦਾ ਪਿਆਰ ਅਤੇ ਜਜਬਾ ਅੱਜ ਵੀ ਕਿਸੇ ਨੌਜਵਾਨ ਖਿਡਾਰੀ ਨਾਲੋਂ ਘੱਟ ਨਹੀਂ। ਉਨ੍ਹਾਂ ਦੱਸਿਆ ਕਿ ਮਾਹਿਲਪੁਰ ਦੀ ਟੀਮ ਵਿੱਚ ਜਰਨੈਲ ਸਿੰਘ ਨਾਲੋਂ ਬਖਤਾਵਰ ਸਿੰਘ 'ਤੋਰਾ' ਮਖਸੂਸਪੁਰ ਵਾਲਾ ਵਧੇਰੇ ਮਜਬੂਤ ਡਿਫੈਂਡਰ ਮੰਨਿਆ ਜਾਂਦਾ ਸੀ। ਉਹ ਬਹੁਤ ਦਲੇਰ ਅਤੇ ਨਿਡਰ ਖਿਡਾਰੀ ਸੀ।

ਉਨ੍ਹਾਂ ਦੇ ਅਨੁਸਾਰ, ਜਰਨੈਲ ਸਿੰਘ ਅਤੇ ਬਖਤਾਵਰ ਸਿੰਘ ਨੇ ਇਕੱਠੇ ਬੀ.ਏ. ਪਾਸ ਕੀਤੀ ਸੀ। ਬਾਅਦ ਵਿੱਚ ਜਰਨੈਲ ਸਿੰਘ ਕਲਕੱਤਾ ਚਲਾ ਗਿਆ, ਜਿੱਥੇ ਉਸ ਨੇ ਵੱਖ-ਵੱਖ ਫੁੱਟਬਾਲ ਕਲੱਬਾਂ ਦੀ ਨੁਮਾਇੰਦਗੀ ਕੀਤੀ ਅਤੇ ਆਪਣੀ ਖੇਡ ਦੇ ਬਲਬੂਤੇ ਉੱਤੇ ਖੂਬ ਨਾਮਣਾ ਖੱਟਿਆ।

ਸ੍ਰੀ ਸੋਹਣ ਸਿੰਘ ਗਿੱਲ ਨੇ ਦੱਸਿਆ ਕਿ ਬਖਤਾਵਰ ਸਿੰਘ ਦੀ ਬੇਨਤੀ 'ਤੇ ਜਰਨੈਲ ਸਿੰਘ ਉਸ ਨੂੰ ਵੀ ਆਪਣੇ ਨਾਲ ਕਲਕੱਤਾ ਲੈ ਗਿਆ ਅਤੇ ਇੱਕ ਕਲੱਬ ਵਿੱਚ ਖੇਡਣ ਦਾ ਮੌਕਾ ਦਿਵਾਇਆ। ਉਸ ਸਮੇਂ ਬੰਗਾਲ ਵਿੱਚ ਇੱਕ ਬਹੁਤ ਹੀ ਪ੍ਰਸਿੱਧ ਫਾਰਵਰਡ ਖਿਡਾਰੀ ਸੀ, ਜਿਸ ਨੂੰ ਰੋਕਣਾ ਕਿਸੇ ਵੀ ਡਿਫੈਂਡਰ ਲਈ ਆਸਾਨ ਨਹੀਂ ਸੀ। ਬਖਤਾਵਰ ਸਿੰਘ ਨੇ ਮੈਦਾਨ ਤੋਂ ਬਾਹਰ ਬੈਠ ਕੇ ਉਸ ਦੀ ਖੇਡ ਨੂੰ ਬੜੇ ਧਿਆਨ ਨਾਲ ਸਮਝਿਆ ਅਤੇ ਜਦੋਂ ਉਸ ਨੂੰ ਉਸ ਦੇ ਵਿਰੁੱਧ ਖੇਡਣ ਦਾ ਮੌਕਾ ਮਿਲਿਆ ਤਾਂ ਉਸ ਨੇ ਉਸ ਦੀ ਹਰ ਚਾਲ ਨੂੰ ਨਾਕਾਮ ਕਰ ਦਿੱਤਾ। ਇਹ ਘਟਨਾ ਉਸ ਸਮੇਂ ਬੰਗਾਲ ਦੇ ਫੁੱਟਬਾਲ ਜਗਤ ਵਿੱਚ ਚਰਚਾ ਦਾ ਕੇਂਦਰ ਬਣ ਗਈ।

ਅੱਜ ਸ੍ਰੀ ਸੋਹਣ ਸਿੰਘ ਗਿੱਲ 90 ਸਾਲ ਦੀ ਉਮਰ ਵਿੱਚ ਵੀ ਫੁੱਟਬਾਲ ਪ੍ਰਤੀ ਉਹੀ ਜੋਸ ਅਤੇ ਉਤਸਾਹ ਰੱਖਦੇ ਹਨ। ਗੱਲਬਾਤ ਦੇ ਅੰਤ ਵਿੱਚ ਉਨ੍ਹਾਂ ਨੇ ਕਿਹਾ ਕਿ ਇੱਕ ਮਜਬੂਤ ਅਤੇ ਕਾਮਯਾਬ ਫੁੱਟਬਾਲ ਟੀਮ ਦੀ ਉਸਾਰੀ ਲਈ ਖੇਡਾਂ ਦਾ ਮਜਬੂਤ ਢਾਂਚਾ, ਯੋਗ ਖਿਡਾਰੀਆਂ ਦੀ ਚੋਣ, ਉੱਚ ਪੱਧਰੀ ਸਿਖਲਾਈ, ਟੀਮ ਭਾਵਨਾ ਅਤੇ ਖਿਡਾਰੀਆਂ ਲਈ ਰੁਜਗਾਰ ਦੇ ਮੌਕੇ ਬੇਹੱਦ ਜਰੂਰੀ ਹਨ। ਉਨ੍ਹਾਂ ਦੇ ਸਬਦ ਕੇਵਲ ਇੱਕ ਸਾਬਕਾ ਖਿਡਾਰੀ ਦੇ ਤਜਰਬੇ ਦਾ ਨਿਚੋੜ ਨਹੀਂ, ਸਗੋਂ ਪੰਜਾਬ ਦੀ ਅਮੀਰ ਫੁੱਟਬਾਲ ਪਰੰਪਰਾ ਨੂੰ ਮੁੜ ਸੁਰਜੀਤ ਕਰਨ ਲਈ ਇੱਕ ਅਹਿਮ ਸੰਦੇਸ ਵੀ ਹਨ।

ਚੱਲਦਾ

# ਡਿਜੀਟਲ ਯੁੱਗ ਦੀਆਂ ਚੁਣੌਤੀਆਂ



ਤੇਜੀ ਨਾਲ ਬਦਲ ਰਹੇ ਅੱਜ ਦੇ ਡਿਜੀਟਲ ਯੁੱਗ 'ਚ ਹਕੀਕਤ ਅਤੇ ਝੂਠ (ਭਰਮ) ਵਿਚਕਾਰਲੀ ਲਕੀਰ ਧੁੰਦਲੀ ਹੁੰਦੀ ਜਾ ਰਹੀ ਹੈ। ਡੀਪਫੇਕ ਅਤੇ ਸਿੰਥੈਟਿਕ ਮੀਡੀਆ ਇਸ ਬਦਲਾਅ ਪਿਛਲੀ ਸਭ ਤੋਂ ਪ੍ਰਭਾਵਸਾਲੀ ਤਕਨਾਲੋਜੀ 'ਚੋਂ ਇੱਕ ਹੈ। ਕੁਝ ਸਾਲ ਪਹਿਲਾਂ ਤੱਕ ਇਹ ਗੱਲ ਮਹਿਜ ਕਲਪਨਾ ਜਾਪਦੀ ਸੀ ਕਿ ਕਿਸੇ ਵਿਅਕਤੀ ਦੀ ਆਵਾਜ ਜਾਂ ਚਿਹਰੇ ਨੂੰ ਕੰਪਿਊਟਰ ਦੀ ਮਦਦ ਨਾਲ ਇਸ ਤਰ੍ਹਾਂ ਬਦਲਿਆ ਜਾ ਸਕਦਾ ਹੈ ਕਿ ਉਹ ਅਸਲੀ ਜਾਪੇ, ਪਰ ਅੱਜ ਇਹ ਹਕੀਕਤ ਬਣ ਚੁੱਕੀ ਹੈ। ਡੀਪਫੇਕ ਅਜਿਹੀ ਡਿਜੀਟਲ ਸਮੱਗਰੀ ਹੁੰਦੀ ਹੈ, ਜਿਸ ਵਿੱਚ ਕਿਸੇ ਵੀਡੀਓ, ਤਸਵੀਰ ਜਾਂ ਆਡੀਓ ਨੂੰ 'ਆਰਟੀਫੀਸੀਅਲ ਇੰਟੈਲੀਜੈਂਸ' (ਏ ਆਈ) ਦੀ ਮਦਦ ਨਾਲ ਇਸ ਤਰ੍ਹਾਂ ਤਿਆਰ ਕੀਤਾ ਜਾਂ ਬਦਲਿਆ ਜਾਂਦਾ ਹੈ ਕਿ ਦੇਖਣ ਵਾਲੇ ਨੂੰ ਸੱਚ ਅਤੇ ਝੂਠ ਵਿਚਕਾਰ ਫਰਕ ਕਰਨਾ ਮੁਸਕਿਲ ਹੋ ਜਾਂਦਾ ਹੈ।

ਉਦਾਹਰਣ ਵਜੋਂ, ਕਿਸੇ ਨੇਤਾ ਨੂੰ ਅਜਿਹੀ ਗੱਲ ਕਰਦੇ ਹੋਏ ਦਿਖਾਇਆ ਜਾ ਸਕਦਾ ਹੈ, ਜੋ ਉਸ ਨੇ ਕਦੇ ਆਖੀ ਹੀ ਨਾ ਹੋਵੇ ਜਾਂ ਕਿਸੇ ਅਦਾਕਾਰ ਦੇ ਚਿਹਰੇ ਨੂੰ ਕਿਸੇ ਹੋਰ ਵਿਅਕਤੀ ਦੇ ਸਰੀਰ ਉੱਤੇ ਇਸ ਤਰ੍ਹਾਂ ਲਾਇਆ ਜਾ ਸਕਦਾ ਹੈ ਕਿ ਉਹ ਬਿਲਕੁਲ ਅਸਲੀ ਜਾਪੇ। ਸਿੰਥੈਟਿਕ ਮੀਡੀਆ ਦਾ ਖੇਤਰ ਇਸ ਤੋਂ ਵੀ ਵੱਡਾ ਹੈ। ਇਸ ਵਿੱਚ ਉਹ ਸਾਰੀ ਡਿਜੀਟਲ ਸਮੱਗਰੀ ਸਾਮਿਲ ਹੈ, ਜੋ ਆਰਟੀਫੀਸੀਅਲ ਇੰਟੈਲੀਜੈਂਸ ਦੁਆਰਾ ਤਿਆਰ ਕੀਤੀ ਜਾਂਦੀ ਹੈ। ਅੱਜ ਵਰਚੁਅਲ ਇਨਫਲੂਐਂਸਰ, ਏ ਆਈ ਦੁਆਰਾ ਬਣਾਏ ਗਏ ਖਬਰ ਪਾਠਕ, ਮਨੁੱਖਾਂ ਵਰਗੀਆਂ ਆਵਾਜਾਂ ਅਤੇ ਡਿਜੀਟਲ ਅਵਤਾਰ ਇਸ ਤਕਨਾਲੋਜੀ ਦੀਆਂ ਉਦਾਹਰਣਾਂ ਹਨ।

ਕਈ ਦੇਸਾਂ ਵਿੱਚ ਏ ਆਈ ਐਂਕਰ 24 ਘੰਟੇ ਖਬਰਾਂ ਪੜ੍ਹ ਰਹੇ ਹਨ ਅਤੇ ਕਈ ਕੰਪਨੀਆਂ ਗਾਹਕਾਂ ਨਾਲ ਗੱਲਬਾਤ ਕਰਨ ਲਈ ਡਿਜੀਟਲ ਮਨੁੱਖਾਂ ਦੀ ਵਰਤੋਂ ਕਰ ਰਹੀਆਂ ਹਨ। ਇਸ ਤਰ੍ਹਾਂ ਜੋ ਚੀਜ ਕਦੇ ਵਿਗਿਆਨਕ ਕਲਪਨਾ ਦਾ ਹਿੱਸਾ ਸੀ, ਉਹ ਹੁਣ ਸਾਡੇ ਰੋਜਾਨਾ ਜੀਵਨ ਵਿੱਚ ਦਾਖਲ ਹੋ ਚੁੱਕੀ ਹੈ। ਡੀਪਫੇਕ ਤਕਨਾਲੋਜੀ ਦੀ ਨੀਂਹ ਮਸੀਨ ਲਰਨਿੰਗ ਅਤੇ ਡੀਪ ਲਰਨਿੰਗ ਵਰਗੀਆਂ ਆਧੁਨਿਕ ਏ ਆਈ ਤਕਨੀਕਾਂ 'ਤੇ ਆਧਾਰਿਤ ਹੈ। ਇਸ ਲਈ ਆਮ ਤੌਰ 'ਤੇ ਜੈਨਰੇਟਿਵ ਐਡਵਰਸਰੀਅਲ ਨੈੱਟਵਰਕਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਪ੍ਰਣਾਲੀ ਦੋ ਨਿਊਰਲ ਨੈੱਟਵਰਕਾਂ ਦੇ ਮੁਕਾਬਲੇ ਉੱਤੇ ਕੰਮ ਕਰਦੀ ਹੈ। ਇੱਕ ਨੈੱਟਵਰਕ ਨਕਲੀ ਸਮੱਗਰੀ ਬਣਾਉਂਦਾ ਹੈ ਜਦੋਂਕਿ ਦੂਜਾ ਇਹ ਪਤਾ ਲਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਸਮੱਗਰੀ ਅਸਲੀ ਹੈ ਜਾਂ ਨਕਲੀ।

ਇਹ ਪ੍ਰਕਿਰਿਆ ਵਾਰ-ਵਾਰ ਚੱਲਦੀ ਰਹਿੰਦੀ ਹੈ ਅਤੇ ਸਮੇਂ ਦੇ ਨਾਲ ਨਕਲੀ ਸਮੱਗਰੀ ਬਣਾਉਣ ਵਾਲਾ ਨੈੱਟਵਰਕ ਇੰਨਾ ਮਾਹਿਰ ਹੋ ਜਾਂਦਾ ਹੈ ਕਿ ਉਸ ਦੁਆਰਾ ਤਿਆਰ ਕੀਤੀ ਸਮੱਗਰੀ ਬਿਲਕੁਲ ਅਸਲੀ ਜਾਪਦੀ ਹੈ। ਸਾਧਾਰਨ ਭਾਸਾ ਵਿੱਚ ਕਹੀਏ ਤਾਂ ਇਹ ਉਸ ਨਕਲਚੀ ਵਰਗਾ ਹੈ ਜੋ ਹਰ ਵਾਰ ਆਪਣੀ ਕਲਾ ਵਿੱਚ ਸੁਧਾਰ ਕਰਦਾ ਰਹਿੰਦਾ ਹੈ ਅਤੇ ਆਖਰਕਾਰ ਮਾਹਿਰਾਂ ਨੂੰ ਵੀ ਧੋਖਾ ਦੇ ਸਕਦਾ ਹੈ। ਭਾਵੇਂ ਡੀਪਫੇਕ ਦਾ ਨਾਮ ਸੁਣਦੇ ਹੀ ਬਹੁਤ ਸਾਰੇ ਲੋਕਾਂ ਦੇ ਮਨ ਵਿੱਚ ਨਕਾਰਾਤਮਕ ਵਿਚਾਰ ਆਉਂਦੇ ਹਨ, ਪਰ ਇਸ ਤਕਨਾਲੋਜੀ ਦੇ ਕਈ ਚੰਗੇ ਪੱਖ ਵੀ ਹਨ। ਮਨੋਰੰਜਨ ਜਗਤ ਵਿੱਚ ਇਸ ਦੀ ਵਰਤੋਂ ਇਤਿਹਾਸਕ ਸਖਸੀਅਤਾਂ ਨੂੰ ਦੁਬਾਰਾ ਪਰਦੇ ਉੱਤੇ ਲਿਆਉਣ, ਅਦਾਕਾਰਾਂ ਨੂੰ ਜਵਾਨ ਦਿਖਾਉਣ ਜਾਂ ਮਰ ਚੁੱਕੇ ਕਲਾਕਾਰਾਂ ਦੀਆਂ ਆਵਾਜਾਂ ਨੂੰ ਮੁੜ ਜੀਵੰਤ ਕਰਨ ਲਈ ਕੀਤੀ ਜਾ ਰਹੀ ਹੈ। ਸਿੱਖਿਆ ਦੇ ਖੇਤਰ ਵਿੱਚ ਇਹ ਤਕਨਾਲੋਜੀ ਵਿਦਿਆਰਥੀਆਂ ਲਈ ਸਿੱਖਣ ਨੂੰ ਹੋਰ ਦਿਲਚਸਪ ਅਤੇ ਪ੍ਰਭਾਵਸਾਲੀ ਬਣਾ ਸਕਦੀ ਹੈ।

ਜੇਕਰ ਕਿਸੇ ਇਤਿਹਾਸਕ ਘਟਨਾ ਨੂੰ ਅਸਲੀ ਦ੍ਰਿਸਾਂ ਵਰਗੀ ਸਿਮੂਲੇਸਨ ਰਾਹੀਂ ਦਿਖਾਇਆ ਜਾਵੇ ਤਾਂ ਵਿਦਿਆਰਥੀਆਂ ਨੂੰ ਉਸ ਨੂੰ ਸਮਝਣਾ ਬਹੁਤ ਆਸਾਨ ਹੋ ਜਾਂਦਾ ਹੈ। ਸਿਹਤ ਸੇਵਾਵਾਂ ਵਿੱਚ ਵੀ ਸਿੰਥੈਟਿਕ ਮੀਡੀਆ ਦੀ ਭੂਮਿਕਾ ਵਧ ਰਹੀ ਹੈ। ਮੈਡੀਕਲ ਵਿਦਿਆਰਥੀਆਂ ਨੂੰ ਅਸਲ ਜਿਹੀਆਂ ਵਰਚੁਅਲ ਸਥਿਤੀਆਂ ਵਿੱਚ ਸਿਖਲਾਈ ਦਿੱਤੀ ਜਾ ਰਹੀ ਹੈ। ਜਿਨ੍ਹਾਂ ਲੋਕਾਂ ਨੂੰ ਬੋਲਣ ਵਿੱਚ ਦਿੱਕਤ ਆਉਂਦੀ ਹੈ, ਉਨ੍ਹਾਂ ਲਈ ਏ ਆਈ ਆਧਾਰਿਤ ਆਵਾਜਾਂ ਮਦਦਗਾਰ ਸਾਬਿਤ ਹੋ ਰਹੀਆਂ ਹਨ। ਨਜਰ ਜਾਂ ਸੁਣਨ ਦੀ ਸਮੱਸਿਆ ਵਾਲੇ ਲੋਕਾਂ ਲਈ ਵੀ ਇਹ ਤਕਨਾਲੋਜੀ ਡਿਜੀਟਲ ਸਮੱਗਰੀ ਨੂੰ ਵਧੇਰੇ ਪਹੁੰਚਯੋਗ ਬਣਾ ਰਹੀ ਹੈ। ਇਸ ਤੋਂ ਇਲਾਵਾ ਬਹੁ-ਭਾਸਾਈ ਡਿਜੀਟਲ ਅਵਤਾਰ ਗਾਹਕ ਸੇਵਾਵਾਂ ਨੂੰ ਹੋਰ ਸੁਗਮ ਅਤੇ ਪ੍ਰਭਾਵਸਾਲੀ ਬਣਾ ਰਹੇ ਹਨ।

ਜਿੱਥੇ ਇਸ ਤਕਨਾਲੋਜੀ ਦੇ ਕਈ ਫਾਇਦੇ ਹਨ, ਉੱਥੇ ਇਸ ਦੇ ਗੰਭੀਰ ਖਤਰੇ ਵੀ ਹਨ। ਦੁਨੀਆ ਭਰ ਵਿੱਚ ਡੀਪਫੇਕ ਦੀ ਦੁਰਵਰਤੋਂ ਵਧਦੀ ਜਾ ਰਹੀ ਹੈ। ਝੂਠੀਆਂ ਖਬਰਾਂ ਫੈਲਾਉਣ, ਰਾਜਨੀਤਕ ਪ੍ਰਚਾਰ ਕਰਨ ਅਤੇ ਲੋਕਾਂ ਦੀ ਰਾਏ ਨੂੰ ਪ੍ਰਭਾਵਿਤ ਕਰਨ ਲਈ ਨਕਲੀ ਵੀਡੀਓਜ ਦੀ ਵਰਤੋਂ ਕੀਤੀ ਜਾ ਰਹੀ ਹੈ। ਅਪਰਾਧੀ ਏ ਆਈ ਦੁਆਰਾ ਤਿਆਰ ਕੀਤੀਆਂ ਆਵਾਜਾਂ ਦੀ ਵਰਤੋਂ ਕਰ ਕੇ ਕੰਪਨੀਆਂ ਦੇ ਅਧਿਕਾਰੀਆਂ ਦਾ ਰੂਪ ਧਾਰ ਲੈਂਦੇ ਹਨ ਅਤੇ ਲੋਕਾਂ ਤੋਂ ਵੱਡੀਆਂ ਰਕਮਾਂ ਠੱਗ ਲੈਂਦੇ ਹਨ। ਪਛਾਣ ਚੋਰੀ ਦੇ ਮਾਮਲੇ ਵੀ ਤੇਜੀ ਨਾਲ ਵਧ ਰਹੇ ਹਨ, ਜਿੱਥੇ ਲੋਕਾਂ ਦੇ ਚਿਹਰੇ ਜਾਂ ਆਵਾਜਾਂ ਨੂੰ ਉਨ੍ਹਾਂ ਦੀ ਇਜਾਜਤ ਤੋਂ ਬਿਨਾਂ ਵਰਤਿਆ ਜਾਂਦਾ ਹੈ। ਸਾਈਬਰ ਸੁਰੱਖਿਆ ਸੰਸਥਾਵਾਂ ਦੀਆਂ ਰਿਪੋਰਟਾਂ ਅਨੁਸਾਰ 2019 ਤੋਂ 2023 ਦਰਮਿਆਨ ਡੀਪਫੇਕ ਨਾਲ ਜੁੜੇ ਧੋਖਾਧੜੀ ਦੇ ਮਾਮਲਿਆਂ ਵਿੱਚ 900 ਫੀਸਦੀ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਹੈ। ਅਸਲ ਜੀਵਨ ਦੀਆਂ ਕਈ ਘਟਨਾਵਾਂ ਇਸ ਸਮੱਸਿਆ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ।

ਚੋਣਾਂ ਦੌਰਾਨ ਕਈ ਦੇਸਾਂ ਵਿੱਚ ਸਿਆਸੀ ਆਗੂਆਂ ਦੀਆਂ ਨਕਲੀ ਵੀਡੀਓਜ ਵਾਇਰਲ ਹੋਈਆਂ, ਜਿਨ੍ਹਾਂ ਨੇ ਲੋਕਾਂ ਦੀ ਸੋਚ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਭਾਰਤ ਵਿੱਚ ਵੀ ਕਈ ਮਸਹੂਰ ਹਸਤੀਆਂ ਅਤੇ ਜਨਤਕ ਵਿਅਕਤੀਆਂ ਦੇ ਡੀਪਫੇਕ ਵੀਡੀਓ ਸਾਹਮਣੇ ਆਏ ਹਨ। ਦੁਨੀਆ ਭਰ ਵਿੱਚ ਇੱਕ ਪ੍ਰਸਿੱਧ ਮਾਮਲੇ ਵਿੱਚ ਇੱਕ ਕੰਪਨੀ ਨੂੰ ਲੱਖਾਂ ਡਾਲਰ ਦਾ ਨੁਕਸਾਨ ਹੋਇਆ ਜਦੋਂ ਠੱਗਾਂ ਨੇ ਏ ਆਈ ਦੁਆਰਾ ਤਿਆਰ ਕੀਤੀ ਗਈ ਉਸ ਦੇ ਸੀ ਈ ਓ ਦੀ ਆਵਾਜ ਦੀ ਵਰਤੋਂ ਕਰਕੇ ਪੈਸੇ ਟਰਾਂਸਫਰ ਕਰਵਾ ਲਏ। ਅਜਿਹੀਆਂ ਘਟਨਾਵਾਂ ਦੱਸਦੀਆਂ ਹਨ ਕਿ ਡਿਜੀਟਲ ਦੁਨੀਆ ਵਿੱਚ ਭਰੋਸੇ ਦੀ ਦੁਰਵਰਤੋਂ ਕਿੰਨੀ ਆਸਾਨ ਹੋ ਗਈ ਹੈ।

ਡੀਪਫੇਕ ਦਾ ਪ੍ਰਭਾਵ ਸਿਰਫ ਵਿਅਕਤੀਗਤ ਪੱਧਰ ਤੱਕ ਸੀਮਿਤ ਨਹੀਂ ਹੈ। ਇਹ ਸਮਾਜ ਅਤੇ ਲੋਕਤੰਤਰ ਲਈ ਵੀ ਵੱਡਾ ਖਤਰਾ ਬਣ ਸਕਦਾ ਹੈ। ਜਦੋਂ ਲੋਕ ਅਸਲੀ ਅਤੇ ਨਕਲੀ ਸਮੱਗਰੀ ਵਿੱਚ ਫਰਕ ਨਹੀਂ ਕਰ ਸਕਦੇ ਤਾਂ ਉਹ ਹਰ ਜਾਣਕਾਰੀ ਉੱਤੇ ਸੱਕ ਕਰਨ ਲੱਗ ਪੈਂਦੇ ਹਨ। ਇਸ ਸਥਿਤੀ ਨੂੰ ਕਈ ਵਾਰ 'ਲਾਇਰਜ ਡਿਵੀਡੈਂਡ' ਕਿਹਾ ਜਾਂਦਾ ਹੈ, ਜਿੱਥੇ ਅਸਲੀ ਸਬੂਤਾਂ ਨੂੰ ਵੀ ਨਕਲੀ ਕਹਿ ਕੇ ਰੱਦ ਕੀਤਾ ਜਾ ਸਕਦਾ ਹੈ। ਇਸ ਨਾਲ ਲੋਕਤੰਤਰੀ ਪ੍ਰਕਿਰਿਆਵਾਂ, ਚੋਣਾਂ, ਜਨਤਕ ਵਿਚਾਰ-ਵਟਾਂਦਰੇ ਅਤੇ ਜਵਾਬਦੇਹੀ ਉੱਤੇ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ। ਗਲਤ ਜਾਣਕਾਰੀ ਦਾ ਫੈਲਾਅ ਸਮਾਜਿਕ ਸਾਂਝ, ਕਾਨੂੰਨ ਵਿਵਸਥਾ ਅਤੇ ਰਾਸਟਰੀ ਸੁਰੱਖਿਆ ਲਈ ਵੀ ਖਤਰਾ ਬਣ ਸਕਦਾ ਹੈ। ਇਸ ਤਕਨਾਲੋਜੀ ਨਾਲ ਜੁੜੇ ਕਾਨੂੰਨੀ ਅਤੇ ਨੈਤਿਕ ਸਵਾਲ ਵੀ ਬਹੁਤ ਮਹੱਤਵਪੂਰਨ ਹਨ। ਕੀ ਕਿਸੇ ਵਿਅਕਤੀ ਨੂੰ ਆਪਣੇ ਚਿਹਰੇ ਅਤੇ ਆਵਾਜ ਉੱਤੇ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ ? ਜੇਕਰ ਕਿਸੇ ਡੀਪਫੇਕ ਕਾਰਨ ਕਿਸੇ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਜ਼ਿੰਮੇਵਾਰ ਕੌਣ ਹੋਵੇਗਾ- ਸਮੱਗਰੀ ਬਣਾਉਣ ਵਾਲਾ, ਪਲੈਟਫਾਰਮ ਜਾਂ ਤਕਨਾਲੋਜੀ ਪ੍ਰੋਵਾਈਡਰ? ਇਨ੍ਹਾਂ ਸਵਾਲਾਂ ਦੇ ਸਪੱਸਟ ਜਵਾਬ ਅਜੇ ਵੀ ਤਿਆਰ ਕੀਤੇ ਜਾ ਰਹੇ ਹਨ। ਦੁਨੀਆ ਭਰ ਦੇ ਕਾਨੂੰਨ ਨਿਰਮਾਤਾ ਅਤੇ ਨੀਤੀਘਾੜੇ ਇਸ ਦਿਸਾ ਵਿੱਚ ਕੰਮ ਕਰ ਰਹੇ ਹਨ ਤਾਂ ਜੋ ਨਵੀਨਤਾ ਅਤੇ ਜਵਾਬਦੇਹੀ ਵਿਚਕਾਰ ਸੰਤੁਲਨ ਬਣਾਇਆ ਜਾ ਸਕੇ।

ਭਾਰਤ ਸਮੇਤ ਕਈ ਦੇਸਾਂ ਨੇ ਡੀਪਫੇਕ ਅਤੇ ਸਿੰਥੈਟਿਕ ਮੀਡੀਆ ਦੇ ਨਿਯਮ ਬਣਾਉਣ ਲਈ ਕਦਮ ਚੁੱਕਣੇ ਸੁਰੂ ਕਰ ਦਿੱਤੇ ਹਨ। ਭਾਰਤ ਵਿੱਚ ਸੂਚਨਾ ਤਕਨਾਲੋਜੀ ਕਾਨੂੰਨ ਅਤੇ ਉੱਭਰ ਰਹੇ ਡਿਜੀਟਲ ਨਿਯਮਾਂ ਰਾਹੀਂ ਗਲਤ ਜਾਣਕਾਰੀ ਅਤੇ ਨੁਕਸਾਨਦਾਇਕ ਸਮੱਗਰੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਸੋਸਲ ਮੀਡੀਆ ਪਲੇਟਫਾਰਮਾਂ ਨੂੰ ਅਜਿਹੀ ਸਮੱਗਰੀ ਵਿਰੁੱਧ ਤੁਰੰਤ ਕਾਰਵਾਈ ਕਰਨ ਲਈ ਕਿਹਾ ਹੈ। ਯੂਰੋਪੀ ਸੰਘ ਅਤੇ ਅਮਰੀਕਾ ਵਰਗੇ ਖੇਤਰਾਂ ਵਿੱਚ ਏ ਆਈ ਦੁਆਰਾ ਬਣਾਈ ਗਈ ਸਮੱਗਰੀ ਨੂੰ ਲੇਬਲ ਕਰਨ ਦੇ ਨਿਯਮਾਂ ਉੱਤੇ ਕੰਮ ਹੋ ਰਿਹਾ ਹੈ ਤਾਂ ਜੋ ਲੋਕਾਂ ਨੂੰ ਇਹ ਪਤਾ ਲੱਗ ਸਕੇ ਕਿ ਉਹ ਜੋ ਦੇਖ ਰਹੇ ਹਨ, ਉਹ ਅਸਲੀ ਹੈ ਜਾਂ ਏ ਆਈ ਰਾਹੀਂ ਤਿਆਰ ਕੀਤੀ ਗਈ ਸਮੱਗਰੀ ਹੈ।

ਤਕਨਾਲੋਜੀ ਕੰਪਨੀਆਂ ਵੀ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ ਨਵੇਂ ਹੱਲ ਵਿਕਸਿਤ ਕਰ ਰਹੀਆਂ ਹਨ। ਵੱਡੀਆਂ ਕੰਪਨੀਆਂ ਏ ਆਈ ਆਧਾਰਿਤ ਡੀਪਫੇਕ ਖੋਜ ਪ੍ਰਣਾਲੀਆਂ ਉੱਤੇ ਕੰਮ ਕਰ ਰਹੀਆਂ ਹਨ, ਜੋ ਚਿਹਰੇ ਦੀਆਂ ਹਰਕਤਾਂ, ਰੌਸਨੀ, ਆਵਾਜ ਅਤੇ ਹੋਰ ਡਿਜੀਟਲ ਸੰਕੇਤਾਂ ਦਾ ਵਿਸਲੇਸਣ ਕਰਕੇ ਨਕਲੀ ਸਮੱਗਰੀ ਦੀ ਪਛਾਣ ਕਰ ਸਕਦੀਆਂ ਹਨ। ਇਸ ਦੇ ਨਾਲ ਹੀ ਡਿਜੀਟਲ ਵਾਟਰਮਾਰਕਿੰਗ ਵਰਗੀਆਂ ਤਕਨੀਕਾਂ ਵੀ ਵਿਕਸਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਰਾਹੀਂ ਏ ਆਈ ਦੁਆਰਾ ਬਣਾਈ ਗਈ ਸਮੱਗਰੀ ਵਿੱਚ ਅਦ੍ਰਿਸ ਚਿੰਨ੍ਹ ਜੋੜੇ ਜਾਂਦੇ ਹਨ। ਹਾਲਾਂਕਿ ਇਹ ਇੱਕ ਲਗਾਤਾਰ ਦੌੜ ਹੈ ਕਿਉਂਕਿ ਜਿੰਨੀ ਤੇਜੀ ਨਾਲ ਖੋਜ ਪ੍ਰਣਾਲੀਆਂ ਵਿਕਸਿਤ ਹੁੰਦੀਆਂ ਹਨ, ਓਨੀ ਹੀ ਤੇਜੀ ਨਾਲ ਨਵੇਂ ਅਤੇ ਹੋਰ ਯਥਾਰਥਵਾਦੀ ਡੀਪਫੇਕ ਵੀ ਤਿਆਰ ਕੀਤੇ ਜਾਂਦੇ ਹਨ।

ਆਮ ਲੋਕਾਂ ਲਈ ਇਸ ਡਿਜੀਟਲ ਯੁੱਗ ਵਿੱਚ ਸੁਰੱਖਿਅਤ ਰਹਿਣ ਦਾ ਸਭ ਤੋਂ ਵਧੀਆ ਤਰੀਕਾ ਜਾਗਰੂਕਤਾ ਅਤੇ ਸਾਵਧਾਨੀ ਹੈ। ਕਿਸੇ ਵੀ ਹੈਰਾਨੀਜਨਕ ਜਾਂ ਸਨਸਨੀਖੇਜ ਵੀਡੀਓ ਜਾਂ ਆਡੀਓ ਨੂੰ ਤੁਰੰਤ ਸੱਚ ਨਾ ਮੰਨਿਆ ਜਾਵੇ। ਜਾਣਕਾਰੀ ਨੂੰ ਸਾਂਝਾ ਕਰਨ ਤੋਂ ਪਹਿਲਾਂ ਉਸ ਦੀ ਜਾਂਚ ਕਰਨੀ ਚਾਹੀਦੀ ਹੈ। ਚਿਹਰੇ ਦੀਆਂ ਗੈਰ-ਕੁਦਰਤੀ ਹਰਕਤਾਂ, ਆਵਾਜ ਅਤੇ ਬੁੱਲ੍ਹਾਂ ਦੇ ਮੇਲ ਵਿੱਚ ਗੜਬੜ ਜਾਂ ਰੌਸਨੀ ਵਿੱਚ ਅਸੰਗਤੀ ਵਰਗੇ ਸੰਕੇਤ ਨਕਲੀ ਸਮੱਗਰੀ ਦੀ ਪਛਾਣ ਵਿੱਚ ਮਦਦ ਕਰ ਸਕਦੇ ਹਨ। ਭਰੋਸੇਯੋਗ ਖਬਰ ਸਰੋਤਾਂ ਅਤੇ ਅਧਿਕਾਰਤ ਜਾਣਕਾਰੀ ਉੱਤੇ ਨਿਰਭਰ ਰਹਿਣਾ ਅੱਜ ਪਹਿਲਾਂ ਨਾਲੋਂ ਵੱਧ ਜਰੂਰੀ ਹੋ ਗਿਆ ਹੈ। ਇਸ ਤੋਂ ਇਲਾਵਾ ਸੋਸਲ ਮੀਡੀਆ ਉੱਤੇ ਆਪਣੀਆਂ ਨਿੱਜੀ ਤਸਵੀਰਾਂ ਅਤੇ ਵੀਡੀਓਜ ਸਾਂਝੀਆਂ ਕਰਦੇ ਸਮੇਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ।

ਵਿਸਵ ਆਰਥਿਕ ਮੰਚ ਨੇ ਵੀ ਏ ਆਈ ਆਧਾਰਿਤ ਗਲਤ ਜਾਣਕਾਰੀ ਨੂੰ ਆਉਣ ਵਾਲੇ ਸਾਲਾਂ ਦੇ ਸਭ ਤੋਂ ਵੱਡੇ ਵਿਸਵ ਪੱਧਰੀ ਖਤਰਿਆਂ ਵਿੱਚ ਸਾਮਿਲ ਕੀਤਾ ਹੈ। ਲੋੜ ਇਸ ਗੱਲ ਦੀ ਹੈ ਕਿ ਨਵੀਨਤਾ ਅਤੇ ਨਿਯਮਾਂ ਵਿਚਕਾਰ ਸੰਤੁਲਨ ਬਣਾਇਆ ਜਾਵੇ ਤਾਂ ਜੋ ਇਸ ਤਕਨਾਲੋਜੀ ਦਾ ਪੂਰਾ ਫਾਇਦਾ ਉਠਾਇਆ ਜਾ ਸਕੇ ਅਤੇ ਇਸ ਨਾਲ ਜੁੜੇ ਖਤਰਿਆਂ ਨੂੰ ਘੱਟ ਕੀਤਾ ਜਾ ਸਕੇ। ਸਰਕਾਰਾਂ, ਤਕਨਾਲੋਜੀ ਕੰਪਨੀਆਂ, ਸਿੱਖਿਆ ਸੰਸਥਾਵਾਂ ਅਤੇ ਆਮ ਨਾਗਰਿਕਾਂ ਨੂੰ ਮਿਲ ਕੇ ਇੱਕ ਜ਼ਿੰਮੇਵਾਰ ਡਿਜੀਟਲ ਵਾਤਾਵਰਨ ਤਿਆਰ ਕਰਨਾ ਹੋਵੇਗਾ।

ਡਾ: ਗੁਰਜੀਤ ਸਿੰਘ

# ਇਤਿਹਾਸ ਨੇ ਕੀਤਾ ਇਨਸਾਫ

ਰਾਜਨੀਤੀ ਦਾ ਬਾਜਾਰ ਵੱਡਾ ਅਜੀਬ ਹੁੰਦਾ ਹੈ। ਇੱਥੇ ਕਈ ਵਾਰ ਕੱਚ ਦੇ ਮੋਤੀ ਹੀਰੇ ਬਣ ਕੇ ਵਿਕ ਜਾਂਦੇ ਹਨ ਤੇ ਅਸਲ ਹੀਰੇ ਧੂੜ ਫੱਕਦੇ ਰਹਿ ਜਾਂਦੇ ਹਨ ਪਰ ਸਮੇਂ ਦੀ ਇਕ ਖੂਬੀ ਹੈ, ਉਹ ਕਿਸੇ ਦਾ ਉਧਾਰ ਨਹੀਂ ਰੱਖਦਾ। ਉਹ ਦੇਰ ਕਰ ਸਕਦਾ ਹੈ, ਹਨੇਰਾ ਲੰਮਾ ਕਰ ਸਕਦਾ ਹੈ ਪਰ ਜਦੋਂ ਫੈਸਲਾ ਸੁਣਾਉਂਦਾ ਹੈ ਤਾਂ ਫਿਰ ਸੋਰ ਨਹੀਂ, ਸੱਚ ਬੋਲਦਾ ਹੈ। ਡਾ. ਮਨਮੋਹਨ ਸਿੰਘ ਨੇ ਆਪਣੇ ਜੀਵਨ ਦੇ ਸਭ ਤੋਂ ਔਖੇ ਦਿਨਾਂ 'ਚ ਕਿਹਾ ਸੀ, 'ਇਤਿਹਾਸ ਮੇਰੇ ਨਾਲ ਇਨਸਾਫ ਕਰੇਗਾ।' ਉਸ ਵੇਲੇ ਇਹ ਗੱਲ ਬਹੁਤਿਆਂ ਨੂੰ ਇਕ ਬੇਵੱਸ ਇਨਸਾਨ ਦੀ ਦਿਲਾਸੇ ਵਾਲੀ ਗੱਲ ਲੱਗੀ ਸੀ। ਅੱਜ, ਜਦੋਂ ਸੁਪਰੀਮ ਕੋਰਟ ਨੇ ਕੋਲਾ ਅਲਾਟਮੈਂਟ ਮਾਮਲੇ 'ਚ ਉਨ੍ਹਾਂ ਦਾ ਨਾਂ ਸਾਫ ਕਰ ਦਿੱਤਾ ਹੈ, ਤਾਂ ਲੱਗਦਾ ਹੈ ਕਿ ਇਤਿਹਾਸ ਨੇ ਸੱਚਮੁੱਚ ਉਨ੍ਹਾਂ ਨਾਲ ਇਨਸਾਫ ਕਰ ਦਿੱਤਾ ਹੈ। ਡਾ. ਮਨਮੋਹਨ ਸਿੰਘ ਉਨ੍ਹਾਂ ਸਿਆਸਤਦਾਨਾਂ 'ਚੋਂ ਨਹੀਂ ਸਨ, ਜੋ ਹਰ ਰੋਜ ਛਾਤੀ ਠੋਕ ਕੇ ਆਪਣੀ ਵਡਿਆਈ ਦੇ ਢੋਲ ਵਜਾਉਂਦੇ ਹਨ। ਉਹ ਤਾਂ ਭਰੇ ਘੜੇ ਵਾਂਗ ਸਨ, ਜੋ ਛਲਕਦਾ ਨਹੀਂ ਪਰ ਤ੍ਰੇਹ ਬੁਝਾ ਦਿੰਦਾ ਹੈ। ਉਨ੍ਹਾਂ ਦੀ ਸਿਆਸਤ ਦੀ ਆਵਾਜ ਸਪੀਕਰਾਂ 'ਚ ਨਹੀਂ, ਕੰਮਾਂ 'ਚੋਂ ਸੁਣਾਈ ਦਿੰਦੀ ਸੀ। ਉਨ੍ਹਾਂ ਨੇ ਕਦੇ ਸਬਦਾਂ ਨਾਲ ਧੂੰਆਂ ਨਹੀਂ ਕੀਤਾ; ਅੰਕੜਿਆਂ ਅਤੇ ਨੀਤੀਆਂ ਨਾਲ ਦੇਸ ਦੀ ਤਸਵੀਰ ਬਦਲਣ ਦੀ ਕੋਸ਼ਿਸ਼ ਕੀਤੀ। ਇਹ ਵੀ ਸਾਡੇ ਲੋਕਤੰਤਰ ਦੀ ਵਿਡੰਬਨਾ ਹੀ ਹੈ ਕਿ ਜਿਹੜਾ ਇਨਸਾਨ ਆਪਣੀ ਨਿੱਜੀ ਇਮਾਨਦਾਰੀ ਲਈ ਦੁਨੀਆ ਭਰ 'ਚ ਮਿਸਾਲ ਮੰਨਿਆ ਜਾਂਦਾ ਸੀ, ਉਸ ਨੂੰ ਸਾਲਾਂ ਤੱਕ ਸੱਕ ਦੀ ਸੂਈ 'ਤੇ ਟੰਗੀ ਰੱਖਿਆ ਗਿਆ। ਰਾਜਨੀਤਿਕ ਗਰਮੀ 'ਚ ਇਲਜਾਮਾਂ ਦੀਆਂ ਇੱਟਾਂ ਤਾਂ ਬਹੁਤ ਸੁੱਟੀਆਂ ਗਈਆਂ ਪਰ ਅੱਜ ਸੱਚ ਨੇ ਇੱਕ-ਇੱਕ ਇੱਟ ਦਾ ਜਵਾਬ ਦੇ ਦਿੱਤਾ ਹੈ। ਝੂਠ ਦੀ ਦੌੜ ਭਾਵੇਂ ਤੇਜ ਹੋਵੇ, ਮੰਜ਼ਿਲ 'ਤੇ ਪਹਿਲਾਂ ਸੱਚ ਹੀ ਪਹੁੰਚਦਾ ਹੈ। ਪੰਜਾਬ ਲਈ ਡਾ. ਮਨਮੋਹਨ ਸਿੰਘ ਦਾ ਦਹਾਕਾ ਸਿਰਫ ਇਸ ਲਈ ਮਾਣ ਵਾਲਾ ਨਹੀਂ ਕਿ ਉਹ ਇਸ ਮਿੱਟੀ ਦੇ ਪੁੱਤਰ ਸਨ। ਮਾਣ ਇਸ ਗੱਲ ਦਾ ਹੈ ਕਿ ਦੇਸ ਦੇ ਸਭ ਤੋਂ ਉੱਚੇ ਅਹੁਦੇ 'ਤੇ ਬੈਠ ਕੇ ਵੀ ਉਨ੍ਹਾਂ ਦੇ ਸਿਰ ਦਾ ਤਾਜ ਕਦੇ ਸਿਰ 'ਤੇ ਨਹੀਂ ਚੜ੍ਹਿਆ। ਨਿਮਰਤਾ ਉਨ੍ਹਾਂ ਦੀ ਪਛਾਣ ਰਹੀ। ਉਨ੍ਹਾਂ ਨੇ ਪੰਜਾਬ ਨੂੰ ਕਦੇ ਨਾਅਰਿਆਂ ਨਾਲ ਨਹੀਂ, ਸਗੋਂ ਯੋਜਨਾਵਾਂ, ਸੰਸਥਾਵਾਂ ਅਤੇ ਵਿਕਾਸ ਦੀ ਸੋਚ ਨਾਲ ਜੋੜਿਆ। ਮੋਹਾਲੀ ਨੂੰ ਨਾਲੇਜ ਸਿਟੀ ਵਜੋਂ ਸਥਾਪਤ ਕਰਨ, ਰੋਪੜ 'ਚ ਆਈਆਈਟੀ ਵਰਗੇ ਸੰਸਥਾਨ ਤੇ ਮਾਲਵੇ 'ਚ 2500 ਕਰੋੜ ਦਾ ਸੇਮ ਖਤਮ ਕਰਨ ਅਤੇ ਕਿਸਾਨਾਂ ਦਾ ਕਰਜਾ ਮਾਫ ਕਰਨ ਵਰਗੇ ਪ੍ਰਾਜੈਕਟਾਂ ਲਈ ਉਹ ਹਮੇਸ਼ਾ ਯਾਦ ਕੀਤੇ ਜਾਣਗੇ। ਅੱਜ ਵੀ ਪੰਜਾਬ ਦਾ ਪੜ੍ਹਿਆ-ਲਿਖਿਆ ਵਰਗ ਉਨ੍ਹਾਂ ਨੂੰ ਸਿਰਫ ਇਕ ਪ੍ਰਧਾਨ ਮੰਤਰੀ ਨਹੀਂ, ਸਗੋਂ ਗਿਆਨ, ਸੰਯਮ ਅਤੇ ਸਲੀਕੇ ਦੀ ਮਿਸਾਲ ਵਜੋਂ ਯਾਦ ਕਰਦਾ ਹੈ। ਸਿਆਸਤ 'ਚ ਅਕਸਰ ਉੱਚੀ ਆਵਾਜ ਨੂੰ ਤਾਕਤ ਸਮਝ ਲਿਆ ਜਾਂਦਾ ਹੈ। ਡਾ. ਮਨਮੋਹਨ ਸਿੰਘ ਨੇ ਸਾਬਤ ਕੀਤਾ ਕਿ ਦਰਿਆ ਕਦੇ ਰੌਲਾ ਨਹੀਂ ਪਾਉਂਦੇ, ਰੌਲਾ ਤਾਂ ਨਾਲੇ ਪਾਉਂਦੇ ਹਨ। ਉਹ ਘੱਟ ਬੋਲਦੇ ਸਨ ਪਰ ਜਦੋਂ ਬੋਲਦੇ ਸਨ ਤਾਂ ਸਬਦਾਂ 'ਚ ਵਜਨ ਹੁੰਦਾ ਸੀ। ਉਨ੍ਹਾਂ ਦੀ ਚੁੱਪ ਨੂੰ ਕਈਆਂ ਨੇ ਕਮਜੋਰੀ ਸਮਝਿਆ, ਪਰ ਸਮੇਂ ਨੇ ਦੱਸ ਦਿੱਤਾ ਕਿ ਉਹ ਚੁੱਪ ਇਕ ਸੰਤੁਲਿਤ ਮਨ ਅਤੇ ਸੰਜੀਦਾ ਸਖਸੀਅਤ ਦੀ ਨਿਸਾਨੀ ਸੀ। ਅੱਜ ਦਾ ਫੈਸਲਾ ਸਿਰਫ ਇਕ ਕਾਨੂੰਨੀ ਕਾਰਵਾਈ ਦਾ ਅੰਤ ਨਹੀਂ। ਇਹ ਉਸ ਸਿਆਸਤ ਲਈ ਵੀ ਆਇਨਾ ਹੈ, ਜੋ ਕਈ ਵਾਰ ਦੋਸਾਂ ਨੂੰ ਹੀ ਫੈਸਲਾ ਮੰਨ ਬੈਠਦੀ ਹੈ। ਡਾ. ਮਨਮੋਹਨ ਸਿੰਘ ਅੱਜ ਇਸ ਦੁਨੀਆ 'ਚ ਨਹੀਂ ਹਨ ਪਰ ਉਨ੍ਹਾਂ ਦੇ ਉਹ ਸਬਦ ਹਵਾ 'ਚ ਅਜੇ ਵੀ ਗੂੰਜਦੇ ਹਨ- ਕਿ ਮੇਰੇ ਨਾਲ ਇਤਿਹਾਤ ਇਨਸਾਫ ਕਰੇਗਾ। ਅੱਜ ਲੱਗਦਾ ਹੈ ਕਿ ਇਤਿਹਾਸ ਨੇ ਸਿਰਫ ਇਨਸਾਫ ਹੀ ਨਹੀਂ ਕੀਤਾ, ਸਗੋਂ ਦੇਰ ਨਾਲ ਸਹੀ, ਉਨ੍ਹਾਂ ਦੀ ਸਖਸੀਅਤ 'ਤੇ ਪਈ ਧੂੜ ਵੀ ਝਾੜ ਦਿੱਤੀ ਹੈ। ਕੁਝ ਲੋਕ ਆਪਣੇ ਸਮੇਂ ਦੇ ਨਹੀਂ ਹੁੰਦੇ; ਉਹ ਇਤਿਹਾਸ ਦੇ ਹੁੰਦੇ ਹਨ। ਡਾ. ਮਨਮੋਹਨ ਸਿੰਘ ਅਜਿਹੇ ਹੀ ਲੋਕਾਂ ਵਿੱਚੋਂ ਇਕ ਸਨ।


Australian Sangat Nankana Sahib Charitable Organisation INC
AUSTRALIAN SANGAT NANKANA SAHIB
CHARITABLE ORGANISATION INC.
PROUDLY PRESENTS
YATRA
SRI NANKANA SAHIB
AUSTRALIA TO PAKISTAN
NON - PROFIT ORGANISATION
TOUR STARTING ON
21ST NOV 2026
TOUR RETURNING ON
01ST DEC 2026
FULLY INSURED TOUR I VISA PROCESSING I TRANSPORT WITH SECURITY I INCLUDING RETURN AIR FAIR ACCOMMODATION
BOOK YOUR TOUR ONLINE AT
TICKET SALE HOTLINE 0452 337 387
DRYTICKETS.COM.AU
IT'S FAST, EASY & SECURE
NEW CONCEPTS
SUPA WEB SOLUTIONS
Graphic Ink DESIGN STUDIOS
PROCURE WEALTH
fly
Oz Stone Warehouse
ਅਜੀਤ
ਜਗ ਬਾਣੀ
Fiji Times
Radio Haanji
Friends
FAME EVENTS
Desi AUSTRALIA
FOR BOOKINGS & TOUR ENQUIRY CALL
SARBJIT SINGH 0451 485 661 I PRABHJEET SINGH 0426 824 663
E-MAIL: AUS.NANKANASAHIBYATRA@GMAIL.COM

# ਕਾਰਗਿਲ ਦੇ ਸਬਕ



ਜੁਲਾਈ 1999 ਦੇ ਆਖਰੀ ਹਫਤੇ ਜੰਗ ਖਤਮ ਹੋਈ ਤਾਂ ਕਾਰਗਿਲ ਵਿੱਚ ਤਾਇਨਾਤ 15ਵੀਂ ਕੋਰ ਦੇ ਕਮਾਂਡਰ ਲੈਫਟੀਨੈਂਟ ਜਨਰਲ ਕਿਸਨ ਪਾਲ ਨੇ ਬਹੁਤ ਹੀ ਸੋਚ-ਵਿਚਾਰ ਕਰਕੇ ਬੜੀ ਡੂੰਘੀ ਗੱਲ ਆਖੀ ਸੀ: "ਭਾਰਤੀ ਫੌਜ ਨੂੰ ਹੁਣ ਇਹ ਮੰਨਣਾ ਛੱਡ ਦੇਣਾ ਚਾਹੀਦਾ ਹੈ ਕਿ ਜੰਗ 'ਚ ਮੁੱਖ ਆਸਰਾ ਸਿਰਫ ਪੈਦਲ ਸੈਨਾ ਅਤੇ ਬਖਤਰਬੰਦ ਕੋਰ 'ਤੇ ਹੀ ਹੁੰਦਾ ਹੈ ਸਗੋਂ ਹੁਣ ਸਾਨੂੰ ਆਰਟਿਲਰੀ (ਤੋਪਖਾਨਾ), ਪੈਦਲ ਸੈਨਾ ਅਤੇ ਬਖਤਰਬੰਦ ਕੋਰ ਤਿੰਨਾਂ ਨੂੰ ਹੀ ਭਵਿੱਖ ਦੀਆਂ ਜੰਗਾਂ ਵਿੱਚ ਫੈਸਲਾਕੁੰਨ ਤਾਕਤਾਂ ਵਜੋਂ ਦੇਖਣਾ ਚਾਹੀਦਾ ਹੈ।" ਉਨ੍ਹਾਂ ਅੱਗੇ ਕਿਹਾ, "ਆਰਟਿਲਰੀ (ਤੋਪਖਾਨੇ) ਦੀ ਵਰਤੋਂ ਇੱਕ ਪੂਰੇ ਲੜਾਕੂ ਅੰਗ ਵਜੋਂ ਕੀਤੀ ਗਈ।" ਪੱਕੇ ਇਨਫੈਂਟਰੀ ਜਨਰਲ ਦਾ ਗੰਨਰਾਂ ਪ੍ਰਤੀ ਨਜਰੀਆ ਆਮ ਤੌਰ 'ਤੇ ਬਹੁਤਾ ਲਿਹਾਜਦਾਰੀ ਵਾਲਾ ਨਹੀਂ ਹੁੰਦਾ। ਇਸ ਲਈ ਕਾਰਗਿਲ ਜੰਗ ਦੇ ਤਜਰਬਿਆਂ ਸਦਕਾ ਪਤਾ ਲੱਗੀ ਕਿਸੇ ਅਟੱਲ ਪੇਸੇਵਰ ਸਚਾਈ ਕਾਰਨ ਹੀ ਇਸ ਜਿੱਤ ਮਗਰੋਂ ਲੈਫਟੀਨੈਂਟ ਜਨਰਲ ਕਿਸਨ ਪਾਲ ਨੇ ਅਜਿਹੀ ਟਿੱਪਣੀ ਕੀਤੀ ਹੋਵੇਗੀ। ਆਮ ਲੋਕਾਂ ਅਤੇ ਫੌਜੀ ਇਤਿਹਾਸ ਦੇ ਵਿਦਿਆਰਥੀਆਂ ਨੇ ਬਿਨਾਂ ਕਿਸੇ ਸੱਕ ਦੇ ਇਹ ਮੰਨ ਲਿਆ ਹੈ ਕਿ ਕਾਰਗਿਲ ਵਿੱਚ ਸਾਡੀ ਜਿੱਤ ਦਾ ਅਸਲ ਕਾਰਨ ਆਰਟਿਲਰੀ (ਤੋਪਖਾਨਾ) ਹੀ ਸੀ। ਹੁਣ ਅਸਲ ਸਵਾਲ ਇਹ ਹੈ: ਕੀ ਇਸ ਜੰਗ ਅਤੇ ਟਿੱਪਣੀ ਨੇ ਭਾਰਤੀ ਫੌਜ 'ਤੇ ਇੰਨਾ ਡੂੰਘਾ ਅਸਰ ਛੱਡਿਆ ਹੈ ਕਿ ਉਹ ਫੈਸਲਾਕੁੰਨ ਤਾਕਤ ਵਜੋਂ ਆਰਟਿਲਰੀ ਦੀ ਵਧਦੀ ਅਹਿਮੀਅਤ ਨੂੰ ਖੁੱਲ੍ਹੇ ਦਿਲ ਨਾਲ ਸਵੀਕਾਰ ਕਰਦਿਆਂ ਇਸ ਨੂੰ ਰਸਮੀ ਤੌਰ 'ਤੇ ਪ੍ਰਵਾਨ ਕਰੇਗੀ?

ਪਿਛਲੇ ਕੁਝ ਦਹਾਕਿਆਂ ਵਿੱਚ ਜੰਗ ਦੇ ਸਰੂਪ ਅਤੇ ਤੌਰ-ਤਰੀਕਿਆਂ ਵਿੱਚ ਇਨਕਲਾਬੀ ਤਬਦੀਲੀਆਂ ਆਈਆਂ ਹਨ। ਪਹਿਲੀ ਆਲਮੀ ਜੰਗ ਦੌਰਾਨ ਖਾਈ ਜੰਗ (ਟਰੈਂਚ ਵਾਰਫੇਅਰ) ਨੂੰ ਅਹਿਮ ਮੰਨਿਆ ਗਿਆ, ਦੂਜੀ ਆਲਮੀ ਜੰਗ ਨੇ ਫੌਜਾਂ ਦੇ ਮਸੀਨੀਕਰਨ ਨੂੰ ਉਭਾਰਿਆ ਜਦੋਂਕਿ ਹਾਲੀਆ ਜੰਗਾਂ ਨੇ ਪਾਸਾ ਪਲਟਦਿਆਂ ਜਮੀਨੀ ਗੋਲਾਬਾਰੀ (ਫਾਇਰਪਾਵਰ), ਖਾਸਕਰ ਜਮੀਨੀ ਹਥਿਆਰ ਪ੍ਰਣਾਲੀਆਂ ਨੂੰ ਸਰਬਉੱਚ ਸਾਬਿਤ ਕੀਤਾ ਹੈ। ਇਸੇ ਤਰ੍ਹਾਂ ਆਰਟਿਲਰੀ ਦੀ ਭੂਮਿਕਾ ਅਤੇ ਇਸ ਦੇ ਸਾਜੋ-ਸਾਮਾਨ ਵਿੱਚ ਵੀ ਵੱਡੀਆਂ ਤਬਦੀਲੀਆਂ ਆਈਆਂ ਹਨ। ਆਪਣੇ ਲੰਮੀ ਦੂਰੀ ਤੱਕ ਮਾਰ ਕਰਨ ਵਾਲੇ ਹਥਿਆਰਾਂ, ਡੂੰਘੀ ਨਿਗਰਾਨੀ ਪਹੁੰਚ ਅਤੇ ਆਧੁਨਿਕ ਤਕਨੀਕੀ ਤਾਲਮੇਲ (ਸੈਂਸਰ-ਸੂਟਰ ਕੰਬਾਈਨ) ਨਾਲ ਲੈਸ ਹੋ ਕੇ ਤੋਪਖਾਨਾ ਅਜੋਕੇ ਜੰਗ ਦੇ ਮੈਦਾਨ ਨੂੰ ਓਨਾ ਪ੍ਰਭਾਵਿਤ ਕਰ ਰਿਹਾ ਹੈ ਜਿੰਨਾ ਇਸ ਨੇ ਪਹਿਲਾਂ ਕਦੇ ਨਹੀਂ ਸੀ ਕੀਤਾ। ਇਹ ਦੁਸਮਣ ਨੂੰ ਲਗਾਤਾਰ ਇੱਕੋ ਸਮੇਂ ਕਈ ਪੱਧਰਾਂ 'ਤੇ ਘੇਰ, ਉਨ੍ਹਾਂ ਦੀ ਜੰਗੀ ਤਾਕਤ ਨੂੰ ਭਾਰੀ ਨੁਕਸਾਨ ਪਹੁੰਚਾ ਅਤੇ ਦੁਸਮਣ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਕਮਜੋਰ ਕਰਦਿਆਂ ਉਨ੍ਹਾਂ ਦੀ ਉੱਚ ਲੀਡਰਸ਼ਿਪ ਦੇ ਮਨੋਬਲ ਨੂੰ ਤੋੜ ਸਕਦਾ ਹੈ। ਦਰਅਸਲ, ਜਮੀਨੀ ਗੋਲਾਬਾਰੀ ਫੌਜ ਦਾ ਸਭ ਤੋਂ ਵੱਡਾ ਅਤੇ ਅਜਿੱਤ ਹਥਿਆਰ ਬਣ ਚੁੱਕੀ ਹੈ, ਜਿਸ ਨੇ ਜੰਗ ਦੇ ਪੂਰੇ ਸਰੂਪ ਨੂੰ ਹੀ ਬਦਲ ਕੇ ਰੱਖ ਦਿੱਤਾ ਹੈ।

ਸਾਲਾਂ ਦੇ ਅੰਕੜੇ ਦੱਸਦੇ ਹਨ ਕਿ ਜੰਗ ਦੇ ਮੈਦਾਨ ਵਿੱਚ 82 ਫੀਸਦੀ ਨੁਕਸਾਨ ਤੋਪਖਾਨੇ ਨਾਲ ਕੀਤਾ ਜਾਂਦਾ ਹੈ ਜਦੋਂਕਿ ਬਾਕੀ 18 ਫੀਸਦੀ ਨੁਕਸਾਨ ਹੋਰ ਸਾਧਨਾਂ ਰਾਹੀਂ। ਕਦੇ ਜੰਗ ਦੇ ਮੈਦਾਨ ਵਿੱਚ ਸਿਰਫ ਪ੍ਰਭਾਵ ਪਾਉਣ ਵਾਲੇ ਹਿੱਸੇ ਵਜੋਂ ਜਾਣੇ ਜਾਂਦੇ ਤੋਪਖਾਨੇ ਨੇ ਹੁਣ ਜਿੱਤ ਯਕੀਨੀ ਬਣਾਉਣ ਵਾਲੇ ਦ੍ਰਿੜ ਅਤੇ ਫੈਸਲਾਕੁੰਨ ਜੰਗੀ ਹਥਿਆਰ ਦਾ ਰੂਪ ਧਾਰਨ ਕਰ ਲਿਆ ਹੈ। ਇਸ ਸਭ ਦੇ ਬਾਵਜੂਦ ਇਸ ਨੂੰ ਅਜੇ ਵੀ 'ਲੜਾਕੂ ਸਹਾਇਕ ਅੰਗ' ਹੀ ਮੰਨਿਆ ਜਾਂਦਾ ਹੈ ਜਦੋਂਕਿ ਆਰਮਡ ਕੋਰ, ਮਸੀਨੀਕ੍ਰਿਤ ਪੈਦਲ ਸੈਨਾ (ਮੈਕੇਨਾਈਜਡ ਇਨਫੈਂਟਰੀ) ਅਤੇ ਪੈਦਲ ਸੈਨਾ (ਇਨਫੈਂਟਰੀ) ਨੂੰ 'ਲੜਾਕੂ ਅੰਗ' ਦਾ ਦਰਜਾ ਹਾਸਲ ਹੈ। ਫੌਜ ਵਿੱਚ ਲੜਾਕੂ ਅੰਗ ਹੀ ਰਣਨੀਤੀਆਂ, ਆਪਰੇਸ਼ਨਲ ਹਦਾਇਤਾਂ ਅਤੇ ਜਮੀਨੀ ਪੱਧਰ ਦੀਆਂ ਯੋਜਨਾਵਾਂ ਤਿਆਰ ਕਰਦੇ ਅਤੇ ਫਿਰ ਸਹਾਇਕ ਅੰਗਾਂ ਨੂੰ ਆਪਣੀਆਂ ਯੋਜਨਾਵਾਂ ਵਿੱਚ ਫਿੱਟ ਕਰਦੇ ਹਨ। ਕਾਰਗਿਲ ਦੌਰਾਨ ਭਾਵੇਂ ਸਾਰੀਆਂ ਜੰਗੀ ਯੋਜਨਾਵਾਂ ਪੈਦਲ ਸੈਨਾ ਵੱਲੋਂ ਹੀ ਬਣਾਈਆਂ ਗਈਆਂ ਸਨ, ਪਰ ਹਾਲਾਤ ਦੀ ਮਜਬੂਰੀ ਕਾਰਨ ਉਨ੍ਹਾਂ ਨੂੰ ਫਾਇਰਪਾਵਰ ਆਸਰੇ ਹੀ ਅੰਜਾਮ ਦਿੱਤਾ ਗਿਆ। ਜੰਗ ਦਾ ਬਦਲਦਾ ਸਰੂਪ ਸਪੱਸਟ ਤੌਰ 'ਤੇ ਮੰਗ ਕਰਦਾ ਹੈ ਕਿ ਇਸ ਪੂਰੇ ਚੱਕਰ ਨੂੰ ਉਲਟਾਇਆ ਜਾਵੇ ਅਤੇ ਫਾਇਰਪਾਵਰ ਦੀ ਕੇਂਦਰੀ ਭੂਮਿਕਾ ਨੂੰ ਅਧਿਕਾਰਤ ਤੌਰ 'ਤੇ ਸਵੀਕਾਰ ਕੀਤਾ ਜਾਵੇ।

ਦਿਲਚਸਪ ਗੱਲ ਇਹ ਹੈ ਕਿ ਕਾਰਗਿਲ ਵਿੱਚ ਤੋਪਖਾਨੇ ਦੀ ਵਰਤੋਂ ਰਵਾਇਤੀ ਸਹਾਇਕ ਭੂਮਿਕਾ ਵਜੋਂ ਨਹੀਂ ਸਗੋਂ ਇੱਕ ਘਾਤਕ ਹਮਲਾਵਰ ਹਥਿਆਰ ਵਜੋਂ ਕੀਤੀ ਗਈ ਸੀ, ਜਿਸ ਦਾ ਦੁਸਮਣ ਕੋਲ ਕੋਈ ਜਵਾਬ ਨਹੀਂ ਸੀ। ਇਸੇ ਲਈ ਦੁਸ਼ਮਣ ਨਿਰਾਸ ਅਤੇ ਖੌਫਜਦਾ ਸੀ। ਤੋਪਖਾਨੇ ਕੋਲ ਜਿੱਤ ਲਈ ਸਾਰੇ ਢੰਗ-ਤਰੀਕੇ ਸਨ, ਜਿਸ ਨੇ ਉਨ੍ਹਾਂ ਦੀ ਬਾਖੂਬੀ ਵਰਤੋਂ ਕੀਤੀ। ਇਹ ਪਾਸਾ ਪਲਟ ਦੇਣ ਵਾਲਾ ਅਜਿਹਾ ਕਦਮ ਸੀ, ਜਿਸ ਨੇ ਸਾਡੇ ਬਹਾਦਰ ਪੈਦਲ ਸੈਨਿਕਾਂ ਨੂੰ ਉੱਚੀਆਂ ਚੋਟੀਆਂ ਤੱਕ ਪਹੁੰਚਣ ਅਤੇ ਦੁਸਮਣ ਨੂੰ ਫੈਸਲਾਕੁੰਨ ਤੌਰ 'ਤੇ ਹਰਾਉਣ ਦੇ ਯੋਗ ਬਣਾਇਆ। ਇਸ ਗੋਲਾਬਾਰੀ ਦੀ ਤਾਕਤ ਤੋਂ ਬਿਨਾਂ ਉਨ੍ਹਾਂ ਵੱਲੋਂ ਦੁਸਮਣ ਦਾ ਮੁਕਾਬਲਾ ਕਰਨਾ ਔਖਾ ਹੋਣਾ ਸੀ। ਇੰਨਾ ਹੀ ਨਹੀਂ, 12 ਜੂਨ ਨੂੰ ਤੋਲੋਲਿੰਗ ਅਤੇ ਫਿਰ 7 ਜੁਲਾਈ ਨੂੰ ਪਿੰਪਲ- ਵਿਖੇ ਪੁਆਇੰਟ 4875 ਕੰਪਲੈਕਸ ਵਿੱਚ ਹੋਏ ਦੋ ਕੰਪਨੀ ਹਮਲਿਆਂ ਦੌਰਾਨ ਕੰਪਨੀ ਕਮਾਂਡਰ ਸਹੀਦ ਹੋ ਗਏ ਤਾਂ ਅੱਗੇ ਤਾਇਨਾਤ ਫਾਰਵਰਡ ਆਬਜਰਵੇਸਨ ਅਫਸਰਾਂ ਨੇ ਖੁਦ ਕੰਪਨੀਆਂ ਦੀ ਕਮਾਂਡ ਸੰਭਾਲੀ ਅਤੇ ਉਨ੍ਹਾਂ ਨੂੰ ਸਫਲਤਾ ਦਿਵਾਈ।

ਦੁਨੀਆ ਦੀਆਂ ਸਭ ਤੋਂ ਉੱਨਤ ਫੌਜਾਂ ਖਾਸਕਰ ਰੂਸ, ਅਮਰੀਕਾ ਅਤੇ ਕੈਨੇਡਾ ਆਦਿ ਵਿੱਚ ਤੋਪਖਾਨੇ ਨੂੰ ਮਾਨਤਾ ਪ੍ਰਾਪਤ ਲੜਾਕੂ ਅੰਗ ਮੰਨਿਆ ਜਾਂਦਾ ਹੈ। ਹਿੰਦੋਸਤਾਨੀ ਉਪ-ਮਹਾਂਦੀਪ ਦੀ ਸੱਤਾ 'ਤੇ ਕਾਬਜ ਬਰਤਾਨਵੀਆਂ ਨੇ ਉਦੋਂ ਤੋਪਖਾਨੇ ਨੂੰ ਸਹਾਇਕ ਅੰਗ ਦਾ ਦਰਜਾ ਦਿੱਤਾ ਸੀ। ਇਸ ਵਿਰਾਸਤ ਨੂੰ ਆਜਾਦ ਭਾਰਤ ਅਤੇ ਪਾਕਿਸਤਾਨ ਦੋਵਾਂ ਨੇ ਅੱਗੇ ਤੋਰਿਆ।

ਗੋਲਾਬਾਰੀ ਦੀ ਤਾਕਤ ਦੀ ਅਹਿਮੀਅਤ ਨੂੰ ਸਮਝਦਿਆਂ ਪਾਕਿਸਤਾਨ ਨੇ ਤਾਂ ਤੋਪਖਾਨੇ ਨੂੰ ਤੁਰੰਤ ਲੜਾਕੂ ਅੰਗ ਦਾ ਦਰਜਾ ਦੇ ਦਿੱਤਾ ਜਦੋਂਕਿ ਭਾਰਤੀ ਫੌਜ ਅਜੇ ਵੀ ਇਸ ਮਾਮਲੇ ਵਿੱਚ ਟਾਲ-ਮਟੋਲ ਕਰ ਰਹੀ ਹੈ। ਅਜੋਕੀਆਂ ਜੰਗਾਂ ਵਿੱਚ ਗੋਲਾਬਾਰੀ ਦੀ ਤਾਕਤ ਜਾਨੀ-ਮਾਲੀ ਨੁਕਸਾਨ ਨੂੰ ਬਹੁਤ ਘਟਾਉਂਦਿਆਂ ਬਾਜੀ ਆਪਣੇ ਪੱਖ ਵਿੱਚ ਪਲਟਣ ਵਿੱਚ ਨਿਵੇਕਲੀ ਭੂਮਿਕਾ ਨਿਭਾਉਂਦੀ ਹੈ। ਗੋਲਾਬਾਰੀ ਅਤੇ ਫੌਜੀ ਹਰਕਤ (ਫਾਇਰ ਐਂਡ ਮੈਨੂਵਰ) ਦਾ ਪੁਰਾਣਾ ਸਿਧਾਂਤ ਵੀ ਹੁਣ ਬਦਲ ਰਿਹਾ ਹੈ। ਹੁਣ ਫੌਜ ਦੀ ਹਰਕਤ ਜਾਂ ਘੇਰਾਬੰਦੀ ਦਾ ਮਕਸਦ ਸਿਰਫ ਗੋਲਾਬਾਰੀ ਰਾਹੀਂ ਬਣੇ ਮੌਕੇ ਦਾ ਲਾਭ ਉਠਾਉਣਾ ਹੁੰਦਾ ਹੈ, ਨਾ ਕਿ ਇਸ ਤੋਂ ਉਲਟ। ਜੰਗ ਦੇ ਅੰਤ ਵਿੱਚ ਲੈਫਟੀਨੈਂਟ ਜਨਰਲ ਕਿਸਨ ਪਾਲ ਨੇ ਬਿਨਾਂ ਕਿਸੇ ਝਿਜਕ ਤੋਂ ਤੋਪਖਾਨੇ ਨੂੰ ਇੱਕ ਲੜਾਕੂ ਅੰਗ ਵਜੋਂ ਸਵੀਕਾਰ ਕੀਤਾ ਅਤੇ ਜੋਰ ਦੇ ਕੇ ਕਿਹਾ ਕਿ 'ਗੰਨਰਾਂ (ਤੋਪਚੀਆਂ) ਨੇ ਇੱਕ ਵਾਰ ਫਿਰ ਜੰਗ ਦੇ ਮੈਦਾਨ ਵਿੱਚ ਗੋਲਾਬਾਰੀ ਦੀ ਤਾਕਤ ਦਾ ਰਣਨੀਤਕ ਦਬਦਬਾ ਸਾਬਿਤ ਕਰ ਦਿੱਤਾ ਹੈ ਅਤੇ ਆਪਣੀ ਬਹਾਦਰੀ ਤੇ ਪੇਸੇਵਰ ਮੁਹਾਰਤ ਸਦਕਾ ਦੇਸ ਦਾ ਮਾਣ ਵਧਾਇਆ ਹੈ'। ਉਨ੍ਹਾਂ ਦੀ ਇਹ ਦੂਰਅੰਦੇਸੀ ਜੰਗ ਦੇ ਬਦਲਦੇ ਸਰੂਪ ਤੋਂ ਪੂਰੀ ਤਰ੍ਹਾਂ ਸਹੀ ਸਾਬਿਤ ਹੁੰਦੀ ਹੈ। ਜੰਗ ਦੇ ਮੈਦਾਨ ਵਿੱਚ ਗੋਲਾਬਾਰੀ ਵੱਲ ਵਧ ਰਹੇ ਇਸ ਰੁਝਾਨ ਦੀ ਉਦਾਹਰਣ ਸਤੰਬਰ 2020 ਦੀ ਅਜਰਬਾਇਜਾਨ-ਅਰਮੀਨੀਆ ਜੰਗ ਵਿੱਚ ਦੇਖਣ ਨੂੰ ਮਿਲੀ, ਜਿੱਥੇ ਹਥਿਆਰਬੰਦ ਡਰੋਨਾਂ ਨੇ ਬਾਜੀ ਅਜਰਬਾਇਜਾਨ ਦੇ ਪੱਖ ਵਿੱਚ ਪਲਟ ਦਿੱਤੀ ਸੀ। ਸਾਲ 2022 ਤੋਂ ਚੱਲ ਰਹੀ ਰੂਸ-ਯੂਕਰੇਨ ਜੰਗ ਵੱਡੇ ਪੱਧਰ 'ਤੇ ਫੌਜਾਂ ਦੇ ਕੂਚ ਅਤੇ ਦਾਅਪੇਚਾਂ ਨਾਲ ਸੁਰੂ ਹੋਈ ਸੀ, ਜੋ ਸਮੇਂ ਨਾਲ ਆਪਣੀ ਉਸ ਸੁਰੂਆਤੀ ਰਫਤਾਰ ਨੂੰ ਗੁਆ ਬੈਠੀ ਅਤੇ ਆਖਰ ਇੱਕ-ਦੂਜੇ 'ਤੇ ਗੋਲਾਬਾਰੀ ਕਰਨ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਭਾਰਤ ਅਤੇ ਪਾਕਿਸਤਾਨ ਵਿਚਕਾਰ 7 ਤੋਂ 10 ਮਈ 2025 ਤੱਕ ਚੱਲੀ ਚਾਰ ਦਿਨਾਂ ਦੀ ਕਾਰਵਾਈ 'ਅਪਰੇਸ਼ਨ ਸਿੰਧੂਰ' ਪੂਰੀ ਤਰ੍ਹਾਂ ਗੋਲਾਬਾਰੀ, ਮਿਜਾਈਲਾਂ ਅਤੇ ਤੋਪਖਾਨੇ ਉੱਤੇ ਹੀ ਨਿਰਭਰ ਸੀ। ਅਮਰੀਕਾ-ਇਰਾਨ ਜੰਗ ਵਿੱਚ ਵੀ ਪੂਰਾ ਧਿਆਨ ਵੱਖ-ਵੱਖ ਪਲੈਟਫਾਰਮਾਂ ਰਾਹੀਂ ਕੀਤੀ ਜਾਣ ਵਾਲੀ ਗੋਲਾਬਾਰੀ, ਐਨ ਟਿਕਾਣੇ 'ਤੇ ਲੱਗਣ ਵਾਲੀਆਂ ਮਿਜਾਈਲਾਂ, ਰਾਕੇਟਾਂ ਅਤੇ ਡਰੋਨਾਂ ਉੱਤੇ ਹੀ ਰਿਹਾ ਹੈ। ਕਾਰਗਿਲ ਯੁੱਧ ਵਿੱਚ ਤੋਪਖਾਨੇ ਦੇ ਸਾਨਦਾਰ ਯੋਗਦਾਨ ਤੋਂ ਪ੍ਰੇਰਿਤ ਹੋ ਕੇ ਦਿੱਲੀ ਵਿੱਚ ਫੌਜ ਦੇ ਮੁੱਖ ਹੈੱਡਕੁਆਰਟਰ ਵਿੱਚ ਤੋਪਖਾਨੇ ਨੂੰ ਲੜਾਕੂ ਅੰਗ ਦਾ ਦਰਜਾ ਦੇਣ ਲਈ ਜੋਰਦਾਰ ਮੰਗ ਉੱਠੀ ਸੀ। ਫਿਰ ਅਚਾਨਕ ਪਾਸਾ ਪਲਟਦਿਆਂ ਉੱਚ ਫੌਜੀ ਲੀਡਰਸ਼ਿਪ ਨੇ ਇਸ ਵਿਚਾਰ ਦਾ ਸਮਰਥਨ ਨਹੀਂ ਕੀਤਾ ਅਤੇ ਇਸ ਨੂੰ ਠੰਢੇ ਬਸਤੇ ਵਿੱਚ ਪਾ ਦਿੱਤਾ। ਕਾਰਗਿਲ ਜੰਗ ਲੜਨ ਵਾਲੇ ਜਨਰਲ ਅਫਸਰਾਂ ਅਤੇ ਭਾਰਤੀ ਫੌਜ ਦੇ ਆਮ ਜਵਾਨਾਂ ਵੱਲੋਂ ਤੋਪਖਾਨੇ ਦੇ ਸਾਨਦਾਰ ਯੋਗਦਾਨ ਬਾਰੇ ਦਿੱਤੇ ਗਏ ਸਾਰੇ ਮਜਬੂਤ ਤੇ ਸਕਾਰਾਤਮਕ ਬਿਆਨ ਫੌਜ ਦੇ ਮੁੱਖ ਹੈੱਡਕੁਆਰਟਰ ਵਿੱਚ ਬੈਠੇ ਅਧਿਕਾਰੀਆਂ ਨੂੰ ਉਸੇ ਰੂਪ ਵਿੱਚ ਪ੍ਰਭਾਵਿਤ ਨਹੀਂ ਕਰ ਸਕੇ। ਭਾਰਤ ਦੀ ਉੱਚ ਫੌਜੀ ਲੀਡਰਸ਼ਿਪ ਆਪਣੇ ਰਵਾਇਤੀ ਨਜਰੀਏ ਕਾਰਨ ਜੰਗ ਦੇ ਮੈਦਾਨ ਦੀਆਂ ਅਸਲ ਜਮੀਨੀ ਹਕੀਕਤਾਂ ਨੂੰ ਦਰਕਿਨਾਰ ਕਰ ਰਹੀ ਜਾਪਦੀ ਹੈ। ਜਾਪਦਾ ਹੈ ਕਿ ਉਨ੍ਹਾਂ ਦੇ ਇਹ ਖਦਸੇ ਆਪਣੇ ਵਿਸੇਸ ਅਧਿਕਾਰ ਖੇਤਰ ਦੇ ਘੱਟ ਹੋਣ ਦੇ ਡਰੋਂ ਪੈਦਾ ਹੋਏ ਸਨ। ਇਹ ਰੁਝਾਨ ਸਾਂਤੀ ਦੇ ਸਮੇਂ ਵੀ ਵੱਡੇ ਪੱਧਰ 'ਤੇ ਮਾੜੇ ਪ੍ਰਭਾਵ ਛੱਡਦਾ ਹੈ, ਜਿੱਥੇ ਤਰੱਕੀਆਂ ਅਤੇ ਰੁਤਬੇ ਦੇ ਮਾਮਲੇ ਵਿੱਚ ਕੰਬੈਟ ਆਰਮਜ ਨੂੰ ਲੜਾਕੂ ਸਹਾਇਕ ਅੰਗਾਂ ਨਾਲੋਂ ਜ਼ਿਆਦਾ ਤਰਜੀਹ ਮਿਲਦੀ ਹੈ। ਇੱਥੋਂ ਤੱਕ ਕਿ ਲੜਾਕੂ ਸਹਾਇਕ ਅੰਗਾਂ ਦੇ ਔਸਤ ਤੋਂ ਉੱਪਰ (ਬਿਹਤਰ) ਕਾਰਗੁਜਾਰੀ ਵਾਲੇ ਅਫਸਰ ਨੂੰ ਪਿੱਛੇ ਛੱਡ ਕੇ ਲੜਾਕੂ ਅੰਗਾਂ ਦਾ ਇੱਕ ਸਾਧਾਰਨ ਅਫਸਰ ਵੀ ਬਾਜੀ ਮਾਰ ਜਾਂਦਾ ਹੈ ਅਤੇ ਉਸ ਨੂੰ ਅਹਿਮ ਕੋਰਸਾਂ ਤੇ ਉੱਚ ਅਹੁਦਿਆਂ ਦੀਆਂ ਤਰੱਕੀਆਂ ਲਈ ਤਰਜੀਹ ਦਿੱਤੀ ਜਾਂਦੀ ਹੈ।

ਸਾਬਕਾ ਡਾਇਰੈਕਟਰ ਜਨਰਲ ਔਫ ਆਰਟਿਲਰੀ, ਲੈਫਟੀਨੈਂਟ ਜਨਰਲ ਕੇ ਐੱਸ ਰਾਓ ਦੀ ਇੱਕ ਦਿਲਚਸਪ ਟਿੱਪਣੀ ਦਾ ਜ਼ਿਕਰ ਕਰਨਾ ਬਣਦਾ ਹੈ, "ਦੂਜਾ ਸਭ ਤੋਂ ਵੱਡਾ ਲੜਾਕੂ ਅੰਗ ਹੋਣ ਨਾਤੇ ਤੋਪਖਾਨਾ ਅਫਸਰਾਂ ਦੇ ਕਾਡਰ ਦਾ 28 ਫੀਸਦੀ ਹਿੱਸਾ ਹੈ ਜਦੋਂਕਿ ਪੈਦਲ ਸੈਨਾ (ਇਨਫੈਂਟਰੀ) 40 ਫੀਸਦੀ। ਜਦੋਂ ਲੈਫਟੀਨੈਂਟ ਜਨਰਲਾਂ ਦੀ ਗੱਲ ਆਉਂਦੀ ਹੈ ਤਾਂ ਮੌਜੂਦਾ ਸਮੇਂ ਵਿੱਚ ਪੈਦਲ ਸੈਨਾ ਦੇ 57 ਜਨਰਲ ਹਨ ਜਦੋਂਕਿ ਤੋਪਖਾਨੇ ਦੇ ਹਿੱਸੇ ਮਹਿਜ ਚਾਰ ਜਨਰਲ ਹੀ ਆਏ ਹਨ।" ਇਹ ਅਸੰਤੁਲਨ ਹੈਰਾਨੀਜਨਕ ਹੈ, ਜਿਸ ਨੂੰ ਦੂਰ ਕੀਤੇ ਜਾਣ ਦੀ ਲੋੜ ਹੈ। ਫਾਇਰਪਾਵਰ ਦੇ ਦਬਦਬੇ ਵਾਲੇ ਇਸ ਦੌਰ ਵਿੱਚ ਗੋਲਾਬਾਰੀ ਦੇ ਮਾਹਿਰਾਂ ਨੂੰ ਸਿਖਰਲੇ ਪੱਧਰ ਦੀ ਰਣਨੀਤਕ ਯੋਜਨਾਬੰਦੀ ਤੋਂ ਬਾਹਰ ਰੱਖਣਾ ਦੇਸ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਿਆਂ ਗੰਭੀਰ ਕਮਜੋਰੀਆਂ ਪੈਦਾ ਕਰ ਸਕਦਾ ਹੈ। ਸਿੱਟੇ ਵਜੋਂ ਅਜੋਕੇ ਦੌਰ ਵਿੱਚ ਤੋਪਖਾਨਾ ਇੱਕ ਰਣਨੀਤਕ ਹਥਿਆਰ ਦਾ ਰੂਪ ਧਾਰ ਚੁੱਕਾ ਹੈ ਅਤੇ ਜੰਗਾਂ ਦਾ ਫੈਸਲਾ ਮੁੱਖ ਤੌਰ 'ਤੇ ਤੋਪਖਾਨੇ ਰਾਹੀਂ ਹੀ ਹੋਣ ਲੱਗਾ ਹੈ ਤਾਂ ਇਸ ਨੂੰ ਸਹਾਇਕ ਲੜਾਕੂ ਅੰਗ ਗਰਦਾਨਣਾ ਵੱਡੀ ਗਲਤੀ ਹੋਵੇਗੀ। ਫੌਜੀ ਉੱਚ-ਕਮਾਂਡ ਨੂੰ ਆਪਣੇ ਇਸ ਅਵੇਸਲੇਪਣ ਵਿੱਚੋਂ ਬਾਹਰ ਨਿਕਲਣਾ ਚਾਹੀਦਾ ਹੈ ਅਤੇ ਦੁਨੀਆ ਭਰ ਵਿੱਚ ਲੜੀਆਂ ਗਈਆਂ ਜੰਗਾਂ ਕਾਰਗਿਲ, ਅਰਮੀਨੀਆ-ਅਜਰਬਾਇਜਾਨ ਜੰਗ, ਰੂਸ-ਯੂਕਰੇਨ ਜੰਗ, ਅਪਰੇਸ਼ਨ ਸਿੰਧੂਰ ਅਤੇ ਅਮਰੀਕਾ-ਇਰਾਨ ਜੰਗ ਤੋਂ ਸਬਕ ਲੈ ਕੇ ਆਪਣੀਆਂ ਹਥਿਆਰਬੰਦ ਸੈਨਾਵਾਂ ਦਾ ਪੁਨਰਗਠਨ ਕਰਨਾ ਚਾਹੀਦਾ ਹੈ ਅਤੇ ਤੋਪਖਾਨੇ ਨੂੰ ਪੂਰੇ ਲੜਾਕੂ ਅੰਗ ਦਾ ਦਰਜਾ ਦੇਣਾ ਚਾਹੀਦਾ ਹੈ। ਇਹ ਕਦਮ ਅਪਰੇਸ਼ਨਲ ਅਤੇ ਵਿੱਤੀ ਤੌਰ 'ਤੇ ਇੱਕ ਵੱਡੀ ਛਾਲ ਹੋਵੇਗਾ, ਜੋ ਫੌਜੀ ਮਾਮਲਿਆਂ ਵਿੱਚ ਇਸ ਨੂੰ ਵਿੱਤੀ ਪੱਖ ਤੋਂ ਸਭ ਨਾਲੋਂ ਵੱਧ ਪ੍ਰਭਾਵਸਾਲੀ ਸੁਧਾਰ ਬਣਾ ਦੇਵੇਗਾ। ਜੰਗ ਦੇ ਬਦਲਦੇ ਰੁਝਾਨਾਂ ਦੇ ਮੱਦੇਨਜਰ ਕੁਝ ਹੀ ਸਮੇਂ ਵਿੱਚ ਤੋਪਖਾਨਾ ਆਪਣੇ ਬਣਦੇ ਹੱਕ ਵਜੋਂ ਪ੍ਰਮੁੱਖ ਲੜਾਕੂ ਅੰਗ ਦਾ ਦਰਜਾ ਹਾਸਲ ਕਰ ਲਵੇਗਾ। ਜਿੰਨੀ ਜਲਦੀ ਅਜਿਹਾ ਹੋ ਸਕੇ, ਓਨਾ ਹੀ ਚੰਗਾ ਹੋਵੇਗਾ।

ਲਖਵਿੰਦਰ ਸਿੰਘ

# ਭਾਰਤੀ ਪ੍ਰੀਖਿਆਵਾਂ 'ਚ ਭ੍ਰਿਸ਼ਟਾਚਾਰ



ਭਾਰਤ 'ਚ ਪ੍ਰੀਖਿਆਵਾਂ ਵਿਦਿਆਰਥੀਆਂ ਦੀ ਤਰੱਕੀ, ਚੋਣ ਅਤੇ ਮੁਲਾਂਕਣ ਲਈ ਬਹੁਤ ਮਹਤਵਪੂਰਨ ਹਨ। ਇਹ ਸਿੱਖਿਆ ਪ੍ਰਣਾਲੀ ਦਾ ਇਕ ਬੁਨਿਆਦੀ ਹਿੱਸਾ ਹਨ। ਭਾਰਤ 'ਚ ਪ੍ਰਚਲਤ ਪ੍ਰੀਖਿਆਵਾਂ ਦੇ ਵਰਗੀਕਰਨ 'ਚ ਬੋਰਡ ਪ੍ਰੀਖਿਆਵਾਂ (ਸਕੂਲ ਬੋਰਡ ਪ੍ਰੀਖਿਆਵਾਂ ਜਿਵੇਂ ਸੀਬੀਐੱਸਈ, ਆਈਸੀਐੱਸਈ, ਸਟੇਟ ਬੋਰਡ ਆਦਿ), ਸਕੂਲ ਸਿੱਖਿਆ ਦੇ ਮੁਲਾਂਕਣ ਲਈ ਦਾਖਲਾ/ਪ੍ਰਵੇਸ਼ ਪ੍ਰੀਖਿਆਵਾਂ (ਇੰਜ਼ੀਨਿਆਰਿੰਗ/ਜੇ.ਈ.ਈ) ਮੈਡੀਕਲ (ਨੀਟ), ਲਾਅ (ਸੀਐੱਲਏਟੀ), ਮੈਨੇਜਮੈਂਟ (ਸੀਏਟੀ), ਯੂਨੀਵਰਸਿਟੀ ਲੈਵਲ (ਸੀਯੂਈਟੀ), ਨੌਕਰੀ/ਭਰਤੀ ਲਈ ਮੁਕਾਬਲੇ ਦੀਆਂ ਪ੍ਰੀਖਿਆਵਾਂ (ਯੂਪੀਐੱਸਸੀ ਦੀਆਂ ਸਿਵਲ ਸਰਵਿਸ ਸੇਵਾਵਾਂ ਪ੍ਰੀਖਿਆਵਾਂ, ਸਟੇਟ ਪਬਲਿਕ ਸਰਵਿਸ ਕਮਿਸ਼ਨ ਦੀਆਂ ਪ੍ਰੀਖਿਆਵਾਂ ਆਦਿ) ਬੈਕਿੰਗ, ਰੇਲਵੇ, ਡੀਫੈਂਸ (ਐੱਨਡੀਏ, ਸੀਡੀਐੱਸ), ਯੁਨੀਵਰਸਿਟੀ (ਵਿਦਿੱਅਕ ਸਮੈਸਟਰ/ਸਲਾਨਾਂ ਪ੍ਰੀਖਿਆਵਾਂ)। ਐਸੀਆਂ ਸਾਰੀਆਂ ਪ੍ਰੀਖਿਆਵਾਂ ਲਿਖਤੀ, ਜਬਾਨੀ, ਪ੍ਰੈਕਟੀਕਲ ਸੰਸਥਾਵਾਂ ਦੇ ਉਦੇਸ਼ਾਂ ਅਨੁਸਾਰ ਅਬਜੈਕਟਿਵ/ ਸਬਜੈਕਟਿਵ ਆਦਿ ਹੋ ਸਕਦੀਆਂ ਹਨ।

ਭਾਰਤੀ ਪ੍ਰੀਖਿਆ ਪ੍ਰਨਾਲੀ ਰੋਟ ਲਰਨਿੰਗ (ਯਾਦ ਸ਼ਕਤੀ) ਆਧਾਰਿਤ ਹੋਣ ਕਾਰਨ ਵਿਦਿਆਰਥੀਆਂ 'ਚ ਰਚਨਾਤਮਕਤਾ ਅਤੇ ਅਪਲਾਈ ਕਰਨ ਦੀ ਯੋਗਤਾ ਦਾ ਮੂਲਾਂਕਣ ਨਹੀਂ ਕਰਦੀਆਂ। ਵਿਦਿਆਰਥੀ ਅਤੇ ਪ੍ਰੀਖਿਆਰਥੀ ਬਹੁਤ ਜ਼ਿਆਦਾ ਦਬਾਅ ਤੇ ਤਣਾਅ 'ਚ ਰਹਿੰਦੇ ਹਨ। ਨੀਟ/ਜੇਈਈ ਵਰਗੀਆਂ ਪ੍ਰੀਖਿਆਵਾਂ 'ਚ ਪੇਪਰ ਲੀਕੇ-ਬੇਈਮਾਨੀ ਦੀਆਂ ਘਟਨਾਵਾਂ ਆਦਿ ਹੁੰਦੀਆਂ ਰਹਿੰਦੀਆਂ ਹਨ, ਜਿਸ ਕਾਰਨ ਪ੍ਰੀਖਿਆ ਪ੍ਰਨਾਲੀ ਅਤੇ ਪ੍ਰੀਖਿਆ ਸੰਚਾਲਕਾਂ 'ਚ ਲੋਕਾਂ ਦਾ ਵਿਸ਼ਵਾਸ ਘੱਟਦਾ ਜਾ ਰਿਹਾ ਹੈ। ਪ੍ਰੀਖਿਆਵਾਂ 'ਚ ਸੁਧਾਰ ਲਿਆਉਣਾ, ਐਨਟੀਲੀਕ ਤਕਨੀਕ (ਡੀਜ਼ਿਟਲ ਲਾਕਿੰਗ), ਬਿਹਤਰ ਨਿਗਰਾਨੀ ਅਤੇ ਪਾਰਦਰਸ਼ੀ ਮੂਲਾਂਕਣ ਨੂੰ ਅਪਨਾਉਣ ਦੀ ਲੋੜ ਹੈ। ਵਿਦਿਆਰਥੀਆਂ ਦੇ ਮਾਨਸਿਕ ਤਣਾਅ ਨੂੰ ਘਟਾਉਣ ਲਈ ਮਾਨਸਿਕ ਸਿਹਤ, ਖੇਡਾਂ ਅਤੇ ਐਕਸਟਰਾ ਕਾਰੀਕੂਲਰ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਗਰੇਡਿੰਗ ਸਿਸਟਮ 'ਚ ਸੁਧਾਰ, ਆਨਲਾਈਨ ਪ੍ਰੀਖਿਆਵਾਂ, ਏਆਈ ਮੂਲਾਂਕਣ ਲਈ ਬਿਹਤਰ ਟੂਲ ਦੀ ਜ਼ਰੂਰਤ ਹੈ। ਐਸੀਆਂ ਤਬਦੀਲੀਆਂ ਲਾਗੂ ਕਰਨ ਲਈ ਸਰਕਾਰ, ਸੰਸਥਾਵਾਂ ਅਤੇ ਸਮਾਜ ਨੂੰ ਸਾਂਝਾ ਹੰਭਲਾ ਮਾਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ ਵੱਖ-ਵੱਖ ਦੇਸ਼ਾਂ ਵਿਚਾਲੇ ਵਿਦਿਆਰਥੀਆਂ ਦੀ ਗੁਣਵੱਤਾ ਲਿਟਰੇਸੀ ਅਤੇ ਸਕਿੱਲਜ਼ ਦੀ ਤੁਲਨਾ ਕਰਨ ਲਈ ਕਈ ਮੂਲਾਂਕਣ ਪ੍ਰਣਾਲੀਆਂ ਵਰਤੀਆਂ ਜਾਂਦੀਆਂ ਹਨ, ਜੋ ਰੋਟ ਲਰਨਿੰਗ ਦੀ ਬਜਾਏ ਅਪਲਾਈਡ ਨਾਲੇਜ, ਸਮੱਸਿਆਂ ਦਾ ਹੱਲ ਅਤੇ ਰੀਅਲ ਲਾਈਫ਼ ਐਪਲੀਕੇਸ਼ਨ ਉੱਤੇ ਫੋਕਸ ਕਰਦੀਆਂ ਹਨ, ਜੋ ਵਿਦਿਆਰਥੀਆਂ ਦੇ ਮੂਲਾਂਕਣ ਲਈ ਸਹਾਈ ਹੋ ਸਕਦੀਆਂ ਹਨ।

ਭਾਰਤ 'ਚ ਸਮੇਂ-ਸਮੇਂ ਕਰਵਾਈਆਂ ਜਾ ਰਹੀਆਂ ਅਕਾਦਮਿਕ ਅਤੇ ਭਰਤੀ ਪ੍ਰੀਖਿਆਵਾਂ 'ਚ ਬੇਈਮਾਨੀ, ਭ੍ਰਿਸ਼ਟਾਚਾਰ ਅਤੇ ਪੇਪਰ ਲੀਕੇਜ਼/ਪੇਪਰ ਵਿਕਰੀ ਦੀਆਂ ਘੱਟਨਾਵਾਂ ਵੱਧਣ ਨਾਲ ਵਿਦਿਆਰਥੀਆਂ 'ਚ ਸਰਕਾਰ ਅਤੇ ਪ੍ਰਸ਼ਾਸਨ ਵਿੱਰੁਧ ਵਧਦਾ ਰੋਸ ਸੜਕਾਂ ਨੂੰ ਜਾਮ ਕਰ ਰਿਹਾ ਹੈ। ਤਾਜ਼ਾ ਮਿਸਾਲ ਜੰਤਰ-ਮੰਤਰ, ਦਿੱਲੀ ਅਤੇ ਹੋਰ ਥਾਵਾਂ ਤੇ ਵਿਦਿਆਥੀਆਂ ਅਤੇ ਹੋਰ ਜਥੇਬੰਦੀਆਂ ਵੱਲੋਂ ਲੱਗ ਰਹੇ ਧਰਨੇ ਹਨ। ਜ਼ਿਕਰਯੋਗ ਹੈ ਕਿ ਪ੍ਰੀਖਿਆ ਪੇਪਰ ਲੀਕੇਜ਼ ਨੂੰ ਰੋਕਣ ਅਤੇ ਪ੍ਰੀਖਿਆਵਾਂ 'ਚ ਸੁਧਾਰ ਲਿਆਉਣ ਲਈ ਕੇਂਦਰ ਸਰਕਾਰ ਵੱਲੋਂ ਸੰਸਦ 'ਚ ਪ੍ਰੀਖਿਆ ਸੋਧ ਬਿੱਲ ਪੇਸ਼ ਕਰਨ ਦੇ ਨਾਲ-ਨਾਲ ਕੇਂਦਰ ਸਰਕਾਰ ਵੱਲੋਂ ਉੱਚ-ਪੱਧਰੀ ਟਾਸਕ ਫੋਰਸ ਦਾ ਗੱਠਨ ਵੀ ਕੀਤਾ ਗਿਆ ਹੈ। ਦੇਸ਼ 'ਚ ਪ੍ਰੀਖਿਆ ਪ੍ਰਣਾਲੀ ਦੀ ਪਾਰਦਰਸ਼ਿਤਾ ਅਤੇ ਭਰੋਸੇਯੋਗਤਾ ਨੂੰ ਬਹਾਲ ਕਰਨ ਲਈ ਇਸ ਟਾਸਕ ਫੋਰਸ ਦੀ ਅਗੁਵਾਈ ਪ੍ਰਸਿੱਧ ਤਕਨਾਲੋਜੀ ਮਾਹਿਰ ਨੰਦਨ ਨੀਲੇਕਣੀ ਕਰਨਗੇ, ਜੋ ਇਸ ਵੇਲੇ ਪ੍ਰਸਿੱਧ ਆਈਟੀ ਕੰਪਨੀ ਇਨਫੋਰਸਿਸ ਦੇ ਸਹਿ-ਸੰਸਥਾਪਕ ਹਨ ਅਤੇ 2009 'ਚ ਯੂਪੀਏ ਸਰਕਾਰ ਦੌਰਾਨ ਭਾਰਤ ਦੀ ਆਧਾਰ (ਯੂਆਈਡੀਏਆਈ) ਯੋਜਨਾ ਦੇ ਮੁੱਖੀ ਸਨ ਇਸ ਕਮੇਟੀ 'ਚ ਤਕਨਾਲੋਜੀ, ਸੁੱਰਖਿਆਂ ਅਤੇ ਪ੍ਰਸ਼ਾਸਨਿਕ ਖੇਤਰ ਦੇ ਉੱਚ-ਮਾਹਿਰ ਐੱਸ.ਸੋਮਨਾਥ (ਇਸਰੋ ਦੇ ਸਾਬਕਾ ਮੁੱਖੀ), ਤਪਨ ਡੇਕਾ (ਆਈ.ਬੀ ਦੇ ਸਾਬਕਾ ਡਾਇਰੈਕਟਰ), ਵੀ.ਕਾਮਕੋਟੀ (ਡਾਇਰੈਕਟਰ ਆਈ.ਆਈ.ਟੀ ਮਦਰਾਸ), ਅਨੀਤਾ ਕਰਵਾਲ (ਸਾਬਕਾ ਸਿੱਖਿਆ ਸੱਕਤਰ) ਅਤੇ ਅੰਮ੍ਰਿਤ ਲਾਲ ਮੀਨਾ (ਲੋਜਿਸਟਿਕ ਮਾਹਿਰ) ਸ਼ਾਮਲ ਹਨ। ਇਹ ਟਾਸਕ ਫੋਰਸ ਪ੍ਰੀਖਿਆ 'ਚ ਆਧੁਨਿਕ ਤਕਨਾਲੋਜੀ ਦੀ ਵਰਤੋਂ ਦੇ ਨਾਲ-ਨਾਲ ਪ੍ਰੀਖਿਆ ਸੁਧਾਰਾਂ 'ਤੇ ਕੇਂਦਰਿਤ ਹੋਵੇਗੀ। ਸਰਕਾਰ ਨੇ ਦੋਸ਼ੀਆਂ ਵਿੱਰੁਧ ਸਖਤ ਕਾਰਵਾਈ ਕਰਨ ਲਈ ਫਾਸਟ ਟਰੈਕ ਅਦਾਲਤਾਂ ਦੀ ਸਥਾਪਨਾ ਅਤੇ ਨਵਾਂ ਕਾਨੂੰਨ ਲਿਆਉਣ ਦੀ ਵਚਨਬੱਧਤਾ ਦੋਹਰਾਈ ਹੈ, ਤਾਂ ਜੋ ਭੱਵਿਖ ਦੀਆਂ ਪ੍ਰੀਖਿਆਵਾਂ ਪਾਰਦਰਸ਼ੀ ਹੋ ਸਕਣ।

ਜੰਤਰ-ਮੰਤਰ, ਦਿੱਲੀ ਅਤੇ ਭਾਰਤ ਦੇ ਹੋਰ ਸ਼ਹਿਰਾਂ 'ਚ ਵਿਦਿਆਰਥੀਆਂ ਵੱਲੋ ਲਗਾਤਾਰ ਕੀਤੇ ਜਾ ਰਹੇ ਰੋਸ-ਪ੍ਰਦਰਸ਼ਨ ਅਤੇ ਸੰਸਦੀ ਮਾਰਚ ਤੋਂ ਬਾਅਦ ਕੇਂਦਰੀ ਸਿੱਖਿਆ ਮੰਤਰੀ ਨੂੰ ਅਸਤੀਫ਼ਾ ਦੇਣਾ ਪਿਆ ਹੈ। ਜਿਸ ਤੋਂ ਬਾਅਦ ਸਰਕਾਰ ਨੇ ਵੀ ਨਵੇਂ ਸੁਧਾਰਾਤਮਕ ਕਦਮ ਚੁੱਕੇ ਹਨ। ਭਾਰਤ 'ਚ ਪ੍ਰੀਖਿਆ ਪੇਪਰ ਲੀਕ ਹੋਣ ਤੋਂ ਭਾਵ ਸਰਕਾਰੀ ਭਰਤੀ ਜਾਂ ਅਕਾਦਮਿਕ ਪ੍ਰੀਖਿਆਵਾਂ ਦੇ ਪੇਪਰ ਨੂੰ ਪ੍ਰੀਖਿਆ ਲੀਕ ਕਰਨ ਦਾ ਇਕ ਲੰਮਾ ਇਤਿਹਾਸ ਹੈ, ਜੋ ਸਮੇਂ ਦੇ ਗੇੜ ਨਾਲ ਸੰਗਠਤ ਅਪਰਾਧ/ਪ੍ਰੀਖਿਆ ਮਾਫ਼ੀਆਂ ਬਣ ਗਿਆ ਹੈ, ਜਿਸ 'ਚ ਅਕਸਰ ਵਿੱਤੀ ਲਾਭ ਲਈ ਪ੍ਰਸ਼ਨ-ਪੱਤਰਾ ਦਾ ਅਣ-ਅਧਿਕਾਰਤ ਖੁਲਾਸਾ, ਪੰਹੁਚ ਅਤੇ ਵੰਡ ਸ਼ਾਮਲ ਹੈ। ਇਹ ਵਰਤਾਰਾ ਇਕ ਅਜਿਹਾ ਸੰਕਟ ਬਣ ਗਿਆ ਹੈ, ਜੋ ਦੇਸ਼ ਦੀ ਸਿੱਖਿਆ ਅਤੇ ਜਨਤਕ ਰੋਜ਼ਗਾਰ ਪ੍ਰਣਾਲੀਆਂ ਦੀ ਅੰਖਡਤਾ ਨੂੰ ਕਮਜ਼ੋਰ ਕਰ ਰਿਹਾ ਹੈ, ਜਿਸ ਨਾਲ ਹਰ ਸਾਲ ਲੱਖਾਂ ਉਮੀਦਵਾਰ ਪ੍ਰਭਾਵਿਤ ਹੁੰਦੇ ਹਨ। ਇਸ ਗੁੰਝਲਦਾਰ ਸੰਗਠਤ ਅਪਰਾਧ 'ਚ ਭ੍ਰਿਸ਼ਟ ਅਧਿਕਾਰੀ, ਕੋਚਿੰਗ ਸੈਂਟਰ ਮਾਲਕ, ਪ੍ਰਿੰਟਿੰਗ ਪ੍ਰੈੱਸ ਸਟਾਫ਼ ਅਤੇ ਵਿਚੋਲਿਆਂ ਦਾ ਗਠਜੋੜ ਸ਼ਾਮਲ ਹੁੰਦਾ ਹੈ, ਜੋ ਵਿਦਿਆਰਥੀਆਂ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਪੇਪਰ ਦੇਣ ਵਾਲਿਆਂ ਨੂੰ ਮਹਿੰਗੇ ਭਾਅ ਪ੍ਰਸ਼ਨ ਪੱਤਰ ਵੇਚੇ ਜਾਂਦੇ ਹਨ। ਲੀਕ ਪੇਪਰ ਦੀ ਵੰਡ ਲਈ ਵਾਟਸਐਪ ਅਤੇ ਟੈਲੀਗ੍ਰਾਮ ਵਰਗੇ ਡਿਜ਼ੀਟਲ ਚੈਨਲਾਂ ਦੀ ਵਰਤੋਂ ਕੀਤੀ ਜਾਂਦੀ ਹੈ। ਆਧੂਨਿਕ ਤਕਨਾਲੋਜੀ ਪ੍ਰੀਖਿਆ ਮਾਫ਼ੀਆਂ ਦੀ ਸਮਰਥਕ ਬਣ ਗਈ ਹੈ। ਸਮਾਰਟ ਫ਼ੋਨ ਅਤੇ ਇਨਕ੍ਰਿਪਟਡ ਮੈਸੇਜ਼ਿੰਗ ਨੇ ਲੀਕ ਪੇਪਰਾਂ ਦੀ ਤੇਜੀ ਨਾਲ ਵੰਡ ਨੂੰ ਪਹਿਲਾਂ ਨਾਲੋਂ ਜ਼ਿਆਦਾ ਆਸਾਨ ਬਣਾ ਦਿੱਤਾ ਹੈ। ਵਾਰ-ਵਾਰ ਪੇਪਰ ਲੀਕ ਯੋਗਤਾ ਦੇ ਸਿਧਾਂਤ ਨੂੰ ਕਮਜ਼ੋਰ ਕਰ ਰਹੇ ਹਨ ਅਤੇ ਲੋਕਾਂ ਦਾ ਸਬੰਧਿਤ ਸੰਸਥਾਵਾਂ 'ਚ ਵਿਸ਼ਵਾਸ ਘੱਟਦਾ ਜਾ ਰਿਹਾ ਹੈ, ਜੋ ਸਮਾਜ ਦੀਆਂ ਆਰਥਿਕ, ਨੈਤਿਕ ਅਤੇ ਪੇਸ਼ਾਵਰ ਨੀਹਾਂ ਨੂੰ ਕਮਜ਼ੋਰ ਕਰ ਰਿਹਾ ਹੈ। ਕੇਂਦਰੀ ਅਤੇ ਰਾਜ ਸਰਕਾਰਾਂ ਏਜੰਸੀਆਂ ਦੁਆਰਾ ਦੇਸ਼ ਵਿਆਪੀ ਵਿੱਦਿਅਕ ਦਾਖਲਿਆ ਅਤੇ ਭਰਤੀ ਲਈ ਕਰਵਾਈਆਂ ਜਾ ਰਹੀਆਂ ਪ੍ਰੀਖਿਆਵਾਂ ਵੀ ਪੇਪਰ ਲੀਕ ਅਪਰਾਧ ਦਾ ਸ਼ਿਕਾਰ ਬਣ ਰਹੀਆਂ ਹਨ। ਵਧਦੇ ਸੰਕਟ ਦੇ ਦਬਾਅ ਵਿੱਚ ਭਾਰਤ ਸਰਕਾਰ ਨੇ 2024 'ਚ ਇਕ ਸਮਰਪਿਤ ਕੇਂਦਰੀ ਕਾਨੂੰਨ 'ਜਨਤਕ ਪ੍ਰੀਖਿਆਵਾਂ (ਅਨਿਆਪੂਰਨ ਸਾਧਨਾਂ ਦੀ ਰੋਕਥਾਮ) ਐਕਟ 2024' ਭਾਰਤ ਦੀ ਸੰਸਦ ਵੱਲੋਂ ਪਾਸ ਕੀਤਾ ਗਿਆ ਹੈ। ਭਾਰਤ ਸਰਕਾਰ ਵੱਲੋਂ ਇਸ ਕਾਨੂੰਨ 'ਚ ਸੋਧ ਕਰਕੇ ਪੇਪਰ ਲੀਕ ਅਪਰਾਧ 'ਚ ਸ਼ਾਮਲ ਸਾਰੀਆਂ ਸੰਬਧਿਤ ਧਿਰਾਂ/ਵਿਅਕਤੀਆਂ/ਸੰਗਠਨਾਂ ਵਿੱਰੁਧ ਹੋਰ ਸਖਤ ਸਜ਼ਾਵਾਂ ਦੀ ਵਿਵਸਥਾ ਕੀਤੀ ਜਾ ਰਹੀ ਹੈ, ਜਿਸ ਅਧੀਨ 10 ਸਾਲ ਤੱਕ ਦੀ ਜੇਲ੍ਹ ਅਤੇ 10 ਕਰੋੜ ਰੁਪਏ ਤੱਕ ਦਾ ਜ਼ੁਰਮਾਨਾ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ 3 ਮਹੀਨੇ ਵਿੱਚ ਦੋਸ਼ੀਆਂ ਵਿੱਰੁਧ ਅਦਾਲਤ ਵਿੱਚ ਚਾਰਜ਼ਸ਼ੀਟ ਫ਼ਾਈਲ ਕਰਨਾ, ਪ੍ਰੀਖਿਆ ਕੇਂਦਰ ਅਤੇ ਡਿਜ਼ੀਟਲ ਸਿਸਟਮ ਦੀ ਜਨਤਕ ਪੜਚੋਲ ਕਰਨਾ ਜ਼ਰੂਰੀ ਹੈ। ਮੌਜੂਦਾ ਕਾਨੂੰਨ ਨੂੰ ਮਜ਼ਬੂਤ ਕਰਨ ਦੀ ਮੰਗ ਕਰਨ ਵਾਲੇ ਪ੍ਰੀਖਿਆ ਸੁਧਾਰ ਬਿੱਲ ਵਿੱਚ ਮੁਫ਼ਤ ਮੁੜ-ਪ੍ਰੀਖਿਆ, ਉਮਰ ਅਤੇ ਕੋਸ਼ਿਸ਼ਾਂ ਵਿੱਚ ਛੋਟ, ਅਦਾਲਤੀ ਨਿਗਰਾਨੀ ਹੇਠ ਜਾਂਚ ਦੋਸ਼ੀਆਂ ਦੀ ਜਾਇਦਾਦਾ ਦੀ ਕੁਰਕੀ, ਉਮੀਦਵਾਰਾਂ ਨੂੰ ਮੁਆਵਜ਼ਾ ਅਤੇ ਯਾਤਰਾ ਖਰਚਾ ਦੇਣਾ ਸ਼ਾਮਲ ਹੈ। ਪ੍ਰੀਖਿਆਵਾਂ ਵਿੱਚ ਵੱਧ ਰਹੇ ਭ੍ਰਿਸ਼ਟਾਚਾਰ ਨੂੰ ਰੋਕਣ ਲਈ ਕੇਂਦਰੀ ਵਿਸ਼ੇਸ਼ ਟਾਸਕ ਫ਼ੋਰਸ ਵਾਂਗ ਰਾਜ ਸਰਕਾਰਾਂ ਵੱਲੋਂ ਵੀ ਐਸੀ ਵਿਸ਼ੇਸ਼ ਟਾਸਕ ਫ਼ੋਰਸ ਬਨਾਉਣੀ ਜ਼ਰੂਰੀ ਹੈ, ਜੋ ਰਾਜ 'ਚ ਚੱਲ ਰਹੀਆਂ ਪ੍ਰੀਖਿਆਵਾਂ 'ਚ ਸੁਧਾਰ ਲਿਆਵੇ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਦੇ ਸਮਰਥ ਹੋਵੇ।

ਭਾਰਤ 'ਚ ਚੱਲ ਰਹੀਆਂ ਕੇਂਦਰੀ, ਰਾਜ ਸਰਕਾਰੀ ਅਤੇ ਹੋਰ ਜਨਤਕ ਸੰਗਠਨਾਂ ਵੱਲੋਂ ਸਮੇਂ ਸਮੇਂ ਕਰਵਾਈਆਂ ਪ੍ਰੀਖਿਆਵਾਂ ਨੂੰ ਭ੍ਰਿਸ਼ਟਾਚਾਰ ਮੁਕਤ ਕਰਨਾ ਭਾਰਤ ਦੀ ਨੌਜਵਾਨ ਪੀੜ੍ਹੀ ਦੇ ਉਜੱਲੇ ਭੱਵਿਖ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਬੇ-ਹੱਦ ਜ਼ਰੂਰੀ ਹੈ।

ਤਰਲੋਚਨ ਸਿੰਘ ਭੱਟੀ

## ਜ਼ਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਨੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਟੱਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਟੱਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਨੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ
ਡਾ: ਅਵਤਾਰ ਐਸ. ਸੰਘਾ

ਵਟੱਸਅਪ ਚੈਨਲ ਨੂੰ ਫੌਲੋ ਕਰਨ ਲਈ ਸਕੈਨ ਕਰੋ


# ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

**If somebody wishes to discontinue the advertisement, then please intimate us by calling 0437641033 before 20th every month.**

ਸੰਪਰਕ 0437641033

Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaperl The views expressed in the advertisement and various articles belong solely to the concerned advertisers and authorsl They do not reflect the views of the newspaper managementl Jurisdiction Sydneyl

# ਮਾਈਗ੍ਰੇਨ ਦੇ ਦਰਦ ਨੂੰ ਘੱਟ ਕਰਦੇ ਹਨ ਇਹ ਫੂਡ

ਮਾਈਗ੍ਰੇਨ ਦੀ ਸਮੱਸਿਆ ਬਹੁਤ ਆਮ ਹੈ, ਇਹ ਦਰਦ ਕਦੇ ਵੀ ਅਤੇ ਕਿਤੇ ਵੀ ਸ਼ੁਰੂ ਹੋ ਸਕਦਾ ਹੈ। ਮਾਈਗ੍ਰੇਨ ਹੋਣ ਦੇ ਕਈ ਕਾਰਨ ਹੋ ਸਕਦੇ ਹਨ, ਜੇਕਰ ਤੁਹਾਡੇ ਘਰ 'ਚ ਕੋਈ ਮਾਈਗ੍ਰੇਨ ਦਾ ਮਰੀਜ਼ ਰਹਿ ਚੁੱਕਾ ਹੈ ਤਾਂ ਹੋ ਸਕਦਾ ਹੈ ਕਿ ਇਹ ਸਮੱਸਿਆ ਟ੍ਰਾਂਸਫਰ ਹੋ ਜਾਵੇ।

ਮਾਈਗ੍ਰੇਨ ਨਾਲ ਸਿਰ 'ਚ ਇਕ ਤਰਫ ਤੇਜ਼ ਦਰਦ ਉਠਦਾ ਹੈ, ਜਿਸ ਨੂੰ ਬਰਦਾਸ਼ਤ ਕਰਨਾ ਵੀ ਬਹੁਤ ਮੁਸ਼ਕਲ ਹੋ ਜਾਂਦਾ ਹੈ। ਉਲਟੀ ਆਉਣਾ, ਚੱਕਰ ਅਤੇ ਥਕਾਵਟ ਮਹਿਸੂਸ ਹੋਣਾ ਮਾਈਗ੍ਰੇਨ ਦੇ ਮੁੱਖ ਲੱਛਣ ਹਨ। ਮਾਈਗ੍ਰੇਨ ਦਾ ਦਰਦ ਸਿਰ ਦੇ ਇਕ ਹਿੱਸੇ 'ਚ ਹੁੰਦਾ ਹੈ। ਇਸ ਲਈ ਆਮ ਬੋਲਚਾਲ 'ਚ ਅੱਧਕਪਾਰੀ ਵੀ ਕਹਿੰਦੇ ਹਾਂ।



ਮਾਈਗ੍ਰੇਨ ਦੇ ਦਰਦ ਨੂੰ ਘੱਟ ਕਰਨ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਮੌਜੂਦ ਹਨ ਪਰ ਤੁਸੀਂ ਚਾਹੋ ਤਾਂ ਕੁਝ ਘਰੇਲੂ ਨੁਸਖਿਆਂ ਨੂੰ ਅਜ਼ਮਾ ਕੇ ਆਪਣੇ ਮਾਈਗ੍ਰੇਨ ਦੇ ਦਰਦ ਨੂੰ ਘੱਟ ਕਰ ਸਕਦੇ ਹੋ। ਖਾਣ-ਪੀਣ ਦੀਆਂ ਇਨ੍ਹਾਂ ਚੀਜ਼ਾਂ ਨਾਲ ਤੁਸੀ ਮਾਈਗ੍ਰੇਨ ਦੀ ਸਮੱਸਿਆ ਨੂੰ ਕਾਫੀ ਹੱਦ ਤੱਕ ਕੰਟਰੋਲ ਕਰ ਸਕਦੇ ਹੋ।

ਮਾਈਗ੍ਰੇਨ ਹੋਣ ਦੇ ਕਈ ਕਾਰਨ ਹਨ, ਕਈ ਵਾਰ ਇਹ ਟੈਨਸ਼ਨ ਦੇ ਕਾਰਨ ਸ਼ੁਰੂ ਹੋ ਸਕਦਾ ਹੈ ਅਤੇ ਕਈ ਵਾਰ ਜ਼ਿਆਦਾ ਰੁਝੀ ਜ਼ਿੰਦਗੀ ਦੇ ਨਾਲ ਵੀ ਇਸ ਤਰ੍ਹਾਂ ਹੋ ਜਾਂਦਾ ਹੈ, ਕੋਸ਼ਿਸ਼ ਕਰੋ ਕਿ ਠੀਕ ਸਮੇਂ ਨਾਲ ਖਾਓ, ਸਹੀ ਸਮੇਂ ਨਾਲ ਨੀਂਦ ਲਓ।

ਇਨ੍ਹਾਂ ਚੀਜ਼ਾਂ ਨੂੰ ਆਪਣੀ ਡਾਈਟ 'ਚ ਸ਼ਾਮਲ ਕਰਕੇ ਤੁਸੀਂ ਵੀ ਮਾਈਗ੍ਰੇਨ ਦੇ ਦਰਦ ਨੂੰ ਘੱਟ ਕਰ ਸਕਦੇ ਹੋ।

1. ਹਰੀਆਂ ਪੱਤੇਦਾਰ ਸਬਜ਼ੀਆਂ ਨਾਲ–ਹਰੀਆਂ ਪੱਤੇਦਾਰ ਸਬਜ਼ੀਆਂ 'ਚ ਕਾਫੀ ਮਾਤਰਾ 'ਚ ਮੈਗਨੀਸ਼ੀਅਮ ਪਾਇਆ ਜਾਂਦਾ ਹੈ, ਜੋ ਮਾਈਗ੍ਰੇਨ ਦੇ ਦਰਦ 'ਚ ਮੈਗਨੀਸ਼ੀਅਮ ਬਹੁਤ ਹੀ ਅਸਰਦਾਰ ਤਰੀਕੇ ਨਾਲ ਕੰਮ ਕਰਦਾ ਹੈ। ਅਨਾਜ, ਸੀ-ਫੂਡ ਅਤੇ ਕਣਕ 'ਚ ਵੀ ਭਰਪੂਰ ਮਾਤਰਾ 'ਚ ਮੈਗਨੀਸ਼ੀਅਮ ਪਾਇਆ ਜਾਂਦਾ ਹੈ।
2. ਮੱਛੀ ਖਾਣ ਦੇ ਫਾਇਦੇ–ਮੱਛੀ 'ਚ ਵੀ ਓਮੇਗਾ 2 ਫੈਟੀ ਐਸਿਡ ਅਤੇ ਵਿਟਾਮਿਨ ਈ ਵੀ ਪਾਇਆ ਜਾਂਦਾ ਹੈ। ਇਹ ਦੋਵੇ ਚੀਜ਼ਾ ਮਾਈਗ੍ਰੇਨ ਦੇ ਦਰਦ ਨੂੰ ਕੰਟਰੋਲ ਕਰਨ 'ਚ ਮਦਦ ਕਰਦੀਆਂ ਹਨ।
3. ਦੁੱਧ ਦੇ ਫਾਇਦੇ–ਮਾਈਗ੍ਰੇਨ 'ਚ ਫੈਟ ਫ੍ਰੀ ਦੁੱਧ ਪੀਣਾ ਬਹੁਤ ਫਾਇਦੇਮੰਦ ਰਹਿੰਦਾ ਹੈ। ਦੁੱਧ 'ਚ ਵਿਟਾਮਿਨ ਬੀ ਪਾਇਆ ਜਾਂਦਾ ਹੈ, ਜੋ ਸੈਲਸ ਨੂੰ ਤਾਕਤ ਦੇਣ 'ਚ ਮਦਦ ਕਰਦਾ ਹੈ। ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਦਿਮਾਗ ਦੀਆਂ ਨਾੜੀਆਂ ਕਮਜ਼ੋਰ ਪੈ ਜਾਂਦੀਆਂ ਹਨ ਅਤੇ ਮਾਈਗ੍ਰੇਨ ਦਾ ਦਰਦ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਵਿਟਾਮਿਨ ਬੀ ਉਨ੍ਹਾਂ ਨੂੰ ਤਾਕਤ ਦੇਣ 'ਚ ਕੰਮ ਕਰਦਾ ਹੈ।
4. ਕੌਫੀ ਪੀਣ ਦੇ ਫਾਇਦੇ–ਜਿਸ ਤਰ੍ਹਾਂ ਆਮ ਸਿਰ ਦਰਦ 'ਚ ਕੌਫੀ ਅਤੇ ਚਾਹ ਪੀਣਾ ਫਾਇਦੇਮੰਦ ਸਿੱਧ ਹੁੰਦੀਆਂ ਹਨ, ਉਸ ਤਰ੍ਹਾਂ ਮਾਈਗ੍ਰੇਨ 'ਚ ਵੀ ਕੌਫੀ ਪੀਣ ਨਾਲ ਵੀ ਮਦਦ ਮਿਲਦੀ ਹੈ। ਮਾਈਗ੍ਰੇਨ ਅਟੈਕ ਆਉਣ ਨਾਲ ਕੌਫੀ ਪੀਣ ਨਾਲ ਰਾਹਤ ਮਿਲਦੀ ਹੈ।
5. ਰੈਡ ਵਾਈਨ ਵੀ ਬਿਹਤਰ–ਵਾਈਨ ਅਤੇ ਬੀਅਰ 'ਚ ਟਾਇਰਾਮਾਈਨ ਪਾਇਆ ਜਾਂਦਾ ਹੈ, ਜੋ ਮਾਈਗ੍ਰੇਨ ਦੇ ਦਰਦ ਨੂੰ ਦੂਰ ਕਰਨ ਦੇ ਲਈ ਮਦਦ ਕਰਦਾ ਹੈ।
6. ਬ੍ਰਾਕਲੀ–ਬ੍ਰਾਕਲੀ 'ਚ ਭਰਪੂਰ ਮਾਤਰਾ 'ਚ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਜਿਸ ਨਾਲ ਮਾਈਗ੍ਰੇਨ ਦੇ ਦਰਦ ਤੋਂ ਰਾਹਤ ਮਿਲਦੀ ਹੈ।

# ਬੱਚਿਆਂ ਦੇ ਪੇਟ ਦੇ ਕੀੜਿਆਂ ਨੂੰ ਦੂਰ ਕਰਨ ਦੇ ਘਰੇਲੂ ਨੁਸਖੇ



ਬੱਚਿਆਂ 'ਚ ਪੇਟ ਦੇ ਕੀੜਿਆਂ ਦੀ ਸਮੱਸਿਆ ਆਮ ਸਮੱਸਿਆ ਹੈ। ਇਸ ਕਾਰਨ ਬੱਚਿਆਂ ਨੂੰ ਭੁੱਖ ਵੀ ਬਹੁਤ ਲੱਗਦੀ ਹੈ ਅਤੇ ਸਿਹਤ ਵੀ ਨਹੀਂ ਬਣਦੀ। ਇਸ ਲਈ ਇਸ ਦਾ ਇਲਾਜ ਜਲਦੀ ਤੋਂ ਜਲਦੀ ਕਰਨਾ ਚਾਹੀਦਾ ਹੈ। ਆਓ ਜਾਣਦੇ ਹਾਂ ਪੇਟ ਦੇ ਕੀੜਿਆਂ ਤੋਂ ਛੁਟਕਾਰਾ ਪਾਉਣ ਦੇ ਕੁਝ ਘਰੇਲੂ ਨੁਸਖੇ।

1. ਪਿਆਜ਼ ਦਾ ਰਸ
ਪਿਆਜ਼ ਦੇ ਟੁਕੜੇ ਪੀਸੇ ਕੇ ਉਨ੍ਹਾਂ ਦਾ ਰਸ ਕੱਢ ਲਓ। ਇਸ ਦਾ ਇੱਕ ਚਮਚ ਰਸ ਸਵੇਰੇ ਖਾਲੀ ਪੇਟ ਪੀਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।

2. ਗੁਲਕੰਦ ਅਤੇ ਨਿੰਬੂ
ਗੁਲਕੰਦ ਬਣਾ ਕੇ ਇਸ 'ਚ ਨਿੰਬੂ ਦਾ ਰਸ ਨਿਚੋੜ ਕੇ ਬੱਚੇ ਨੂੰ ਖਵਾਓ।

3. ਤੁਲਸੀ ਦੇ ਪੱਤੇ
ਰੋਜ਼ ਤੁਲਸੀ ਦੇ ਪੱਤਿਆਂ ਦਾ ਪੇਸਟ ਬਣਾ ਕੇ, ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਬੱਚੇ ਨੂੰ ਚਟਾਓ।

4. ਆਨਾਰ
ਆਨਾਰ ਦੇ ਛਿਲਕੇ ਸੁਕਾ ਕੇ ਬਰੀਕ ਪੀਸ ਲਓ। ਇਸ ਨੂੰ ਸ਼ੱਕਰ 'ਚ ਮਿਲਾ ਕੇ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।

5. ਕੋਸਾ ਪਾਣੀ
ਕੋਸੇ ਪਾਣੀ 'ਚ ਥੋੜ੍ਹਾ ਨਮਕ ਮਿਲਾ ਕੇ ਹਰ ਰੋਜ਼ ਖਾਲੀ ਪੇਟ ਪੀਣ ਨਾਲ ਅਰਾਮ ਮਿਲਦਾ ਹੈ ਅਤੇ ਇਸ ਨਾਲ ਪੇਟ ਸਾਫ ਹੁੰਦਾ ਹੈ।

6. ਗਾਜਰ
ਗਾਜਰ ਦਾ ਰਸ ਜਾਂ ਗਾਜਰ ਨੂੰ ਪੀਸ ਕੇ ਸਵੇਰੇ ਖਾਲੀ ਪੇਟ ਖਾਣ ਨਾਲ ਪੇਟ ਦੇ ਕੀੜਿਆਂ ਤੋਂ ਬਚਿਆ ਜਾ ਸਕਦਾ ਹੈ।

7.ਟਮਾਟਰ
ਟਮਾਟਰ ਕੱਟ ਕੇ ਕਾਲੀ ਮਿਰਚ ਅਤੇ ਨਮਕ ਲਗਾ ਕੇ ਖਾਲੀ ਪੇਟ ਕੁਝ ਦਿਨ ਖਾਣ ਨਾਲ ਪੇਟ ਦੇ ਕੀੜੇ ਮਰ ਜਾਂਦੇ ਹਨ।

8. ਲੌਂਗ
ਇੱਕ ਕੱਪ ਗਰਮ ਪਾਣੀ 'ਚ ਲੌਂਗ ਦਾ ਪਾਊਡਰ ਪਾ ਕੇ ਇਸਨੂੰ ਢੱਕ ਕੇ ਰੱਖ ਦਿਓ। ਇਸ ਨੂੰ ਹਫਤੇ 'ਚ ਦੋ ਤਿੰਨ ਵਾਰ ਪੀਣ ਨਾਲ ਅਰਾਮ ਮਿਲਦਾ ਹੈ।

# ਬੱਚਿਆਂ ਦੇ ਦਿਮਾਗ ਨੂੰ ਤੇਜ਼ ਕਰਨ ਲਈ ਅਸਰਦਾਰ ਘਰੇਲੂ ਤਰੀਕੇ

ਹਰ ਮਾਂ-ਬਾਪ ਚਾਹੁੰਦਾ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹਾਈ 'ਚ ਤੇਜ ਅਤੇ ਬਾਕੀ ਕੰਮਾਂ 'ਚ ਸਭ ਤੋਂ ਅੱਗੇ ਹੋਵੇ। ਇਸ ਲਈ ਕਈ ਮਾਂ-ਬਾਪ ਆਪਣੇ ਬੱਚੇ ਨੂੰ ਮੈਡੀਸਿਨ ਅਤੇ ਮਲਟੀਵਿਟਾਮਿਨ ਦਿੰਦੇ ਹਨ ਪਰ ਕਿ ਇਹ ਜਾਣਦੇ ਹਨ ਕਿ ਇਸ ਤੋਂ ਬਿਨਾਂ ਵੀ ਬੱਚਿਆਂ ਦੀ ਦਿਮਾਗ ਨੂੰ ਤੇਜ ਕੀਤਾ ਜਾ ਸਕਦਾ ਹੈ। ਆਓ ਜਾਣਦੇ ਹਾਂ ਕੁਝ ਘਰੇਲੂ ਤਰੀਕ ਜਿਸੇ ਨਾਲ ਬੱਚਿਆਂ ਦੀ ਦਿਮਾਗੀ ਸ਼ਕਤੀ ਨੂੰ ਤੇਜ ਕੀਤਾ ਜਾ ਸਕਦਾ ਹੈ।



- ਸ਼ਹਿਦ ਅਤੇ ਦਾਲਚੀਨੀ

1. ਸਭ ਤੋਂ ਪਹਿਲਾਂ ਥੋੜ੍ਹੀ ਦਾਲਚੀਨੀ ਨੂੰ ਪੀਸ ਕੇ ਉਸਦਾ ਪਾਊਡਰ ਬਣਾ ਲਓ।
2. ਉਸ ਤੋਂ ਬਾਅਦ ਇਕ ਕੌਲੀ 'ਚ 1 ਚਮਚ ਦਾਲਚੀਨੀ ਪਾਊਡਰ ਅਤੇ 1 ਚਮਚ ਸ਼ਹਿਦ ਪਾ ਕੇ ਦੋਨਾਂ ਨੂੰ ਚੰਗੀ ਤਰ੍ਹਾਂ ਮਿਲਾ ਲਓ।
3. ਦਿਨ 'ਚ ਦੋ ਵਾਰ ਇਹ ਮਿਸ਼ਰਨ ਆਪਣੇ ਬੱਚੇ ਨੂੰ ਦਿਓ।

- ਸ਼ਹਿਦ ਅਤੇ ਸੁੱਕੇ ਧਨੀਏ ਦੇ ਦਾਣੇ

1. ਸਭ ਤੋਂ ਪਹਿਲਾਂ ਥੋੜ੍ਹੇ ਸੁੱਕੇ ਧਨੀਏ ਦੇ ਦਾਣਿਆਂ ਨੂੰ ਪੀਸ ਕੇ ਉਸਦਾ ਪਾਊਡਰ ਬਣਾ ਲਓ।
2. ਉਸ ਤੋਂ ਬਾਅਦ ਇਕ ਕੌਲੀ 'ਚ 1 ਚਮਚ ਸੁੱਕੇ ਧਨੀਏ ਦਾ ਪਾਊਡਰ ਅਤੇ 1 ਚਮਚ ਸ਼ਹਿਦ ਦੋਨਾਂ ਨੂੰ ਚੰਗੀ ਤਰ੍ਹਾਂ ਮਿਲਾ ਲਓ।
3. ਇਹ ਮਿਸ਼ਰਨ ਨੂੰ ਦਿਨ 'ਚ ਇਕ ਵਾਰ ਆਪਣੇ ਬੱਚੇ ਨੂੰ ਚਟਾਓ।

# ਕਿਡਨੀ ਸਾਫ ਕਰਨ ਦਾ ਘਰੇਲੂ ਤਰੀਕਾ

ਸਾਡੀ ਕਿਡਨੀ ਇਕ ਵਧੀਆ 'ਫਿਲਟਰ' ਹੈ ਜੋ ਸਾਡਾ ਖੂਨ ਸਾਫ ਕਰਨ ਦਾ ਕੰਮ ਕਰਦੀ ਹੈ। ਜਿਸ ਤਰ੍ਹਾਂ ਕਿ 'ਫਿਲਟਰ' ਨੂੰ ਸਾਫ ਕਰਨ ਦੀ ਜ਼ਰੂਰਤ ਹੁੰਦੀ ਹੈ ਤਾਂ ਜੋ 'ਫਿਲਟਰ' ਚੰਗੀ ਤਰ੍ਹਾਂ ਆਪਣਾ ਕੰਮ ਕਰ ਸਕੇ, ਉਸੇ ਤਰ੍ਹਾਂ ਹੀ ਇਸ ਦੀ ਸਫਾਈ ਵੀ ਜ਼ਰੂਰੀ ਹੈ ਤਾਂ ਜੋ ਇਹ ਵੀ ਆਪਣਾ ਕੰਮ ਚੰਗੀ ਤਰ੍ਹਾਂ ਕਰ ਸਕੇ।

ਕਿਡਨੀ ਸਾਫ ਕਰਨ ਦਾ ਤਰੀਕਾ

- ਇਕ ਲੀਟਰ ਪਾਣੀ 'ਚ ਇਕ ਕੌਲੀ ਹਰਾ ਧਨੀਆ ਸਾਫ ਅਤੇ ਕੱਟਿਆ ਹੋਇਆ ਪਾ ਕੇ ਦੱਸ ਮਿੰਟ ਤੱਕ ਹੌਲੀ ਗੈਸ 'ਤੇ ਪਕਣ ਦਿਓ।
- ਜੇਕਰ ਹੋ ਸਕੇ ਤਾਂ ਇਸ 'ਚ ਥੋੜ੍ਹੀ ਜਵੈਣ ਪਾ ਲਓ।
- ਹੁਣ ਇਸ ਨੂੰ ਠੰਡਾ ਕਰਕੇ ਛਾਣ ਲਓ।
- ਇਸ ਘੋਲ ਨੂੰ ਰੋਜ਼ ਇਕ ਗਿਲਾਸ ਖਾਲੀ ਪੇਟ ਪੀਓ ਜਾਂ ਆਪਣੇ ਡਾਕਟਰ ਦੀ ਸਲਾਹ ਨਾਲ ਵੀ ਲੈ ਸਕਦੇ ਹੋ।
- ਇਸ ਨੂੰ ਪੀਣ ਨਾਲ ਪੇਸ਼ਾਬ ਨਾਲ ਗੰਦਗੀ ਬਾਹਰ ਆਉਣ ਲੱਗ ਜਾਂਦੀ ਹੈ।



ਸਾਵਧਾਨੀਆਂ

- ਇਸ ਨੂੰ ਫਰਿੱਜ 'ਚ ਰੱਖ ਕੇ ਨਾ ਪੀਓ ਮਤਲਬ ਠੰਡਾ ਕਰਕੇ ਨਾ ਪੀਓ।
- ਇਹ ਘੋਲ ਜ਼ਿਆਦਾ ਸਰਦੀ ਦੇ ਮੌਸਮ 'ਚ ਨਾ ਪੀਓ।
- ਇਹ ਗਰਮੀ ਦੇ ਮੌਸਮ 'ਚ ਇਕ ਵਧੀਆ ਦਵਾਈ ਹੈ।
- ਇਹ ਘੋਲ ਇਕ ਸਵੱਸਥ ਵਿਅਕਤੀ ਲਈ ਜੋ ਕਿ ਆਪਣੀ ਕਿਡਨੀ ਦੀ ਸਫਾਈ ਕਰ ਸਕੇ।
- ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਤਕਲੀਫ ਜਾ ਬੀਮਾਰੀ ਹੈ ਤਾਂ ਇਹ ਘੋਲ ਆਪਣੇ ਡਾਕਟਰ ਦੀ ਸਲਾਹ ਤੋਂ ਬਿਨ੍ਹਾਂ ਨਾ ਪੀਓ।
- ਇਹ ਇਕ ਸਫਾਈ ਦਾ ਤਰੀਕਾ ਹੈ ਕਿਸੇ ਬੀਮਾਰੀ ਦਾ ਇਲਾਜ ਨਹੀਂ ਹੈ।

# ਜਾਣੋ ਕੱਚੇ ਕੇਲੇ ਖਾਣ ਦੇ ਲਾਭ

ਕਈ ਲੋਕ ਆਪਣੀ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਸਰੀਰ 'ਚ ਮੋਟਾਪਾ ਲਿਆਉਣ ਲਈ ਪੱਕੇ ਹੋਏ ਕੇਲੇ ਦੀ ਵਰਤੋਂ ਕਰਦੇ ਹਨ। ਕੇਲਿਆ ਦੇ ਸ਼ੇਕ ਬਣਾ ਕੇ ਪੀਦੇ ਹਨ। ਕਿਹਾ ਜਾਂਦਾ ਹੈ ਕਿ ਕੱਚੇ ਕੇਲੇ ਦੀ ਵਰਤੋਂ ਸਿਰਫ ਸਬਜ਼ੀਆਂ ਅਤੇ ਕੋਫਤੇ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਲੋਕਾਂ ਨੂੰ ਇਸ ਦੇ ਲਾਭ ਬਾਰੇ ਕੁਝ ਨਹੀਂ ਪਤਾ ਹੁੰਦਾ।



ਇਸ ਕੇਲੇ 'ਚ ਕੱਚਾ ਤੇਲ ਪੋਟਾਸ਼ੀਅਮ ਦਾ ਖਜ਼ਾਨਾ ਹੁੰਦਾ ਹੈ। ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਸਾਡੇ ਸਰੀਰ ਨੂੰ ਸਾਰਾ ਦਿਨ ਚੁਸਤ ਰੱਖਦਾ ਹੈ। ਇਹ ਵਿਟਾਮਿਨ ਬੀ6, ਵਿਟਾਮਿਨ ਸੀ ਕੋਸ਼ਿਕਾਵਾਂ ਨੂੰ ਪੋਸ਼ਣ ਦੇਣ ਦਾ ਕੰਮ ਕਰਦਾ ਹੈ।

ਆਉ ਜਾਣੋ ਕੱਚੇ ਕੇਲੇ ਖਾਣ ਦੇ ਲਾਭ–

1. ਭਾਰ ਘਟਾਉਣ ਦੀ ਕੋਸ਼ਿਸ਼ ਕਰਨ ਵਾਲੇ ਨੂੰ ਹਰ ਰੋਜ਼ ਇੱਕ ਕੱਚਾ ਕੇਲਾ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ। ਇਸ 'ਚ ਭਰਪੂਰ ਮਾਤਰਾ 'ਚ ਫਾਈਬਰਸ ਪਾਏ ਜਾਂਦੇ ਹਨ। ਜੋ ਸਾਡੇ ਸਰੀਰ 'ਚੋਂ ਫਾਲਤੂ ਸੈਲ ਅਤੇ ਅਸ਼ੁਧਤਾ ਨੂੰ ਸਾਫ ਕਰਨ 'ਚ ਮਦਦ ਕਰਦੇ ਹਨ।
2. ਕੱਚੇ ਕੇਲੇ 'ਚ ਫਾਈਬਰ ਅਤੇ ਸਿਹਤਮੰਦ ਸਟਾਰਚ ਹੁੰਦੇ ਹਨ। ਜੋ ਸਾਡੇ ਸਰੀਰ 'ਚ ਕਿਸੇ ਵਾ ਪ੍ਰਕਾਰ ਦੀ ਗੰਦਗੀ ਨੂੰ ਜਮ੍ਹਾਂ ਨਹੀਂ ਹੋਣ ਦਿੰਦੇ। ਇਸ ਲਈ ਕੱਚਾ ਕੇਲਾ ਖਾਣਾ ਤੁਹਾਡੇ ਸਰੀਰ ਲਈ ਬਹੁਤ ਲਾਭਦਾਇਕ ਹੈ। ਇਸ ਨਾਲ ਕਬਜ਼ ਦੀ ਸਨੱਸਿਆ ਦੂਰ ਹੋ ਜਾਂਦੀ ਹੈ।
3. ਕੱਚੇ ਕੇਲੇ 'ਚ ਮੌਜੂਦ ਫਾਈਬਰ ਅਤੇ ਦੂਜੇ ਕਈ ਪੋਸ਼ਕ ਤੱਤ ਹੁੰਦੇ ਹਨ ਜੋ ਸਾਡੀ ਭੁੱਖ ਨੂੰ ਨਿਯੰਤਰਣ ਕਰਨ'ਚ ਮਦਦ ਕਰਦੇ ਹਨ। ਕੱਚਾ ਕੇਲਾ ਖਾਣ ਨਾਲ ਵਾਰ-ਵਾਰ ਭੁੱਖ ਨਹੀਂ ਲੱਗਦੀ ਅਤੇ ਅਸੀਂ ਜੰਕ ਫੂਡ ਅਤੇ ਸਿਹਤ ਲਈ ਜਿਹੜੀਆਂ ਚੀਜ਼ਾ ਠੀਕ ਨਹੀਂ ਹੁੰਦੀਆਂ ਉਨ੍ਹਾਂ ਨੂੰ ਖਾਣ ਤੋਂ ਬੱਚ ਜਾਂਦੇ ਹਾਂ।
4. ਕੱਚੇ ਕੇਲੇ ਦੀ ਵਰਤੋਂ ਨਾਲ ਪਾਚਨ ਕਿਰਿਆ ਵੀ ਠੀਕ ਰਹਿੰਦੀ ਹੈ।

ਇਸ ਤੋਂ ਇਲਾਵਾ ਕੱਚਾ ਕੇਲਾ ਕਈ ਤਰ੍ਹਾਂ ਦੇ ਕੈਂਸਰ ਤੋਂ ਬਚਾਵ 'ਚ ਵੀ ਸਹਾਇਕ ਹੈ। ਕੱਚੇ ਕੇਲੇ 'ਚ ਮੌਜੂਦ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤ ਬਣਾਉਣ 'ਚ ਸਹਾਇਕ ਹੁੰਦੇ ਹਨ।

# ਸ਼ੂਗਰ ਦੇ ਮੁੱਖ ਕਾਰਨ ਹਨ ਸਫੈਦ ਚੀਨੀ, ਮੈਦਾ ਅਤੇ ਚੌਲ : ਆਈ. ਐੱਮ. ਏ.

ਸ਼ਕਰਕੰਦੀ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਤੋਂ ਬਚਾਅ ਕਰਦਾ ਹੈ। ਅੱਖਾਂ ਲਈ ਫਾਇਦੇਮੰਦ ਹੁੰਦਾ ਹੈ ਅਤੇ ਸਕਿਨ ਨੂੰ ਜਵਾਨ ਬਣਾਈ ਰੱਖਦਾ ਹੈ।




ਇਕ ਪਾਸੇ ਜਿੱਥੇ ਇਸ ਦਾ ਸਵਾਦ ਬੇਮਿਸਾਲ ਹੈ ਉਥੇ ਹੀ ਇਹ ਸਰਦੀਆਂ 'ਚ ਵੀ ਕਾਫੀ ਫਾਇਦੇਮੰਦ ਹੈ। ਨੈਸ਼ਨਲ ਇਸਟੀਚਿਊਟ ਆਫ ਹੈਲਥ ਦਾ ਇਹ ਮੰਨਣਾ ਹੈ। ਸ਼ਕਰਕੰਦੀ ਵਿਟਾਮਿਨ ਬੀ6 ਦਾ ਚੰਗਾ ਸਰੋਤ ਹੁੰਦਾ ਹੈ। ਇਸ 'ਚ ਪੋਟਾਸ਼ੀਅਮ ਵੀ ਚੰਗੀ ਮਾਤਰਾ 'ਚ ਪਾਇਆ ਜਾਂਦਾ ਹੈ ਜੋ ਦਿਲ ਲਈ ਕਾਫੀ ਚੰਗਾ ਹੁੰਦਾ ਹੈ। ਇਹ ਬਲੱਡ ਪ੍ਰੈਸ਼ਰ ਨੂੰ ਕੰਟਰੋਲ 'ਚ ਵੀ ਰੱਖਦਾ ਹੈ। ਸ਼ਕਰਕੰਦ 'ਚ ਫਾਈਬਰ ਚੰਗੀ ਮਾਤਰਾ 'ਚ ਪਾਇਆ ਜਾਂਦਾ ਹੈ ਜੋ ਡਾਈਜਸਟਿਵ ਟ੍ਰੈਕਟ ਨੂੰ ਦਰੁਸਤ ਰੱਖਦਾ ਹੈ ਅਤੇ ਖਾਣਾ ਸਹੀ ਢੰਗ ਨਾਲ ਪਚ ਜਾਂਦਾ ਹੈ। ਸ਼ਕਰਕੰਦ ਨੂੰ ਬੀਟਾ ਕੈਰੋਟੀਨ ਵੀ ਪਾਇਆ ਜਾਂਦਾ ਹੈ ਜੋ ਇਕ ਚੰਗਾ ਐਂਟੀਆਕਸੀਡੈਂਟ ਹੁੰਦਾ ਹੈ। ਇਹ ਤੁਹਾਡੀ ਸਕਿਨ ਨੂੰ ਸੂਰਜ ਦੇ ਅਲਟਰਾਵਾਇਲਟ ਕਿਰਣਾਂ ਤੋਂ ਬਚਾਉਣ ਦੀ ਸਮਰੱਥਾ ਰੱਖਦਾ ਹੈ। ਨਾਲ ਹੀ ਇਹ ਅੱਖਾਂ ਦੀ ਰੌਸ਼ਨੀ ਲਈ ਵੀ ਬਹੁਤ ਫਾਇਦੇਮੰਦ ਹੁੰਦਾ ਹੈ।

ਭਾਰ ਘੱਟ ਕਰਨ 'ਚ ਵੀ ਸ਼ਕਰਕੰਦ ਤੁਹਾਡੀ ਮਦਦ ਕਰ ਸਕਦਾ ਹੈ। ਇਸ 'ਚ ਕੈਲੋਰੀ ਬਹੁਤ ਘੱਟ ਹੁੰਦੀ ਹੈ ਜਦੋਂ ਕਿ ਇਸ 'ਚ ਫਾਈਬਰ ਪੋਟਾਸ਼ੀਅਮ ਚੰਗੀ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਦਾ ਗਲਾਈਕੇਮਿਕ ਇੰਡੈਕਸ ਵੀ ਕਾਫੀ ਘੱਟ ਹੁੰਦਾ ਹੈ ਜਿਸ 'ਚ ਇਹ ਬਲੱਡ ਸ਼ੂਗਰ ਨੂੰ ਕੰਟਰੋਲ 'ਚ ਰੱਖਦਾ ਹੈ। ਇਸ ਨੂੰ ਖਾਣ ਤੋਂ ਬਾਅਦ ਤੁਹਾਨੂੰ ਭੁੱਖ ਘੱਟ ਲਗਦੀ ਹੈ। ਇਹ ਬਲੱਡ ਸ਼ੂਗਰ ਨੂੰ ਵੀ ਕੰਟਰੋਲ ਰੱਖਦਾ ਹੈ ਜਿਸ ਨਾਲ ਡਾਈਬਟੀਜ਼ ਦਾ ਖਤਰਾ ਕਾਫੀ ਘੱਟ ਹੋ ਜਾਂਦਾ ਹੈ। ਅਮਰੀਕਨ ਜਨਰਲ ਆਫ ਕਲੀਨੀਕਲ ਨਿਊਟ੍ਰੀਸ਼ਨ ਮੁਤਾਬਕ ਰੋਜ਼ਾਨਾ ਇਸ ਦੀ ਵਰਤੋਂ ਕਰਨ ਨਾਲ ਤੁਸੀਂ ਡਾਇਬਟੀਜ਼ ਤੋਂ ਬਚੇ ਰਹਿੰਦੇ ਹੋ।

# ਜੰਮੂ ਕਸਮੀਰ: ਪੂਰਨ ਸੂਬੇ ਦਾ ਝੂਠਾ ਦਿਲਾਸਾ

ਭਾਰਤੀ ਸੰਵਿਧਾਨ ਦੀ ਧਾਰਾ 370 ਨੂੰ ਖਤਮ ਕਰਨ ਅਤੇ ਜੰਮੂ ਕਸਮੀਰ ਦਾ ਪੂਰਨ ਸੂਬੇ ਦਾ ਦਰਜਾ ਘਟਾ ਕੇ ਇਸ ਨੂੰ ਕੇਂਦਰ ਸਾਸਿਤ ਪ੍ਰਦੇਸ ਬਣਾਏ ਜਾਣ ਨੂੰ 5 ਅਗਸਤ 2026 ਨੂੰ ਸੱਤ ਸਾਲ ਪੂਰੇ ਹੋ ਜਾਣਗੇ। ਇਸ ਵਰ੍ਹੇਗੰਢ ਤੋਂ ਪਹਿਲਾਂ ਜੰਮੂ ਕਸਮੀਰ ਦੀ ਸੱਤਾਧਾਰੀ ਧਿਰ ਨੈਸਨਲ ਕਾਨਫਰੰਸ ਨੇ ਸੂਬੇ ਦਾ ਦਰਜਾ ਬਹਾਲ ਕਰਵਾਉਣ ਲਈ 20 ਜੁਲਾਈ ਨੂੰ ਨਵੀਂ ਦਿੱਲੀ ਵਿੱਚ ਰੋਸ ਪ੍ਰਦਰਸਨ ਕੀਤਾ ਸੀ। ਨੈਸਨਲ ਕਾਨਫਰੰਸ ਦੀ ਇਸ ਪਹਿਲਕਦਮੀ ਨੂੰ ਪੀਪਲਜ ਡੈਮੋਕ੍ਰੇਟਿਕ ਪਾਰਟੀ (ਜਿਸ ਦਾ ਵਾਦੀ ਵਿੱਚ ਚੰਗਾ ਅਸਰ-ਰਸੂਖ ਹੈ) ਦਾ ਸਮਰਥਨ ਅਤੇ 'ਇੰਡੀਆ' ਗੱਠਜੋੜ ਦੇ ਹੋਰਨਾਂ ਭਾਈਵਾਲਾਂ ਵੱਲੋਂ ਵੀ ਬਹੁਤਾ ਹੁੰਗਾਰਾ ਨਹੀਂ ਮਿਲਿਆ। ਇਸ ਤੋਂ ਇਲਾਵਾ ਇਹ ਪ੍ਰਦਰਸਨ ਬੇਵਕਤ ਵੀ ਸੀ ਕਿਉਂਕਿ 20 ਜੁਲਾਈ ਨੂੰ ਹੀ ਕੌਕਰੋਚ ਜਨਤਾ ਪਾਰਟੀ ਵੱਲੋਂ ਸੰਸਦ ਵੱਲ ਵਿਦਿਆਰਥੀਆਂ ਦਾ ਮਾਰਚ ਉਲੀਕਿਆ ਗਿਆ ਸੀ। ਇਸ ਲਈ ਖਬਰਾਂ ਦਾ ਕੇਂਦਰ ਬਿੰਦੂ ਸੀ ਜੇ ਪੀ ਦੇ ਮਾਰਚ ਵਿੱਚ ਜੁਟੀ ਭਾਰੀ ਭੀੜ ਅਤੇ ਦਿੱਲੀ ਪੁਲੀਸ ਵੱਲੋਂ ਇਸ ਨੂੰ ਬੇਰਹਿਮੀ ਨਾਲ ਦਬਾਉਣ ਦੀ ਘਟਨਾ ਹੀ ਬਣੀ ਰਹੀ।

ਨੈਸਨਲ ਕਾਨਫਰੰਸ ਦੀਆਂ ਉਮੀਦਾਂ ਦੇ ਉਲਟ 20 ਜੁਲਾਈ ਦੇ ਰੋਸ ਪ੍ਰਦਰਸਨ ਨਾਲ ਜੰਮੂ ਕਸਮੀਰ ਨੂੰ ਸੂਬੇ ਦਾ ਦਰਜਾ ਦੇਣ ਦਾ ਮੁੱਦਾ ਆਮ ਬਹਿਸ ਦਾ ਹਿੱਸਾ ਨਹੀਂ ਬਣ ਸਕਿਆ। ਫਿਰ ਵੀ ਇਹ ਇੱਕ ਅਹਿਮ ਅਤੇ ਅਣਸੁਲਝਿਆ ਸਵਾਲ ਬਣਿਆ ਹੋਇਆ ਹੈ। ਅਗਸਤ 2019 ਵਿੱਚ ਜੰਮੂ ਕਸਮੀਰ ਭਾਰਤੀ ਇਤਿਹਾਸ ਦਾ ਪਹਿਲਾ ਅਜਿਹਾ ਸੂਬਾ ਬਣਿਆ ਸੀ, ਜਿਸ ਦਾ ਦਰਜਾ ਘਟਾ ਕੇ ਕੇਂਦਰ ਸਾਸਿਤ ਪ੍ਰਦੇਸ ਕਰ ਦਿੱਤਾ ਗਿਆ ਸੀ। ਉਮੀਦ ਸੀ ਕਿ ਜਲਦੀ ਹੀ ਸੂਬੇ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ, ਪਰ ਸੱਤ ਸਾਲ ਬੀਤਣ 'ਤੇ ਵੀ ਜੰਮੂ ਕਸਮੀਰ ਮਹਿਜ ਇੱਕ ਕੇਂਦਰ ਸਾਸਿਤ ਪ੍ਰਦੇਸ ਹੀ ਹੈ, ਜੋ ਨਾ ਸਿਰਫ ਉੱਥੋਂ ਦੇ ਵਸਨੀਕਾਂ ਸਗੋਂ ਜਮਹੂਰੀਅਤ ਵਿੱਚ ਵਿਸਵਾਸ ਰੱਖਣ ਵਾਲੇ ਹਰ ਭਾਰਤੀ ਲਈ ਹੈਰਾਨੀ ਅਤੇ ਨਿਰਾਸਾ ਦਾ ਵਿਸਾ ਹੈ।

ਅਪਰੈਲ 2024 ਵਿੱਚ ਵੈੱਬਸਾਈਟ 'ਕਸਮੀਰ ਟਾਈਮਜ' ਨੇ ਕੇਂਦਰ ਸਰਕਾਰ ਵੱਲੋਂ ਸੂਬੇ ਦਾ ਦਰਜਾ ਬਹਾਲ ਕਰਨ ਬਾਰੇ ਕੀਤੇ ਗਏ ਉਨ੍ਹਾਂ ਵਾਅਦਿਆਂ ਦਾ ਵੇਰਵਾ ਪ੍ਰਕਾਸਿਤ ਕੀਤਾ ਸੀ ਜੋ ਅਜੇ ਤੱਕ ਵਫਾ ਨਹੀਂ ਹੋਏ। ਅਕਤੂਬਰ 2019 ਵਿੱਚ ਜੰਮੂ ਕਸਮੀਰ ਦਾ ਦਰਜਾ ਘਟਾ ਕੇ ਕੇਂਦਰ ਸਾਸਿਤ ਪ੍ਰਦੇਸ ਬਣਾਉਣ ਦੇ ਮਹਿਜ ਦੋ ਮਹੀਨਿਆਂ ਬਾਅਦ ਗ੍ਰਹਿ ਮੰਤਰੀ ਅਮਿਤ ਸਾਹ ਨੇ ਪੁਲੀਸ ਅਧਿਕਾਰੀਆਂ ਦੇ ਇੱਕ ਸਮੂਹ ਨੂੰ ਕਿਹਾ ਸੀ ਕਿ 'ਹਾਲਾਤ ਸੁਖਾਵੇਂ' ਹੁੰਦਿਆਂ ਹੀ ਸੂਬੇ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ। ਉਸੇ ਸਾਲ ਦਸੰਬਰ ਵਿੱਚ ਹਾਕਮ ਧਿਰ ਭਾਰਤੀ ਜਨਤਾ ਪਾਰਟੀ ਦੇ ਤਤਕਾਲੀ ਰਾਸਟਰੀ ਜਨਰਲ ਸਕੱਤਰ ਰਾਮ ਮਾਧਵ ਨੇ ਕਿਹਾ ਸੀ ਕਿ ਸੂਬੇ ਦਾ ਦਰਜਾ 'ਜਲਦੀ' ਬਹਾਲ ਕੀਤਾ ਜਾਵੇਗਾ।

ਇੱਕ ਸਾਲ ਤੋਂ ਕੁਝ ਵੱਧ ਸਮੇਂ ਬਾਅਦ ਫਰਵਰੀ 2021 ਵਿੱਚ ਗ੍ਰਹਿ ਮੰਤਰੀ ਨੇ ਦਾਅਵਾ ਕੀਤਾ ਕਿ ਕੇਂਦਰ ਸਰਕਾਰ 'ਢੁਕਵੇਂ ਵੇਲੇ ਜੰਮੂ ਕਸਮੀਰ ਨੂੰ ਪੂਰਨ ਸੂਬੇ ਦਾ ਦਰਜਾ ਦੇਵੇਗੀ'। ਫਿਰ ਅਕਤੂਬਰ 2021 ਵਿੱਚ ਜੰਮੂ ਕਸਮੀਰ ਦੇ ਦੌਰੇ ਦੌਰਾਨ ਗ੍ਰਹਿ ਮੰਤਰੀ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਕਰਵਾਏ ਜਾਣ ਤੋਂ ਬਾਅਦ ਸੂਬੇ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਜਨਵਰੀ 2022 ਵਿੱਚ ਗ੍ਰਹਿ ਮੰਤਰੀ ਨੇ ਭਰੋਸਾ ਦਿਵਾਇਆ "ਪੁਨਰ-ਹੱਦਬੰਦੀ (ਡੀਲਿਮਿਟੇਸਨ) ਦਾ ਕੰਮ ਸੁਰੂ ਹੋ ਚੁੱਕਾ ਹੈ ਅਤੇ ਜਲਦੀ ਹੀ ਚੋਣਾਂ ਹੋਣਗੀਆਂ। ਮੈਂ ਲੋਕ ਸਭਾ ਵਿੱਚ ਭਰੋਸਾ ਦਿਵਾਇਆ ਹੈ ਕਿ ਜਿਵੇਂ ਹੀ ਜੰਮੂ ਕਸਮੀਰ ਵਿੱਚ ਹਾਲਾਤ ਆਮ ਵਰਗੇ ਹੋ ਜਾਣਗੇ, ਸੂਬੇ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ।" ਇੱਕ ਸਾਲ ਅਤੇ ਇੱਕ ਮਹੀਨੇ ਮਗਰੋਂ ਗ੍ਰਹਿ ਮੰਤਰੀ ਨੇ ਇੱਕ ਵਾਰ ਫਿਰ (ਸਰਕਾਰ ਪੱਖੀ ਇੱਕ ਟੀਵੀ ਚੈਨਲ ਨੂੰ ਦਿੱਤੀ ਇੰਟਰਵਿਊ ਵਿੱਚ) ਪੁਸਟੀ ਕੀਤੀ, "ਮੈਂ ਸਪੱਸ਼ਟ ਕਿਹਾ ਸੀ ਕਿ ਜੰਮੂ ਕਸਮੀਰ ਵਿੱਚ ਚੋਣਾਂ ਹੋਣ ਮਗਰੋਂ ਸੂਬੇ ਦਾ ਦਰਜਾ ਬਹਾਲ ਕਰ ਦਿੱਤਾ ਜਾਵੇਗਾ।"




2022 ਵਿੱਚ ਜੰਮੂ ਕਸਮੀਰ ਵਿੱਚ ਚੋਣ ਹਲਕਿਆਂ ਦੀ ਨਵੇਂ ਸਿਰਿਓਂ ਹੱਦਬੰਦੀ ਕੀਤੀ ਗਈ, ਜਿਸ ਵਿੱਚ ਜੰਮੂ ਖੇਤਰ ਵਿੱਚ ਵਿਧਾਨ ਸਭਾ ਦੀਆਂ ਛੇ ਸੀਟਾਂ ਅਤੇ ਕਸਮੀਰ ਵਿੱਚ ਮਹਿਜ ਇੱਕ ਸੀਟ ਵਧਾਈ ਗਈ। ਚੋਣਾਂ ਸਤੰਬਰ 2024 ਵਿੱਚ ਹੋਣੀਆਂ ਤੈਅ ਹੋਈਆਂ ਤਾਂ ਅਪਰੈਲ ਵਿੱਚ ਊਧਮਪੁਰ-ਡੋਡਾ ਵਿੱਚ ਚੋਣ ਪ੍ਰਚਾਰ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਚੋਣਾਂ ਮਗਰੋਂ ਸੂਬੇ ਦਾ ਦਰਜਾ ਬਹਾਲ ਕਰ ਦੇਵੇਗੀ।

ਸ੍ਰੀ ਮੋਦੀ ਅਤੇ ਸ੍ਰੀ ਸਾਹ ਨੂੰ ਉਮੀਦ ਸੀ ਕਿ ਹਲਕਿਆਂ ਦੀ ਮਨਮਰਜੀ ਨਾਲ ਕੀਤੀ ਹਲਕਾਬੰਦੀ ਅਤੇ ਵਾਦੀ-ਆਧਾਰਿਤ ਪਾਰਟੀਆਂ ਵਿਚਾਲੇ ਵੋਟਾਂ ਦੀ ਵੰਡ ਨਾਲ ਤ੍ਰਿਸੰਕੂ ਨਤੀਜਾ ਆਵੇਗਾ, ਜਿਸ ਨਾਲ ਭਾਜਪਾ ਨੂੰ ਧਮਕੀਆਂ, ਡਰਾਵਿਆਂ, ਲਾਲਚ ਅਤੇ ਖਰੀਦ-ਫਰੋਖਤ ਦੇ ਆਪਣੇ ਪਰਖੇ ਹੋਏ ਹਥਕੰਡਿਆਂ ਰਾਹੀਂ ਸੱਤਾ 'ਤੇ ਕਬਜਾ ਕਰਨ ਦਾ ਮੌਕਾ ਮਿਲ ਜਾਵੇਗਾ। ਇਹ ਚਾਲਬਾਜੀਆਂ ਵੀ 'ਇੰਡੀਆ' ਗੱਠਜੋੜ ਨੂੰ ਵਿਧਾਨ ਸਭਾ ਚੋਣਾਂ ਵਿੱਚ ਪੂਰਨ ਬਹੁਮੱਤ ਹਾਸਲ ਕਰਨ ਤੋਂ ਨਾ ਰੋਕ ਸਕੀਆਂ। ਗੱਠਜੋੜ ਨੇ ਕੁੱਲ 90 ਵਿੱਚੋਂ 49 ਸੀਟਾਂ 'ਤੇ ਜਿੱਤ ਦਰਜ ਕੀਤੀ, ਜਿਨ੍ਹਾਂ ਵਿੱਚੋਂ ਇਕੱਲੀ ਨੈਸਨਲ ਕਾਨਫਰੰਸ ਨੇ 42 ਸੀਟਾਂ ਜਿੱਤੀਆਂ। ਇਸ ਮਗਰੋਂ ਉਮਰ ਅਬਦੁੱਲਾ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ।

ਸੂਬੇ ਦਾ ਦਰਜਾ ਦੇਣ ਬਾਰੇ ਕੀਤੇ ਵਾਅਦਿਆਂ ਬਾਰੇ 'ਕਸਮੀਰ ਟਾਈਮਜ' ਦੀ ਵੇਰਵਾ ਲੜੀ ਅਪਰੈਲ 2024 ਵਿੱਚ ਊਧਮਪੁਰ-ਡੋਡਾ ਵਿੱਚ ਸ੍ਰੀ ਮੋਦੀ ਦੇ ਭਾਸਣ ਤੱਕ ਦੀ ਕਹਾਣੀ ਬਿਆਨ ਕਰਦੀ ਹੈ। ਇਸ ਮਗਰੋਂ ਹੋਈਆਂ ਵਿਧਾਨ ਸਭਾ ਚੋਣਾਂ ਨੇ ਜੰਮੂ-ਕਸਮੀਰ ਵਿੱਚ ਭਾਜਪਾ ਦੀ ਅਗਵਾਈ ਹੇਠ ਸਰਕਾਰ ਬਣਾਉਣ ਦੀਆਂ ਸੱਤਾਧਾਰੀ ਧਿਰ ਦੀਆਂ ਉਮੀਦਾਂ 'ਤੇ ਪਾਣੀ ਫੇਰ ਦਿੱਤਾ। ਇਸ ਦੇ ਬਾਵਜੂਦ ਮਾਰਚ 2025 ਵਿੱਚ ਅਮਿਤ ਸਾਹ ਨੇ ਦਿੱਲੀ ਵਿੱਚ ਇੱਕ ਮੀਟਿੰਗ ਦੌਰਾਨ ਕਿਹਾ ਕਿ ਸੂਬੇ ਦਾ ਦਰਜਾ ਬਹਾਲ ਕੀਤਾ ਜਾਵੇਗਾ ਅਤੇ ਉਸੇ ਸਾਲ ਅਕਤੂਬਰ ਵਿੱਚ ਉਨ੍ਹਾਂ ਨੇ ਇਹ ਦਾਅਵਾ ਦੁਹਰਾਉਂਦਿਆਂ ਕਿਹਾ ਕਿ ਇਹ 'ਢੁੱਕਵੇਂ ਵੇਲੇ' ਕੀਤਾ ਜਾਵੇਗਾ। ਇਨ੍ਹਾਂ ਅਧੂਰੇ ਵਾਅਦਿਆਂ ਵਿੱਚ ਵਰਤੀ ਗਈ ਭਾਸਾ 'ਤੇ ਧਿਆਨ ਦੇਈਏ ਤਾਂ ਇਸ ਜਾਣਬੁੱਝ ਕੇ ਕੀਤੀ ਗਈ ਅਸਪੱਸਟ ਅਤੇ ਗੋਲ-ਮੋਲ ਬਿਆਨਬਾਜੀ ਨੂੰ ਦੇਖ ਕੇ ਹੈਰਾਨੀ ਹੁੰਦੀ ਹੈ, ਜਿਵੇਂ ਕਿ 'ਹਾਲਾਤ ਸੁਖਾਵੇਂ ਹੋਣ 'ਤੇ', 'ਜਲਦੀ', 'ਢੁੱਕਵਾਂ ਵੇਲਾ' ਅਤੇ 'ਸਹੀ ਸਮਾਂ' ਆਦਿ। ਇਹ ਕਿਵੇਂ ਤੈਅ ਹੋਵੇਗਾ ਕਿ ਇਹ ਮੌਕਾ ਆਖਰ ਕਦੋਂ ਆਵੇਗਾ? ਅਜਿਹੀ ਬਿਆਨਬਾਜੀ ਦਾ ਮਕਸਦ ਸਿਰਫ ਮਾਮਲੇ ਨੂੰ ਲਮਕਾਉਣਾ ਹੈ ਤਾਂ ਜੋ ਜੰਮੂ ਕਸਮੀਰ ਨੂੰ ਉਸ ਦਾ ਬਣਦਾ ਪੂਰਨ ਸੂਬੇ ਦਾ ਹੱਕ ਦੇਣ ਵਿੱਚ ਹੋਰ ਦੇਰੀ ਕੀਤੀ ਜਾ ਸਕੇ।

ਅਗਸਤ 2019 ਮਗਰੋਂ ਜੰਮੂ ਕਸਮੀਰ ਵਿੱਚ ਜੋ ਵੀ ਕੀਤਾ ਗਿਆ (ਅਤੇ ਜੋ ਨਹੀਂ ਕੀਤਾ ਗਿਆ)- ਉਸ ਤੋਂ ਮੋਦੀ-ਸਾਹ ਹਕੂਮਤ ਦਾ ਇਸ ਖੇਤਰ ਦੇ ਲੋਕਾਂ ਦੇ ਜਮਹੂਰੀ ਹੱਕਾਂ ਪ੍ਰਤੀ ਹੰਕਾਰੀ ਰਵੱਈਆ ਝਲਕਦਾ ਹੈ। ਇਸੇ ਰਵੱਈਏ ਦੀ ਸਭ ਤੋਂ ਤਾਜਾ ਮਿਸਾਲ ਇਸੇ ਮਹੀਨੇ ਦੇ ਸੁਰੂ ਵਿੱਚ ਅਨੰਤਨਾਗ ਵਿੱਚ ਹੋਏ ਦਹਿਸ਼ਤੀ ਹਮਲੇ ਦੌਰਾਨ ਪੁਲੀਸ ਕਾਂਸਟੇਬਲ ਦੇ ਮਾਰੇ ਜਾਣ ਮਗਰੋਂ ਵਾਦੀ ਵਿੱਚੋਂ ਲਗਪਗ 2,500 ਲੋਕਾਂ ਨੂੰ ਚੁੱਕਿਆ ਜਾਣਾ ਹੈ। ਕਾਨੂੰਨ ਦੀ ਕਿਹੜੀ ਅਦਾਲਤ ਜਾਂ ਸੰਵਿਧਾਨ ਦੀ ਕਿਹੜੀ ਵਿਆਖਿਆ ਤਹਿਤ ਇੱਕ ਵਿਅਕਤੀ ਦੇ ਕਤਲ ਦੇ ਸੱਕ ਵਿੱਚ ਇੰਨੀ ਵੱਡੀ ਗਿਣਤੀ ਵਿੱਚ ਭਾਰਤੀ ਨਾਗਰਿਕਾਂ ਨੂੰ ਫੜਿਆ ਜਾ ਸਕਦਾ ਹੈ?

ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਜੰਮੂ ਕਸਮੀਰ ਦੇ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਅਣਗੌਲਿਆਂ ਕਰ ਰਹੇ ਹਨ ਜਦੋਂਕਿ ਹਿੰਦੂਤਵ ਦਾ ਵਿਸਾਲ ਤਾਣਾ-ਬਾਣਾ

ਇਸ ਖੇਤਰ ਤੇ ਖਾਸਕਰ ਕਸਮੀਰ ਦੇ ਲੋਕਾਂ ਨੂੰ ਬਦਨਾਮ ਕਰਨ ਵਿੱਚ ਲੱਗਿਆ ਹੋਇਆ ਹੈ। 'ਚੌਹਾਨ' ਨਾਮ ਦੀ ਫਿਲਮ ਦੇ ਹਾਲ ਹੀ ਵਿੱਚ ਰਿਲੀਜ ਹੋਏ ਟ੍ਰੇਲਰ ਨੂੰ ਹੀ ਦੇਖ ਲਵੋ, ਜੋ ਵਰ੍ਹਿਆਂ ਤੋਂ ਪੁਲੀਸ ਅਤੇ ਸੁਰੱਖਿਆ ਬਲਾਂ ਹੱਥੋਂ ਆਮ ਕਸਮੀਰੀਆਂ ਵੱਲੋਂ ਹੰਢਾਏ ਗਏ ਤਸੱਦਦ ਦਾ ਮਜਾਕ ਉਡਾਉਂਦਾ ਅਤੇ ਉਸ ਨੂੰ ਮਾਮੂਲੀ ਦਰਸਾਉਂਦਾ ਹੈ। ਟ੍ਰੇਲਰ ਨੇ ਵਾਦੀ ਵਿੱਚ ਭਾਰੀ ਰੋਸ ਪੈਦਾ ਕਰ ਦਿੱਤਾ ਹੈ ਕਿਉਂਕਿ ਇਸ ਵਿੱਚ ਜਾਹਰਾ ਤੌਰ 'ਤੇ ਇਹ ਸੁਝਾਅ ਦਿੱਤਾ ਗਿਆ ਹੈ ਕਿ ਜੇਕਰ ਕਸਮੀਰੀ ਫਿਰ ਆਪਣੇ ਜਮਹੂਰੀ ਹੱਕ ਮੰਗਦੇ ਹਨ ਤਾਂ ਸਰਕਾਰ ਵੱਲੋਂ ਉਨ੍ਹਾਂ 'ਤੇ ਹੋਰ ਵੀ ਬੇਰਹਿਮੀ ਨਾਲ ਤਸੱਦਦ ਕੀਤਾ ਜਾ ਸਕਦਾ ਹੈ।

2024 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਹੋਇਆ ਰਿਕਾਰਡ 64 ਫੀਸਦੀ ਮਤਦਾਨ ਜੰਮੂ ਕਸਮੀਰ ਦੇ ਲੋਕਾਂ ਦਾ ਬਹੁ-ਪਾਰਟੀ ਜਮਹੂਰੀ ਪ੍ਰਣਾਲੀ ਵਿੱਚ ਡੂੰਘੇ ਵਿਸਵਾਸ ਨੂੰ ਦਰਸਾਉਂਦਾ ਹੈ।

ਨੈਸਨਲ ਕਾਨਫਰੰਸ ਨੂੰ ਸੱਤਾ ਵਿੱਚ ਆਇਆਂ ਹੁਣ ਦੋ ਸਾਲਾਂ ਤੋਂ ਥੋੜ੍ਹਾ ਘੱਟ ਸਮਾਂ ਹੋ ਗਿਆ ਹੈ, ਪਰ ਕੇਂਦਰ ਸਰਕਾਰ ਨੇ ਜਮਹੂਰੀ ਪ੍ਰਕਿਰਿਆ ਦਾ ਮਜਾਕ ਉਡਾਉਂਦਿਆਂ ਹਾਲੇ ਤੱਕ ਸੂਬੇ ਦਾ ਦਰਜਾ ਬਹਾਲ ਕਰਨ ਤੋਂ ਇਨਕਾਰ ਕੀਤਾ ਹੋਇਆ ਹੈ। ਇਸੇ ਮਹੀਨੇ ਦੇ ਸੁਰੂ ਵਿੱਚ ਜੰਮੂ ਕਸਮੀਰ ਦੇ ਉਪ ਮੁੱਖ ਮੰਤਰੀ ਸੁਰਿੰਦਰ ਚੌਧਰੀ ਨੇ ਦੱਸਿਆ ਸੀ ਕਿ ਸੂਬੇ ਦਾ ਦਰਜਾ ਨਾ ਹੋਣ ਕਾਰਨ ਚੁਣੀ ਹੋਈ ਸਰਕਾਰ ਕੋਲ ਨਾਂ-ਮਾਤਰ ਸਕਤੀਆਂ ਹੀ ਹਨ। 'ਦਿ ਪ੍ਰਿੰਟ' ਦੀ ਇੱਕ ਰਿਪੋਰਟ ਵਿੱਚ ਉਨ੍ਹਾਂ ਦੇ ਹਵਾਲੇ ਨਾਲ ਲਿਖਿਆ ਗਿਆ: 'ਅਸੀਂ ਲੋਕਾਂ ਦੀ ਸੇਵਾ ਕਰਨਾ ਚਾਹੁੰਦੇ ਹਾਂ। ਹਰ ਘਰ ਵਿੱਚ ਬੇਰੁਜਗਾਰੀ ਹੈ, ਪਰ ਅਸੀਂ ਇੱਕ ਦਿਹਾੜੀਦਾਰ ਵੀ ਨਿਯੁਕਤ ਨਹੀਂ ਕਰ ਸਕਦੇ'।

1950 ਤੋਂ 2019 ਦਰਮਿਆਨ ਜੰਮੂ ਕਸਮੀਰ ਭਾਰਤੀ ਸੰਘ ਦਾ ਇੱਕ ਪੂਰਨ ਸੂਬਾ ਸੀ। ਉਸ ਦੌਰਾਨ ਭਾਰਤ ਦੇ ਹੋਰ ਨੌਂ ਹਿਮਾਲਿਆਈ ਖੇਤਰਾਂ ਨੂੰ ਪੂਰਨ ਸੂਬੇ ਦਾ ਦਰਜਾ ਦਿੱਤਾ ਗਿਆ, ਜਿਨ੍ਹਾਂ ਲਈ ਪਹਿਲਾਂ ਅਜਿਹਾ ਕਰਨਾ ਨਾਮੁਮਕਿਨ ਮੰਨਿਆ ਜਾਂਦਾ ਸੀ। ਇਹ ਸੂਬੇ ਹਨ: ਅਰੁਣਾਚਲ ਪ੍ਰਦੇਸ, ਨਾਗਾਲੈਂਡ, ਮਿਜੋਰਮ, ਮੇਘਾਲਿਆ, ਸਿੱਕਿਮ, ਤ੍ਰਿਪੁਰਾ, ਮਨੀਪੁਰ, ਹਿਮਾਚਲ ਪ੍ਰਦੇਸ ਅਤੇ ਉੱਤਰਾਖੰਡ।

ਗੌਰਤਲਬ ਹੈ ਕਿ ਇਨ੍ਹਾਂ ਸਾਰੇ ਸੂਬਿਆਂ ਦੀ ਆਬਾਦੀ ਜੰਮੂ ਕਸਮੀਰ ਨਾਲੋਂ ਘੱਟ ਹੈ ਸਗੋਂ ਜਿਆਦਾਤਰ ਮਾਮਲਿਆਂ ਵਿੱਚ ਤਾਂ ਬਹੁਤ ਹੀ ਜਿਆਦਾ ਘੱਟ। ਫਿਰ ਅਜਿਹਾ ਕਿਉਂ ਹੈ ਕਿ ਇਹ ਸਾਰੇ ਖੇਤਰ ਪੂਰਨ ਸੂਬੇ ਵਜੋਂ ਮਾਨਤਾ ਪ੍ਰਾਪਤ ਕਰ ਸਕਦੇ ਹਨ, ਜਿਨ੍ਹਾਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਕੋਲ ਅਸਲ ਸਕਤੀਆਂ ਹਨ ਪਰ ਜੰਮੂ ਕਸਮੀਰ 'ਚ ਨਹੀਂ? ਉੱਥੇ ਅਗਸਤ 2019 ਤੋਂ ਬਾਅਦ ਉਪ-ਰਾਜਪਾਲ ਕੇਂਦਰ ਸਰਕਾਰ ਵੱਲੋਂ ਭੇਜੇ ਗਏ ਵਾਇਸਰਾਏ ਵਾਂਗ ਰਾਜ ਕਰ ਰਿਹਾ ਹੈ, ਜੋ ਲੋਕਾਂ ਨੇ ਨਹੀਂ ਚੁਣਿਆ। ਮੈਨੂੰ ਜਾਪਦਾ ਹੈ ਕਿ ਇਸ ਦਾ ਜਵਾਬ ਲੱਭਣਾ ਕੋਈ ਔਖਾ ਨਹੀਂ। ਜਵਾਬ ਇਹ ਹੈ ਕਿ ਉਨ੍ਹਾਂ ਵਿੱਚੋਂ ਕਿਸੇ ਵੀ ਸੂਬੇ ਵਿੱਚ ਮੁਸਲਿਮ ਆਬਾਦੀ ਬਹੁਮੱਤ ਵਿੱਚ ਨਹੀਂ ਹੈ; ਅਤੇ ਹਿੰਦੂਤਵ ਦੀ ਜਿਸ ਵਿਚਾਰਧਾਰਾ ਨੂੰ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਮੰਨਦੇ ਹਨ ਉਹ ਮੁਸਲਮਾਨਾਂ ਨੂੰ ਗਣਰਾਜ ਦੇ ਪੂਰਨ ਨਾਗਰਿਕਾਂ ਦੀ ਬਜਾਏ ਰਹਿਮੋ-ਕਰਮ 'ਤੇ ਜਿਊਣ ਵਾਲੀ ਰਿਆਇਆ ਵਜੋਂ ਦੇਖਣ ਦਾ ਰੁਝਾਨ ਰੱਖਦੀ ਹੈ। ਜੰਮੂ ਕਸਮੀਰ ਨੂੰ ਸੂਬੇ ਦਾ ਦਰਜਾ ਦੇਣ ਤੋਂ ਲਗਾਤਾਰ ਕੀਤਾ ਜਾ ਰਿਹਾ ਇਨਕਾਰ ਉਸ ਘਾਤਕ ਬਹੁਗਿਣਤੀਵਾਦ ਦੀ ਹੀ ਤਰਜਮਾਨੀ ਕਰਦਾ ਹੈ, ਜੋ ਭਾਰਤੀ ਜਮਹੂਰੀਅਤ ਨੂੰ ਖੋਰੂੰ-ਖੋਰੂੰ ਕਰ ਰਿਹਾ ਹੈ।

ਰਾਮਚੰਦਰ ਗੂਹਾ

# ਜਦੋਂ ਬੋਲ ਪੈਂਦੀ ਸੀ ਮਿੱਟੀ

ਕਿਸੇ ਪਿੰਡ 'ਚ ਦਾਖਲ ਹੋਣ ਤੋਂ ਪਹਿਲਾਂ ਜੇ ਕੰਨਾਂ 'ਚ ਚੱਕ ਦੇ ਘੁੰਮਣ ਦੀ ਆਵਾਜ ਪੈ ਜਾਵੇ ਤਾਂ ਸਮਝੋ ਅਜੇ ਉਸ ਪਿੰਡ ਦੀ ਰੂਹ ਜਿਉਂਦੀ ਹੈ। ਉਹ ਚੱਕ ਸਿਰਫ ਮਿੱਟੀ ਨਹੀਂ ਘੁਮਾਉਂਦਾ ਸੀ, ਉਹ ਸਮੇਂ ਦੇ ਪਹੀਏ ਨੂੰ ਵੀ ਗੇੜਾ ਦਿੰਦਾ ਸੀ; ਉਹ ਵਿਰਾਸਤ ਨੂੰ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਸੌਂਪਦਾ ਸੀ। ਉਸ ਚੱਕ ਦੇ ਗੇੜਾਂ ਨਾਲ ਪਿੰਡ ਦਾ ਜੀਵਨ ਵੀ ਨਿਰਵਿਘਨ ਘੁੰਮਦਾ ਸੀ। ਘੁਮਿਆਰ ਜਦੋਂ ਆਪਣੇ ਹੱਥਾਂ ਨਾਲ ਮਿੱਟੀ ਨੂੰ ਛੂੰਹਦਾ ਸੀ ਤਾਂ ਉਹ ਕੇਵਲ ਇਕ ਭਾਂਡਾ ਨਹੀਂ ਸਿਰਜਦਾ ਸੀ, ਸਗੋਂ ਉਹ ਧਰਤੀ ਨੂੰ ਇਕ ਨਵਾਂ ਆਕਾਰ ਦੇ ਕੇ ਭਾਈਚਾਰਕ ਸਾਂਝ ਸਿਰਜ ਰਿਹਾ ਹੁੰਦਾ ਸੀ। ਉਸ ਦੀਆਂ ਉਂਗਲਾਂ 'ਚ ਕੋਈ ਜਾਦੂ ਨਹੀਂ ਸੀ ਪਰ ਸਦੀਆਂ ਦੇ ਤਜਰਬੇ ਦੀ ਉਹ ਡੂੰਘੀ ਸੂਝ ਸੀ, ਜੋ ਮਿੱਟੀ 'ਚੋਂ ਵੀ ਸੁੰਦਰਤਾ ਤਲਾਸ ਲੈਂਦੀ ਸੀ। ਡੰਡੇ ਦੀ ਇਕ ਠਾਹ, ਚੱਕ ਦਾ ਇੱਕ ਗੇੜ ਅਤੇ ਹੱਥਾਂ ਦਾ ਇੱਕ ਹੌਲਾ ਜਿਹਾ ਦਬਾਅ, ਇੰਨਾ ਹੀ ਕਾਫੀ ਹੁੰਦਾ ਸੀ ਕਿ ਗੂੰਗੀ ਮਿੱਟੀ ਬੋਲ ਪੈਂਦੀ ਸੀ। ਲੋਕ ਘੁਮਿਆਰਾਂ ਦੇ ਘਰ ਸਿਰਫ ਭਾਂਡੇ ਹੀ ਨਹੀਂ ਲੈਣ ਆਉਂਦੇ ਸਨ, ਸਗੋਂ ਸੁੱਖ-ਦੁੱਖ ਦੀ ਭਾਈਚਾਰਕ ਸਾਂਝ ਨੂੰ ਹੋਰ ਪੀਡਾ ਕਰ ਜਾਂਦੇ ਸਨ। ਮਿੱਟੀ ਦਾ ਘੜਾ ਸਿਰਫ ਪਾਣੀ ਨਹੀਂ ਸੰਭਾਲਦਾ ਸੀ; ਉਹ ਗਰਮੀਆਂ ਦੀ ਠੰਢਕ, ਮਾਂ ਦੀ ਮਮਤਾ ਅਤੇ ਘਰ ਦੀ ਸਾਦਗੀ ਨੂੰ ਵੀ ਆਪਣੇ ਅੰਦਰ ਸਾਂਭੀ ਰੱਖਦਾ ਸੀ। ਮਿੱਟੀ ਦਾ ਦੀਵਾ ਕੇਵਲ ਰੌਸਨੀ ਨਹੀਂ ਕਰਦਾ ਸੀ; ਉਹ ਮਨੁੱਖ ਤੇ ਮਿੱਟੀ ਦੇ ਉਸ ਅਟੁੱਟ ਰਿਸਤੇ ਨੂੰ ਵੀ ਰੁਸਨਾਉਂਦਾ ਸੀ, ਜਿਸ ਤੋਂ ਸਾਰੀ ਸ੍ਰਿਸਟੀ ਜਨਮ ਲੈਂਦੀ ਹੈ ਪਰ ਸਮੇਂ ਦੀ ਦੌੜ ਬਹੁਤ ਤੇਜ ਨਿਕਲੀ। ਮਸੀਨੀਕਰਨ ਅਤੇ ਪੂੰਜੀਵਾਦ ਦੇ ਇਸ ਯੁੱਗ ਨੇ ਸਭ ਕੁਝ ਬਦਲ ਕੇ ਰੱਖ ਦਿੱਤਾ। ਬਿਜਲੀ ਨਾਲ ਚੱਲਣ ਵਾਲੇ ਚੱਕ ਆ ਗਏ ਅਤੇ ਵੱਡੇ-ਵੱਡੇ ਕਾਰਖਾਨਿਆਂ 'ਚ ਇਕੋ ਜਿਹੇ ਹਜਾਰਾਂ ਭਾਂਡੇ ਪਲਾਂ 'ਚ ਤਿਆਰ ਹੋਣ ਲੱਗ ਪਏ। ਮਸੀਨਾਂ ਨੇ ਰਫਤਾਰ ਤਾਂ ਦੇ ਦਿੱਤੀ ਪਰ ਉਹ ਰੂਹ ਕਿੱਥੋਂ ਲਿਆਉਂਦੀਆਂ ਜੋ ਇਕ ਘੁਮਿਆਰ ਦੇ ਪਿਆਰ-ਭੁੱਖੇ ਹੱਥਾਂ 'ਚ ਵੱਸਦੀ ਸੀ? ਅੱਜ ਭਾਂਡੇ ਤਾਂ ਪਹਿਲਾਂ ਨਾਲੋਂ ਕਿਤੇ ਵੱਧ ਬਣਦੇ ਹਨ ਪਰ ਉਨ੍ਹਾਂ 'ਚੋਂ ਮਿੱਟੀ ਦੀ ਮਹਿਕ, ਅਪਣੱਤ ਅਤੇ ਮਨੁੱਖੀ ਛੋਹ ਸਦਾ ਲਈ ਅਲੋਪ ਹੋ ਗਈ ਹੈ। ਆਧੁਨਿਕਤਾ ਦੀ ਇਸ ਅੰਨ੍ਹੀ ਦੌੜ 'ਚ ਅਸੀਂ ਇਹ ਵੀ ਭੁੱਲ ਗਏ ਕਿ ਘੁਮਿਆਰ ਦੀ ਇਹ ਕਲਾ ਕੁਦਰਤ ਦੇ ਕਿੰਨੀ ਨੇੜੇ ਸੀ। ਮਿੱਟੀ ਦੇ ਬਣੇ ਇਹ ਭਾਂਡੇ ਪੂਰੀ ਤਰ੍ਹਾਂ ਵਾਤਾਵਰਨ ਅਨੁਕੂਲ ਹੁੰਦੇ ਸਨ, ਜੋ ਟੁੱਟਣ ਮਗਰੋਂ ਵਾਪਸ ਮਿੱਟੀ 'ਚ ਮਿਲ ਕੇ ਧਰਤੀ ਦੀ ਗੋਦ 'ਚ ਸਮਾ ਜਾਂਦੇ ਸਨ। ਦੂਜੇ ਪਾਸੇ, ਫੈਕਟਰੀਆਂ 'ਚੋਂ ਨਿਕਲੇ ਪਲਾਸਟਿਕ ਅਤੇ ਰਸਾਇਣਾਂ ਨਾਲ ਬਣੇ ਭਾਂਡਿਆਂ ਨੇ ਨਾ ਸਿਰਫ ਸਾਡੀ ਸਿਹਤ ਨੂੰ ਖੋਰਾ ਲਾਇਆ ਹੈ, ਸਗੋਂ ਸਾਡੀ ਧਰਤੀ ਨੂੰ ਵੀ ਪ੍ਰਦੂਸਣ ਦਾ ਇਕ ਨਾ-ਮੁੱਕਣ ਵਾਲਾ ਸਰਾਪ ਦੇ ਦਿੱਤਾ ਹੈ। ਅੱਜ ਪਿੰਡਾਂ 'ਚ ਉਹ ਚੱਕ ਲੱਭਣੇ ਵੀ ਔਖੇ ਹੋ ਗਏ ਹਨ, ਜੋ ਕਦੇ ਸਵੇਰ ਤੋਂ ਸਾਮ ਤੱਕ ਘੁੰਮਦੇ ਰਹਿੰਦੇ ਸਨ। ਕਈ ਚੱਕ ਕਿਸੇ ਹਨੇਰੀ ਨੁੱਕਰ 'ਚ ਧੂੜ ਨਾਲ ਲਿਬੜੇ, ਆਪਣੀ ਹੋਣੀ 'ਤੇ ਹੰਝੂ ਵਹਾ ਰਹੇ ਹਨ। ਕਈ ਘੁਮਿਆਰ ਆਪਣੇ ਹੱਥਾਂ ਦੀ ਇਸ ਪਵਿੱਤਰ ਕਲਾ ਨੂੰ ਛੱਡ ਕੇ ਮਜਦੂਰੀ ਕਰਨ ਲਈ ਮਜਬੂਰ ਹੋ ਗਏ ਹਨ। ਉਨ੍ਹਾਂ ਦੇ ਬੱਚਿਆਂ ਨੇ ਵੀ ਇਹ ਕਿੱਤਾ ਅਪਣਾਉਣ ਦੀ ਬਜਾਏ ਹੋਰ ਰਾਹ ਚੁਣ ਲਏ ਹਨ, ਕਿਉਂਕਿ ਕਲਾ ਕਦੇ ਵੀ ਪੇਟ ਦੀ ਭੁੱਖ ਤੋਂ ਵੱਡੀ ਨਹੀਂ ਹੋ ਸਕਦੀ। ਜਦੋਂ ਕੋਈ ਲੋਕ-ਕਲਾ ਮਰਦੀ ਹੈ ਤਾਂ ਕੇਵਲ ਇਕ ਹੁਨਰ ਨਹੀਂ ਮਰਦਾ; ਉਸ ਨਾਲ ਇਕ ਯੁੱਗ ਦੀ ਯਾਦ, ਇਕ ਸਮਾਜ ਦੀ ਪਛਾਣ ਅਤੇ ਇਕ ਸੱਭਿਆਚਾਰ ਦੀ ਧੜਕਣ ਵੀ ਮੱਧਮ ਪੈ ਜਾਂਦੀ ਹੈ। ਚੱਕ ਦਾ ਰੁਕਣਾ ਇਸ ਗੱਲ ਦਾ ਸਪੱਸਟ ਸੰਕੇਤ ਹੈ ਕਿ ਅਸੀਂ ਆਪਣੀਆਂ ਜੜ੍ਹਾਂ ਤੋਂ ਕਿੰਨੀ ਤੇਜੀ ਨਾਲ ਦੂਰ ਹੋ ਰਹੇ ਹਾਂ, ਜਿਨ੍ਹਾਂ ਹੱਥਾਂ ਨੇ ਸਾਡੀ ਰੋਜਮਰ੍ਹਾ ਦੀ ਜਿੰਦਗੀ ਨੂੰ ਰੂਪ ਦਿੱਤਾ, ਅੱਜ ਉਹੀ ਹੱਥ ਆਪਣੀ ਪਛਾਣ ਲਈ ਤਰਸ ਰਹੇ ਹਨ। ਵਿਕਾਸ ਦਾ ਵਿਰੋਧ ਨਹੀਂ ਕੀਤਾ ਜਾ ਸਕਦਾ ਪਰ ਵਿਕਾਸ ਦੇ ਨਾਮ 'ਤੇ ਆਪਣੀ ਵਿਰਾਸਤ ਨੂੰ ਵਿਸਾਰ ਦੇਣਾ ਵੀ ਅਕਲਮੰਦੀ ਨਹੀਂ ਹੈ। ਮਸੀਨਾਂ ਮਨੁੱਖ ਦੀ ਥਾਂ ਕੰਮ ਤਾਂ ਕਰ ਸਕਦੀਆਂ ਹਨ ਪਰ ਮਨੁੱਖ ਦੇ ਦਿਲ ਦੀ ਥਾਂ ਨਹੀਂ ਲੈ ਸਕਦੀਆਂ। ਅੱਜ ਲੋੜ ਹੈ ਕਿ ਸਰਕਾਰਾਂ ਅਤੇ ਸਮਾਜ ਇਸ ਮਰ ਰਹੀ ਕਲਾ ਨੂੰ ਸੰਭਾਲਣ ਲਈ ਅੱਗੇ ਆਉਣ। ਹੱਥੀਂ ਕੰਮ ਕਰਨ ਵਾਲੇ ਇਨ੍ਹਾਂ ਕਾਰੀਗਰਾਂ ਨੂੰ ਵਿੱਤੀ ਸਹਾਇਤਾ ਅਤੇ ਢੁਕਵੇਂ ਬਾਜਾਰ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ, ਤਾਂ ਜੋ ਨਵੀਂ ਪੀੜ੍ਹੀ ਇਸਨੂੰ ਇਕ ਮਾਣਮੱਤੇ ਕਿੱਤੇ ਵਜੋਂ ਅਪਣਾ ਸਕੇ। ਘੁਮਿਆਰ ਦੇ ਹੱਥਾਂ ਨਾਲ ਬਣਿਆ ਇਕ ਸਾਦਾ ਜਿਹਾ ਕੁੱਲ੍ਹੜ ਵੀ ਉਸ ਫੈਕਟਰੀ 'ਚ ਬਣੇ ਹਜਾਰਾਂ ਭਾਂਡਿਆਂ ਨਾਲੋਂ ਕਿਤੇ ਵੱਧ ਕੀਮਤੀ ਹੈ, ਕਿਉਂਕਿ ਉਸ ਵਿੱਚ ਮਿੱਟੀ ਦੇ ਨਾਲ-ਨਾਲ ਮਨੁੱਖ ਦੀ ਰੂਹ ਵੀ ਰਲੀ ਹੁੰਦੀ ਹੈ। ਕਿੰਨਾ ਸੋਹਣਾ ਹੋਵੇ, ਜੇ ਆਉਣ ਵਾਲੀਆਂ ਪੀੜ੍ਹੀਆਂ ਸਿਰਫ ਕਿਤਾਬਾਂ 'ਚ ਹੀ ਨਾ ਪੜ੍ਹਨ ਕਿ ਕਦੇ ਘੁਮਿਆਰ ਹੱਥਾਂ ਨਾਲ ਚੱਕ ਘੁਮਾ ਕੇ ਭਾਂਡੇ ਬਣਾਉਂਦੇ ਸਨ, ਸਗੋਂ ਉਹ ਆਪਣੇ ਸਾਹਮਣੇ ਉਸ ਚੱਕ ਨੂੰ ਘੁੰਮਦਾ ਵੀ ਵੇਖਣ, ਬੇਰੂਪ ਮਿੱਟੀ ਨੂੰ ਸੁੰਦਰ ਰੂਪ ਲੈਂਦਿਆਂ ਵੀ ਵੇਖਣ ਅਤੇ ਇਹ ਸਮਝਣ ਕਿ ਸਭਿਆਚਾਰ ਸਿਰਫ ਉੱਚੀਆਂ ਇਮਾਰਤਾਂ ਨਾਲ ਨਹੀਂ, ਸਗੋਂ ਉਹਨਾਂ ਹੁਨਰਮੰਦ ਹੱਥਾਂ ਨਾਲ ਜਿਉਂਦਾ ਰਹਿੰਦਾ ਹੈ ਜੋ ਮਿੱਟੀ 'ਚ ਜਾਨ ਪਾ ਦਿੰਦੇ ਹਨ। ਕਿਉਂਕਿ ਜਦੋਂ ਚੱਕ ਰੁਕ ਜਾਂਦਾ ਹੈ, ਤਾਂ ਕੇਵਲ ਮਿੱਟੀ ਨਹੀਂ ਰੁਕਦੀਇੱਕ ਸੱਭਿਆਚਾਰ ਦਾ ਸਾਹ ਵੀ ਹੌਲੀ-ਹੌਲੀ ਠਹਿਰਨ ਲੱਗ ਪੈਂਦਾ ਹੈ।

ਰਣਜੀਤ ਸਿੰਘ ਝੁਨੀਰ

# ਦੰਦ ਸਾਫ਼ ਕਰਨ ਤੋਂ ਲੈ ਕੇ ਸਕਰਬਿੰਗ ਤਕ ਦੇ ਲਈ ਬੇਹੱਦ ਫਾਇਦੇਮੰਦ ਹੈ ਸਬਜ਼ੀਆਂ ਤੇ ਫ਼ਲਾਂ ਦੇ ਛਿਲਕੇ

ਫ਼ਲਾਂ ਤੇ ਸਬਜ਼ੀਆਂ ਦੇ ਛਿਲਕਿਆਂ ਨੂੰ ਬੇਕਾਰ ਸਮਝ ਕੇ ਸੁੱਟ ਦਿੰਦੇ ਹੋ ਤਾਂ ਤੁਹਾਨੂੰ ਦੱਸ ਦੇਈਏ ਕਿ ਕੁਝ ਫ਼ਲਾਂ ਤੇ ਸਬਜ਼ੀਆਂ ਦੇ ਛਿਲਕੇ ਸਕਿੱਨ ਤੋਂ ਲੈ ਕੇ ਵਾਲਾਂ, ਇੱਥੋਂ ਤਕ ਕਿ ਦੰਦਾਂ ਦੇ ਲਈ ਵੀ ਬਹੁਤ ਫਾਇਦੇਮੰਦ ਹੁੰਦੇ ਹਨ। ਜੀ ਹਾਂ, ਛਿਲਕਿਆਂ ਦਾ ਤੁਸੀਂ ਅਲੱਗ-ਅਲੱਗ ਤਰੀਕੇ ਨਾਲ ਇਸ ਦੀ ਵਰਤੋਂ ਆਪਣੀ ਸੁੰਦਰਤਾ ਨੂੰ ਵਧਾਉਣ ਅਤੇ ਬਰਕਰਾਰ ਰੱਖਣ ਲਈ ਕਰ ਸਕਦੇ ਹਾਂ ਤਾਂ ਆਓ ਜਾਣਦੇ ਹਾਂ ਇਸ ਬਾਰੇ ਜ਼ਿਆਦਾ ਵਿਸਥਾਰ 'ਚ...



***ਦੰਦਾਂ ਦੀ ਸਫ਼ਾਈ ਦੇ ਲਈ***

ਦੰਦ ਪੀਲੇ ਨਜ਼ਰ ਆ ਰਹੇ ਹਨ ਤਾਂ ਇਸ ਲਈ ਕੇਲੇ ਦੇ ਛਿਲਕੇ ਦੇ ਅੰਦਰ ਵਾਲੇ ਸਫ਼ੇਦ ਭਾਗ ਨੂੰ ਇਸ ਉੱਤੇ ਰਗੜੋ। ਕੇਲੇ 'ਚ ਹੀ ਨਹੀਂ ਬਲਕਿ ਇਸ ਦੇ ਛਿਲਕੇ 'ਚ ਵੀ ਪੋਟਾਸ਼ਿਅਮ,ਮੈਗਨੀਸ਼ਿਅਮ ਅਤੇ ਮੈਗਨੀਜ਼ ਦੀ ਮਾਤਰਾ ਹੁੰਦੀ ਹੈ ਜਿਸ ਨਾਲ ਦੰਦਾਂ ਦਾ ਪੀਲਾਪਨ ਦੂਰ ਹੁੰਦਾ ਹੈ, ਪਰ ਇਕ ਜਾਂ ਦੋ ਦਿਨ ਨਹੀਂ ਬਲਕਿ ਕੁਝ ਹਫ਼ਤੇ ਰੋਜ਼ ਇਸ ਦੀ ਵਰਤੋਂ ਕਰੋ ਸਫ਼ੇਦ ਤੇ ਚਮਕਦਾਰ ਦੰਦਾਂ ਦੇ ਲਈ।

***ਸਕ੍ਰਬਿੰਗ ਦੇ ਲਈ***

ਸੰਤਰੇ ਦੇ ਛਿਲਕਿਆਂ ਤੋਂ ਤੁਸੀਂ ਬਹੁਤ ਹੀ ਵਧੀਆ ਕੁਦਰਕੀ ਸਕ੍ਰਬ ਤਿਆਰ ਕਰ ਸਕਦੇ ਹੋ। ਛਿਲਕਿਆਂ ਨੂੰ ਸਭ ਤੋਂ ਪਹਿਲਾਂ ਤਿੰਨ ਜਾਂ ਚਾਰ ਦਿਨਾਂ ਤਕ ਤੇਜ਼ ਧੁੱਪ 'ਚ ਸੁਕਾ ਕੇ ਫਿਰ ਇਸ ਨੂੰ ਮਿਕਸੀ 'ਚ ਦਰਦਰਾ ਪੀਸ ਲਓ। ਹੁਣ ਇਸ 'ਚ ਸ਼ਹਿਦ ਜਾਂ ਦਹੀਂ ਜੋ ਘਰ 'ਚ ਆਸਾਨੀ ਨਾਲ ਮਿਲ ਜਾਵੇ ਮਿਕਸ ਕਰੋ। ਇਸ ਨਾਲ ਚਿਹਰੇ ਅਤੇ ਬਾਡੀ ਦੀ ਸਕ੍ਰਬਿੰਗ ਕਰੋ। 15-20 ਮਿੰਟ ਤਕ ਲੱਗਾ ਰਹਿਣ ਦਿਓ ਫਿਰ ਧੋ ਲਓ।

***ਕੀਟਨਾਸ਼ਕ ਦੇ ਰੂਪ 'ਚ***

ਘਰ 'ਚ ਬਹੁਤ ਮੱਖੀ-ਮੱਛਰ ਹੈ ਤਾਂ ਇਨ੍ਹਾਂ ਨੂੰ ਭਜਾਉਣ ਲਈ ਕੈਮੀਕਲ ਵਾਲੇ ਸਪਰੇਅ ਕਰਨ ਦੀ ਬਜਾਏ ਸੰਤਰੇ ਜਾਂ ਨਿੰਬੂ ਦੇ ਛਿਲਕਿਆਂ ਦੀ ਵਰਤੋਂ ਕਰੋ। ਇਨ੍ਹਾਂ ਦੇ ਛਿਲਕਿਆਂ ਨੂੰ ਦਰਵਾਜੇ, ਖਿੜਕੀਆਂ ਤੇ ਰਸੋਈ 'ਚ ਵੀ ਅਲੱਗ-ਅਲੱਗ ਜਗ੍ਹਾਂ 'ਤੇ ਰੱਖੋ।

***ਨਹਾਉਣ ਦੇ ਲਈ***

ਇਨ੍ਹਾਂ ਛਿਲਕਿਆਂ ਨੂੰ ਨਹਾਉਣ ਤੋਂ ਬਾਅਦ ਬਾਡੀ 'ਤੇ ਵੀ ਇਸਤੇਮਾਲ ਕੀਤਾ ਜਾ ਸਕਦਾ ਹੈ। ਇਸ ਨਾਲ ਵੱਖ-ਵੱਖ ਤਰ੍ਹਾਂ ਦੀ ਖ਼ੁਸ਼ਬੂ ਆਉਂਦੀ ਰਹਿੰਦੀ ਹੈ ਕਿਸੇ ਵੀ ਪਰਫਿਊਮ ਦੀ ਜਰੂਰਤ ਨਹੀਂ ਪੈਂਦੀ। ਪਰੇਸ਼ਾਨ ਨਾਂ ਕਰੇ, ਇਸ ਲਈ ਨਹਾਉਣ ਵਾਲੇ ਪਾਣੀ 'ਚ ਤੁਸੀਂ ਨਿੰਬੂ, ਸੰਤਰੇ ਜਾਂ ਖੀਰੇ ਦੇ ਕੁਝ ਛਿਲਕੇ ਪਾ ਕੇ ਕੁਝ ਦੇਰ ਲਈ ਰੱਖ ਦਿਓ। ਨਿੰਬੂ ਦੇ ਛਿਲਕਿਆਂ ਦੀ ਵਰਤੋਂ ਨਾਲ ਚਮੜੀ ਨਿਖਰਦੀ ਵੀ ਹੈ ਅਤੇ ਜੰਮੀ ਹੋਈ ਮੈਲ ਵੀ ਦੂਰ ਹੁੰਦੀ ਹੈ।

# ਬਿਮਾਰ ਹੋਣ 'ਤੇ ਜੂਸ ਜਾਂ ਦੁੱਧ ਨਾਲ ਖਾਂਦੇ ਹੋ ਦਵਾਈ ਤਾਂ ਹੋ ਜਾਓ ਸਾਵਧਾਨ

ਦੁੱਖ-ਬਿਮਾਰੀ ਜ਼ਿੰਦਗੀ ਦੇ ਨਾਲ ਚੱਲਦੀ ਰਹਿੰਦੀ ਹੈ। ਅਸੀਂ ਕੁਝ ਬਿਮਾਰੀਆਂ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ ਅਤੇ ਉਹ ਬਿਨਾਂ ਦਵਾਈ ਦੇ ਖ਼ੁਦ-ਬ-ਖ਼ੁਦ ਠੀਕ ਵੀ ਹੋ ਜਾਂਦੀ ਹੈ। ਪਰ ਕਈ ਵਾਰ ਤਕਲੀਫ਼ ਵੱਧਣ ਲੱਗਦੀ ਹੈ ਤਾਂ ਸਾਨੂੰ ਦਵਾਈ ਖਾਣ ਦੀ ਜ਼ਰੂਰਤ ਹੁੰਦੀ ਹੈ। ਅਕਸਰ ਅਸੀਂ ਬਿਮਾਰ ਹੁੰਦੇ ਹਾਂ ਤਾਂ ਕੁਝ ਖਾਣ ਦਾ ਮਨ ਨਹੀਂ ਕਰਦਾ ਅਤੇ ਅਸੀਂ ਸਿਰਫ਼ ਢਿੱਡ ਭਰਨ ਦੇ ਨਾਮ 'ਤੇ ਦੁੱਖ ਦੇ ਨਾਲ ਜਾਂ ਫਿਰ ਜੂਸ ਦੇ ਨਾਲ ਦਵਾਈ ਖਾ ਲੈਂਦੇ ਹਾਂ।



ਪਰ ਤੁਸੀਂ ਜਾਣਦੇ ਹੋ ਕਿ ਦਵਾਈ ਖਾਣਾ ਜਿੰਨਾ ਮਾਇਨੇ ਰੱਖਦਾ ਹੈ, ਓਨਾ ਹੀ ਕਿਹੜੇ ਫੂਡਸ ਨਾਲ ਖਾ ਰਹੇ ਹੋ ਉਹ ਵੀ ਮਾਇਨੇ ਰੱਖਦਾ ਹੈ। ਕੁਝ ਦਵਾਈਆਂ ਅਜਿਹੀਆਂ ਹਨ ਜਿਨ੍ਹਾਂ ਨਾਲ ਦੁੱਧ ਜਾਂ ਜੂਸ ਪੀਣ ਨਾਲ ਸਿਹਤ ਨੂੰ ਨੁਕਸਾਨ ਹੋ ਸਕਦਾ ਹੈ। ਇਨ੍ਹਾਂ ਦਵਾਈਆਂ 'ਚ ਮੌਜੂਦ ਕੈਮੀਕਲ ਜੂਸ ਜਾਂ ਦੁੱਧ 'ਚ ਮੌਜੂਦ ਕੈਮੀਕਲਸ ਨਾਲ ਰਿਐਕਸਨ ਕਰਨ ਲੱਗਦੇ ਹਨ, ਜਿਸ ਕਾਰਨ ਸਾਨੂੰ ਨੁਕਸਾਨ ਝੱਲਣਾ ਪੈ ਸਕਦਾ ਹੈ। ਤਾਂ ਆਓ ਜਾਣਦੇ ਹਾਂ ਕਿ ਕਿਹੜੀਆਂ ਦਵਾਈਆਂ ਦੇ ਨਾਲ ਸਾਨੂੰ ਕੀ ਨਹੀਂ ਲੈਣਾ ਚਾਹੀਦਾ।

***ਖੱਟੇ ਫਲਾਂ ਦੇ ਜੂਸ ਨਾਲ ਦਵਾਈ ਦਾ ਪ੍ਰਭਾਵ ਘੱਟ ਹੁੰਦਾ ਹੈ***

ਜਦੋਂ ਤੁਸੀਂ ਦਵਾਈ ਨਾਲ ਸੰਤਰੇ ਜਾਂ ਹੋਰ ਖੱਟੇ ਫਲਾਂ ਦੇ ਜੂਸ ਦਾ ਸੇਵਨ ਕਰਦੇ ਹੋ, ਤਾਂ ਖੱਟੇ ਫਲ ਵਿੱਚ ਮੌਜੂਦ ਰਸਾਇਣ ਅੰਤੜੀ ਵਿੱਚ ਪ੍ਰਤੀਕਿਰਿਆ ਕਰਦੇ ਹਨ ਅਤੇ ਦਵਾਈ ਦੇ ਪ੍ਰਭਾਵ ਨੂੰ ਘਟਾਉਂਦੇ ਹਨ। ਜੂਸ ਦੇ ਨਾਲ ਦਵਾਈ ਦਾ ਸੇਵਨ ਕਰਨ ਨਾਲ ਅੰਤੜੀ ਦੀਆਂ ਕੋਸ਼ਿਕਾਵਾਂ ਆਪਣਾ ਰੂਪ ਬਦਲ ਲੈਂਦੀਆਂ ਹਨ, ਜਿਸ ਕਾਰਨ ਦਵਾਈ ਵਿੱਚ ਮੌਜੂਦ ਕੈਮੀਕਲ ਬੇਅਸਰ ਹੋਣਾ ਸ਼ੁਰੂ ਹੋ ਜਾਂਦਾ ਹੈ। ਜੇਕਰ ਤੁਸੀਂ ਕੋਲੈਸਟ੍ਰੋਲ ਘੱਟ ਕਰਨ ਵਾਲੀ ਦਵਾਈ ਜਾਂ ਐਲਰਜੀ ਦੀ ਦਵਾਈ ਜੂਸ ਦੇ ਨਾਲ ਪੀਂਦੇ ਹੋ ਤਾਂ ਤੁਹਾਡੀ ਸਮੱਸਿਆ ਵੱਧ ਸਕਦੀ ਹੈ।

***ਦੁੱਧ ਦੇ ਨਾਲ ਐਂਟੀਬਾਇਓਟਿਕਸ ਨਾ ਲਓ***

ਡੇਅਰੀ ਉਤਪਾਦ ਸਰੀਰ ਵਿੱਚ ਵੱਖਰੇ ਤਰੀਕੇ ਨਾਲ ਪ੍ਰਕਿਰਿਆ ਕਰਦੇ ਹਨ। ਜੇਕਰ ਤੁਸੀਂ ਐਂਟੀਬਾਇਓਟਿਕ ਲੈ ਰਹੇ ਹੋ ਅਤੇ ਇਸਦੇ ਨਾਲ ਦੁੱਧ ਪੀ ਰਹੇ ਹੋ, ਤਾਂ ਦੁੱਧ ਵਿੱਚ ਕੈਲਸੀਅਮ, ਮੈਗਨੀਸੀਅਮ ਦਵਾਈ ਦੀ ਪ੍ਰਭਾਵਸੀਲਤਾ ਨੂੰ ਸੀਮਿਤ ਕਰ ਸਕਦਾ ਹੈ।

***ਜੇਕਰ ਤੁਸੀਂ ਨੀਂਦ ਦੀ ਦਵਾਈ ਲੈ ਰਹੇ ਹੋ, ਤਾਂ ਡਾਰਕ ਚਾਕਲੇਟ ਨਾ ਖਾਓ***

ਜੇਕਰ ਤੁਸੀਂ ਨੀਂਦ ਦੀ ਦਵਾਈ ਦੇ ਨਾਲ ਡਾਰਕ ਚਾਕਲੇਟ ਖਾਂਦੇ ਹੋ, ਤਾਂ ਇਹ ਨੀਂਦ ਦੀ ਦਵਾਈ ਨੂੰ ਪੂਰੀ ਤਰ੍ਹਾਂ ਬੇਅਸਰ ਕਰ ਸਕਦਾ ਹੈ। ਜੇਕਰ ਤੁਸੀਂ ਡਿਪ੍ਰੈਸਨ ਦੀ ਦਵਾਈ ਦੇ ਨਾਲ ਡਾਰਕ ਚਾਕਲੇਟ ਖਾ ਰਹੇ ਹੋ, ਤਾਂ ਤੁਹਾਡਾ ਬਲੱਡ ਪ੍ਰੈਸਰ ਬਹੁਤ ਵੱਧ ਸਕਦਾ ਹੈ।

***ਸਰਾਬ ਬਲੱਡ ਪ੍ਰੈਸਰ ਜਾਂ ਦਿਲ ਦੀ ਦਵਾਈ ਦੇ ਪ੍ਰਭਾਵ ਨੂੰ ਘਟਾਉਂਦੀ ਹੈ***

ਜੇਕਰ ਤੁਸੀਂ ਬਲੱਡ ਪ੍ਰੈਸਰ ਜਾਂ ਦਿਲ ਦੀ ਦਵਾਈ ਦੇ ਨਾਲ ਸਰਾਬ ਲੈਂਦੇ ਹੋ, ਤਾਂ ਦਵਾਈ ਦਾ ਪ੍ਰਭਾਵ ਘੱਟ ਜਾਵੇਗਾ।

# ਸ਼ਰਾਬ ਛੱਡਣ ਵਾਲਿਆਂ ਦੀ ਵੱਧ ਮੌਤ ਦਰ ਲਈ ਹੋਰ ਕਾਰਨ ਵੀ ਜ਼ਿੰਮੇਵਾਰ



ਵਿਗਿਆਨੀਆਂ ਦਾ ਕਹਿਣਾ ਹੈ ਕਿ ਹਾਲ-ਫ਼ਿਲਹਾਲ 'ਚ ਸ਼ਰਾਬ ਛੱਡਣ ਵਾਲਿਆਂ ਦੀ ਵੱਧ ਮੌਤ ਦਰ ਲਈ ਹੋਰ ਕਾਰਨ ਵੀ ਜ਼ਿੰਮੇਵਾਰੀ ਹੋ ਸਕਦੇ ਹਨ। ਇਨ੍ਹਾਂ 'ਚ ਸ਼ਰਾਬ ਜਾਂ ਡਰੱਗਜ਼ ਨਾਲ ਜੁੜੀਆਂ ਪੁਰਾਣੀਆਂ ਸਮੱਸਿਆਵਾਂ, ਸਿਗਰਟਨੋਸ਼ੀ ਤੇ ਖ਼ਰਾਬ ਸਿਹਤ ਸ਼ਾਮਲ ਹੈ। ਖੋਜਕਰਤਾਵਾਂ ਦਾ ਇਹ ਅਧਿਐਨ, 'ਪੀਐੱਲਓਐੱਸ ਮੈਡੀਸਿਨ ਜਰਨਲ' 'ਚ ਛਪਿਆ ਹੈ। ਪਹਿਲਾਂ ਕੀਤੇ ਗਏ ਅਧਿਐਨਾਂ 'ਚ ਦੱਸਿਆ ਗਿਆ ਹੈ ਕਿ ਸ਼ਰਾਬ ਛੱਡਣ ਵਾਲਿਆਂ ਦੀ ਮੌਤ ਦਰ ਘੱਟ ਤੋਂ ਦਰਮਿਆਨੀ ਮਾਤਰਾ 'ਚ ਸ਼ਰਾਬ ਪੀਣ ਵਾਲਿਆਂ ਦੇ ਮੁਕਾਬਲੇ ਜ਼ਿਆਦਾ ਹੈ। ਨਵੇਂ ਅਧਿਐਨ 'ਚ ਜਰਮਨੀ ਦੇ 4023 ਬਾਗਲਾਂ ਦੇ ਸੈਂਪਲਾਂ ਨੂੰ ਸ਼ਾਮਲ ਕੀਤਾ ਗਿਆ। ਇਹ ਲੋਕ 1996-97 ਵਿਚਾਲੇ ਮਾਪਦੰਡ ਸਬੰਧੀ ਇਕ ਇੰਟਰਵਿਊ 'ਚ ਸ਼ਾਮਲ ਹੋਏ ਸਨ ਤੇ ਉਦੋਂ ਉਨ੍ਹਾਂ ਦੀ ਉਮਰ 18-64 ਸਾਲ ਵਿਚਾਲੇ ਸੀ। ਇੰਟਰਵਿਊ ਤੋਂ 12 ਮਹੀਨੇ ਪਹਿਲਾਂ ਦੀ ਉਨ੍ਹਾਂ ਦੀ ਸ਼ਰਾਬ ਪੀਣ ਤੇ ਸਿਹਤ ਸਬੰਧੀ ਹੋਰ ਜਾਣਕਾਰੀਆਂ ਮੁਹੱਈਆ ਸਨ। ਮੌਤ ਦਰ ਦਾ ਅੰਕੜਾ ਇਸ ਦੇ 20 ਸਾਲ ਬਾਅਦ ਮੁਹੱਈਆ ਹੋਇਆ। ਅਧਿਐਨ 'ਚ ਸ਼ਾਮਲ 447 (11.10) ਫ਼ੀਸਦੀ ਲੋਕਾਂ ਨੇ ਇੰਟਰਵਿਊ ਤੋਂ 12 ਮਹੀਨੇ ਪਹਿਲਾਂ ਸ਼ਰਾਬ ਨਹੀਂ ਪੀਤੀ ਸੀ। ਇਨ੍ਹਾਂ 'ਚੋਂ 405 (90.60 ਫ਼ੀਸਦੀ) ਪਹਿਲਾਂ ਸ਼ਰਾਬ ਪੀਂਦੇ ਸਨ। 322 (72.04 ਫ਼ੀਸਦੀ) ਨੂੰ ਸ਼ਰਾਬ ਪੀਣ, ਸਿਗਰਟਨੋਸ਼ੀ ਤੇ ਹੋਰ ਕਾਰਨਾਂ ਨਾਲ ਮੌਤ ਦਾ ਜ਼ਿਆਦਾ ਖ਼ਤਰਾ ਸੀ। ਖੋਜਕਰਤਾਵਾਂ ਨੇ ਕਿਹਾ ਕਿ ਨਤੀਜੇ ਦੱਸਦੇ ਹਨ ਕਿ ਘੱਟ ਤੋਂ ਦਰਮਿਆਨੀ ਮਾਤਰਾ 'ਚ ਸ਼ਰਾਬ ਪੀਣ ਵਾਲਿਆਂ ਦੇ ਮੁਕਾਬਲੇ ਸ਼ਰਾਬ ਛੱਡਣ ਵਾਲਿਆਂ ਤੋਂ ਘੱਟ ਜ਼ਿੰਦਾ ਰਹਿਣ ਦਾ ਖ਼ਦਸ਼ਾ ਬਿਲਕੁਲ ਨਹੀਂ ਹੈ। ਇਹ ਸਿੱਟਾ ਸਿਹਤ ਲਈ ਸ਼ਰਾਬ ਪੀਣ ਸਬੰਧੀ ਵਿਚਾਰਧਾਰਾਵਾਂ ਨੂੰ ਖ਼ਾਰਜ ਕਰਦਾ ਹੈ।

# ਤਣਾਅ ਦੇ ਲੱਛਣਾਂ ਤੇ ਆਤਮਘਾਤੀ ਵਿਚਾਰਾਂ ਨੂੰ ਤੇਜ਼ੀ ਨਾਲ ਘੱਟ ਕਰਦੀ ਹੈ ਕੇਟਾਮਾਈਨ ਥੈਰੇਪੀ

ਬਰਤਾਨੀਆ 'ਚ ਹੋਏ ਇਕ ਅਧਿਐਨ 'ਚ ਦੇਖਿਆ ਗਿਆ ਕਿ ਕੇਟਾਮਾਈਨ ਥੈਰੇਪੀ ਤਣਾਅ ਦੇ ਲੱਛਣਾਂ ਤੇ ਆਤਮਘਾਤੀ ਵਿਚਾਰਾਂ ਨੂੰ ਤੇਜ਼ੀ ਨਾਲ ਘੱਟ ਕਰਦੀ ਹੈ। 'ਬ੍ਰਿਟਿਸ਼ ਜਰਨਲ ਆਫ ਸਾਇਕਿਐਟਰੀ ਓਪਨ' 'ਚ ਪ੍ਰਕਾਸ਼ਿਤ ਇਸ ਅਧਿਐਨ ਦੀ ਅਗਵਾਈ ਯੂਨੀਵਰਸਿਟੀ ਆਫ ਐਕਸੇਟਰ ਨੇ ਕੀਤਾ ਹੈ। ਅਧਿਐਨ ਦੌਰਾਨ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੇ 83 ਖੋਜ ਪੱਤਰਾਂ ਤੋਂ ਸਬੂਤ ਇਕੱਠੇ ਕੀਤੇ ਗਏ। ਇਸ ਦੌਰਾਨ ਗੰਭੀਰ ਤਣਾਅ 'ਚ ਵੀ ਕੇਟਾਮਾਈਨ ਥੈਰੇਪੀ ਦੇ ਕਾਰਗਰ ਹੋਣ ਦੇ ਪੱਕੇ ਸਬੂਤ ਮਿਲੇ। ਦੇਖਿਆ ਗਿਆ ਕਿ ਪਹਿਲੀ ਵਾਰ ਇਲਾਜ ਤੋਂ ਬਾਅਦ ਤਣਾਅ ਜਾਂ ਆਤਮਘਾਤੀ ਵਿਚਾਰਾਂ ਦੇ ਲੱਛਣ ਇਕ ਤੋਂ ਚਾਰ ਘੰਟੇ 'ਚ ਘੱਟ ਹੋ ਜਾਂਦੇ ਹਨ ਤੇ ਇਸ ਦਾ ਅਸਰ ਦੋ ਹਫ਼ਤਿਆਂ ਤੱਕ ਰਹਿੰਦਾ ਹੈ। ਕੁਝ ਸਬੂਤਾਂ ਨੇ ਇਸ਼ਾਰਾ ਕੀਤਾ ਹੈ ਕਿ ਦੋਬਾਰਾ ਥੈਰੇਪੀ ਜ਼ਰੀਏ ਇਲਾਜ ਦੇ ਅਸਰ ਨੂੰ ਲੰਬੇ ਸਮੇਂ ਤਕ ਕਾਇਮ ਰੱਖਿਆ ਜਾ ਸਕਦਾ ਹੈ। ਹਾਲਾਂਕਿ ਉਹ ਕਿੰਨੇ ਸਮੇਂ ਤਕ ਕਾਇਮ ਰਹਿ ਸਕਦਾ ਹੈ, ਇਸ ਸਬੰਧੀ ਵਧੇਰੇ ਗੁਣਵੱਤਾ ਵਾਲੀ ਖੋਜ ਦੀ ਜ਼ਰੂਰਤ ਹੈ। ਯੂਨੀਵਰਸਿਟੀ ਆਫ ਐਕਸੇਟਰ ਨਾਲ ਜੁੜੇ ਪ੍ਰਮੁੱਖ ਲੇਖਕ ਮਰਵ ਮੋਲਾਹਮੇਟੋਗਲੂ ਮੁਤਾਬਕ, 'ਅਸੀਂ ਆਪਣੇ ਅਧਿਐਨ 'ਚ ਕੇਟਾਮਾਈਨ ਦੇ ਡਾਕਟਰੀ ਅਸਰ ਸਬੰਧੀ ਹੁਣ ਤੱਕ ਦੀ ਸਭ ਤੋਂ ਵੱਡੀ ਸਮੀਖਿਆ ਕੀਤੀ ਹੈ। ਸਾਡੇ ਅਧਿਐਨ ਦੇ ਨਤੀਜੇ ਦੱਸਦੇ ਹਨ ਕਿ ਕੇਟਾਮਾਈਨ ਥੈਰੇਪੀ ਤਣਾਅ ਤੇ ਆਤਮਘਾਤੀ ਵਿਚਾਰਾਂ ਨੂੰ ਤੇਜ਼ੀ ਨਾਲ ਘੱਟ ਕਰਨ 'ਚ ਸਮਰੱਥ ਹੈ।



# ਕੀ ਖਾਂਦਾ ਹੈ ਭਾਰਤ ? ਸਮੋਸਾ...ਨਹੀਂ ਵਿਸ਼ਵਾਸ ਤਾਂ ਦੇਖੋ ਸਵਿੱਗੀ ਦੀ ਇਹ ਰਿਪੋਰਟ

ਖਾਣ ਪੀਣ ਦੇ ਮਾਮਲੇ 'ਚ ਭਾਰਤ ਵੱਖ ਵੱਖ ਪਰੰਪਰਾਵਾਂ ਵਾਲਾ ਦੇਸ਼ ਹੈ। ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਡੋਸੇ ਤੋਂ ਲੈ ਕੇ ਸਮੋਸਿਆਂ ਦੇ ਨਾਲ ਨਾਲ ਖਿਚੜੀ ਤੋਂ ਲੈ ਕੇ ਬਰਿਆਨੀ ਤਕ ਹਜ਼ਾਰਾਂ ਪਕਵਾਨ ਕਈ ਤਰੀਕਿਆਂ ਨਾਲ ਤਿਆਰ ਜਾਂਦੇ ਹਨ ਪਰ ਜੇ ਇਹ ਪੁੱਛਿਆ ਜਾਵੇ ਕਿ ਇੰਡੀਆ ਸਭ ਤੋਂ ਜ਼ਿਆਦਾ ਕੀ ਖਾਂਦਾ ਹੈ ਤਾਂ ਸਮੋਸਾ ਹੋਰ ਸਾਰੇ ਪਕਵਾਨਾਂ ਨੂੰ ਪਿਛੇ ਛੱਡ ਦਿੰਦਾ ਹੈ। ਸਵਿੱਗੀ ਦੀ ਇਕ ਹਾਲੀਆ ਰਿਪੋਰਟ ਤੋਂ ਤਾਂ ਇਹੀ ਪਤਾ ਚਲਦਾ ਹੈ।




***ਸਭ ਤੋਂ ਜ਼ਿਆਦਾ ਆਰਡਰ ਹੋਈਆਂ ਇਹ ਆਈਟਮਾਂ***

ਸਵਿੱਗੀ ਨੇ ਹਾਲ ਵਿਚ ਆਪਣੀ ਸਾਲਾਨਾ ਸਟੈਟਿਕਸ ਰਿਪੋਰਟ ਦਾ ਛੇਵਾਂ ਐਡੀਸ਼ਨ ਜਾਰੀ ਕੀਤਾ ਹੈ। ਇਸ ਰਿਪੋਰਟ ਦੇ ਦਿਲਚਸਪ ਅੰਕੜੇ ਦੱਸਦੇ ਹਨ ਕਿ ਭਾਰਤੀ ਲੋਕਾਂ ਨੇ 2021 ਦੌਰਾਨ ਕਿਹੜੀਆਂ ਡਿਸ਼ੇਜ਼ ਦਾ ਆਰਡਰ ਕੀਤਾ ਅਤੇ ਦੇਸ਼ ਵਿਚ ਸਭ ਤੋਂ ਜ਼ਿਆਦਾ ਪਸੰਦ ਕੀਤੇ ਜਾਣ ਵਾਲੇ ਪਕਵਾਨ ਕੀ ਹਨ। ਅੰਕੜਿਆਂ ਮੁਤਾਬਕ 2021 ਵਿਚ ਭਾਰਤੀ ਲੋਕਾਂ ਨੇ ਹਰ ਮਿੰਟ ਵਿਚ 115 ਆਰਡਰ ਕੀਤੇ। ਇਸ ਤੋਂ ਇਲਾਵਾ ਸਾਲ ਭਰ ਵਿਚ ਭਾਰਤੀਆਂ ਨੇ ਏਨੇ ਸਮੋਸੇ ਖਾ ਲਏ ਜੋ ਨਿਊਜ਼ੀਲੈਂਡ ਦੀ ਪੂਰੀ ਆਬਾਦੀ ਦਾ ਕਈ ਗੁਣਾ ਹੈ। ਟਮਾਟਰ ਕਈ ਡਿਸ਼ਾਂ ਦਾ ਜ਼ਰੂਰੀ ਹਿੱਸਾ ਹੈ ਅਤੇ 2021 ਵਿਚ ਭਾਰਤੀਆਂ ਨੇ ਏਨੇ ਟਮਾਟਰ ਮੰਗਵਾਏ, ਜਿਸ ਨਾਲ 11 ਸਾਲ ਤਕ ਸਪੇਨ ਦਾ ਟੋਮੈਟੀਨਾ ਫੈਸਟੀਵਲ ਮਨਾਇਆ ਜਾ ਸਕਦਾ ਹੈ।

***ਸਮੋਸੇ ਹਨ ਇੰਡੀਆ ਦਾ ਫੈਵਰਿਟ ਸਨੈਕਸ***

ਸਵਿੱਗੀ ਦੀ ਰਿਪੋਰਟ ਮੁਤਾਬਕ 2021 ਵਿਚ ਸਮੋਸੇ ਭਾਰਤੀਆਂ ਦਾ ਸਭ ਤੋਂ ਅਜ਼ੀਜ਼ ਸਨੈਕਸ ਰਿਹਾ। ਸਾਲ ਭਰ ਵਿਚ ਸਿਰਫ਼ ਸਵਿੱਗੀ 'ਤੇ ਸਮੋਸਿਆਂ ਦੇ ਕਰੀਬ 50 ਲੱਖ ਆਰਡਰ ਕੀਤੇ ਗਏ। ਇਹ ਨਿਊਜ਼ੀਲੈਂਡ ਦੀ ਪੂਰੀ ਆਬਾਦੀ ਦੇ ਬਰਾਬਰ ਹੈ। ਸਮੋਸਿਆਂ ਦੀ ਹਰਮਨਪਿਆਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਇਸ ਚਿਕਨ ਵਿੰਗਜ਼ ਦੀ ਤੁਲਨਾ ਵਿਚ ਛੇ ਗੁਣਾ ਜ਼ਿਆਦਾ ਆਰਡਰ ਮਿਲੇ

***ਪਾਵ ਭਾਜੀ ਅਤੇ ਗੁਲਾਬ ਜਾਮੁਨ ਵੀ ਘੱਟ ਪਸੰਦੀਦਾ ਨਹੀ***

ਸਮੋਸਿਆਂ ਤੋਂ ਬਾਅਦ ਪਾਵ ਭਾਜੀ ਅਤੇ ਗੁਲਾਬ ਜਾਮੁਨ ਸਭ ਤੋਂ ਜ਼ਿਆਦਾ ਪਸੰਦ ਕੀਤੇ ਜਾਣ ਵਾਲੇ ਵਿਅੰਜਨ ਹਨ। ਸਾਲ ਦੌਰਾਨ ਲੋਕਾਂ ਨੇ ਪਾਵ ਭਾਜੀ ਲਈ 21 ਲੱਖ ਆਰਡਰ ਕੀਤੇ। ਗੁਲਾਬ ਜਾਮੁਨ ਵੀ 21 ਲੱਖ ਆਰਡਰ ਦੇ ਨਾਲ ਸੰਯੁਕਤ ਰੂਪ ਵਿਚ ਦੂਜਾ ਸਭ ਤੋਂ ਪਸੰਦੀਦਾ ਪਕਵਾਨ ਬਣਿਆ ਹੈ।

***ਬਰਿਆਨੀ ਚਾਰਟ ਨੂੰ ਲਗਾਤਾਰ ਕਰ ਰਿਹਾ ਬੀਟ***

ਬਰਿਆਨੀ ਪ੍ਰਤੀ ਲੋਕਾਂ ਦੀ ਦੀਵਾਨਗੀ ਲਗਾਤਾਰ ਬਣੀ ਹੋਈ ਹੈ। ਇਕ ਸਾਲ ਪਹਿਲਾਂ ਭਾਵ 2020 ਵਿਚ ਹਰ ਮਿੰਟ ਬਰਿਆਨੀ ਦੇ 90 ਆਰਡਰ ਮਿਲੇ ਸਨ, ਜੋ ਵੱਧ ਕੇ 115 ਆਰਡਰ ਹੋ ਗਏ। ਬਰਿਆਨੀ ਦੀ ਤੁਲਨਾ ਵਿਚ 4.3 ਗੁਣਾ ਕੀਤਾ ਗਿਆ ਹੈ। ਮਜ਼ੇਦਾਰ ਹੈ ਕਿ ਸਵਿੱਗੀ 'ਤੇ ਲਗਪਗ 4.25 ਲੱਖ ਲੋਕਾਂ ਨੇ ਆਪਣਾ ਪਹਿਲਾ ਆਰਡਰ ਚਿਕਨ ਬਰਿਆਨੀ ਦਾ ਕੀਤਾ।

***ਰਾਤ 'ਤੇ ਇਹ ਸਨੈਕਸ ਪਸੰਦ ਕਰਦੇ ਹਨ ਇੰਡੀਅਨ***

ਅੰਕੜਿਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਰਾਤ ਦੌਰਾਨ ਭਾਰਤੀ ਲੋਕ ਬਾਹਰੀ ਪਕਵਾਨ ਜ਼ਿਆਦਾ ਪਸੰਦ ਕਰਦੇ ਹਨ। ਰਾਤ ਦੇ 10 ਵਜੇ ਤੋਂ ਬਾਅਦ ਚੀਜ਼ ਗਾਰਲਿਕ ਬ੍ਰੈਡ, ਪਾਪਕਾਰਨ ਅਤੇ ਫ੍ਰੈਂਚ ਫਰਾਈਜ਼ ਵਰਗੇ ਸਨੈਕਸ ਦੇ ਆਰਡਰ ਹੋਰ ਡਿਸ਼ੇਜ਼ ਦੀ ਤੁਲਨਾ ਵਿਚ ਜ਼ਿਆਦਾ ਹੋ ਜਾਂਦੇ ਹਨ।

***ਸਬਜ਼ੀਆਂ ਅਤੇ ਫਲਾਂ ਵਿਚ ਟਮਾਟਰ ਟਾਪ***

ਫਲਾਂ ਅਤੇ ਸਬਜ਼ੀਆਂ ਵਿਚ ਟਮਾਟਰ, ਕੇਲਾ, ਪਿਆਜ਼, ਆਲੂ ਅਤੇ ਹਰੀ ਮਿਰਚ ਟਾਪ 5 ਵਿਚ ਹਨ। ਪੈਕਡ ਫੂਡ ਵਿਚ ਦੇਖੀਏ ਤਾਂ 2021 ਦੌਰਾਨ ਸਵਿੱਗੀ ਨੇ ਇੰਸਟੈਂਟ ਨੂਡਲਜ਼ ਦੇ 14 ਲੱਖ ਪੈਕਟ, ਚਾਕਲੇਟ ਦੇ 31 ਲੱਖ ਪੈਕਟ ਅਤੇ ਆਈਸਕ੍ਰੀਮ ਦੇ 23 ਲੱਖ ਟਬ ਦਾ ਆਰਡਰ ਕੀਤਾ।

# ਲੋਕਤੰਤਰ, ਵਿਰੋਧ ਤੇ ਜਨਜੀਵਨ

ਵਿਦਿਆਰਥੀਆਂ ਦੇ ਵਿਰੋਧ ਪ੍ਰਦਰਸ਼ਨਾਂ ਨਾਲ ਜੁੜੇ ਗਰਮਾ-ਗਰਮੀ ਵਾਲੇ ਮਾਹੌਲ 'ਚ ਆਖਰਕਾਰ ਸ਼ਾਂਤੀ ਆ ਗਈ ਹੈ। ਇਹ ਆਉਣ ਵਾਲਾ ਸਮਾਂ ਹੀ ਦੱਸੇਗਾ ਕਿ ਇਹ ਅੰਦੋਲਨ ਦੀ ਸਮਾਪਤੀ ਹੈ ਜਾਂ ਸਿਰਫ ਇਕ ਅਸਥਾਈ ਠਹਿਰਾਅ। ਉਂਝ ਵੀ ਸਾਡੇ ਵਰਗੀਆਂ ਵਿਭਿੰਨਤਾਵਾਂ ਤੇ ਵੱਖ-ਵੱਖ ਪੱਧਰ 'ਤੇ ਵੰਡੇ ਹੋਏ ਰਾਸ਼ਟਰ ਜਾਂ ਸਮਾਜ 'ਚ ਵੰਡਣ ਵਾਲੇ ਮੁੱਦਿਆਂ ਦੀ ਕਦੇ ਕੋਈ ਕਮੀ ਨਹੀਂ ਹੋਵੇਗੀ। ਇਨ੍ਹਾਂ ਮਤਭੇਦਾਂ ਦੇ ਮੋਰਚੇ 'ਤੇ ਸੰਤੁਲਨ ਬਣਾ ਕੇ ਜਨਹਿੱਤ ਦੇ ਰਸਤਿਆਂ 'ਤੇ ਅੱਗੇ ਵਧਣਾ ਹਮੇਸ਼ਾ ਲਈ ਇਕ ਵੱਡੀ ਚੁਣੌਤੀ ਹੋਵੇਗੀ। ਕੁਝ ਤਿੱਖੀਆਂ ਤਲਖੀਆਂ ਵਾਲਾ ਇਹ ਅੰਦੋਲਨ ਕਿਉਂਕਿ ਹੁਣ ਖਤਮ ਹੋ ਗਿਆ ਹੈ, ਇਸ ਲਈ ਇਸ 'ਤੇ ਨਾਗਰਿਕਾਂ ਦੀ ਪ੍ਰਤੀਕਿਰਿਆ ਅਤੇ ਸ਼ਾਸਨ ਦੀ ਭੂਮਿਕਾ ਵਰਗੇ ਦੋਵਾਂ ਪੱਖਾਂ 'ਤੇ ਵਿਚਾਰ ਕਰਨਾ ਜਲਦਬਾਜੀ ਹੋਵੇਗਾ। ਪੇਪਰ ਲੀਕ ਦੀ ਸ਼ਿਕਾਇਤ ਤੋਂ ਸ਼ੁਰੂ ਹੋਇਆ ਇਹ ਮੁੱਦਾ ਹੌਲੀ-ਹੌਲੀ ਇਕ ਵੱਡੇ ਅੰਦੋਲਨ 'ਚ ਬਦਲ ਗਿਆ। ਵਰਕਰਾਂ, ਕਲਾਕਾਰਾਂ, ਕਿਸਾਨ ਸੰਗਠਨਾਂ ਤੇ ਵਿਰੋਧੀ ਧਿਰਾਂ ਵਰਗੇ ਵੱਖ-ਵੱਖ ਸਮੂਹ ਇਸ ਨਾਲ ਜੁੜ ਗਏ, ਜਿਸ ਦੇ ਪਿੱਛੇ ਵਿਅਕਤੀਗਤ ਸਰੋਕਾਰਾਂ ਤੋਂ ਲੈ ਕੇ ਰਾਜਨੀਤਕ ਹਿੱਤਾਂ ਦੀ ਆਪਣੀ ਭੂਮਿਕਾ ਰਹੀ। ਇਸ 'ਚ ਲੋਕ ਭਾਵਨਾਵਾਂ ਨੂੰ ਲਾਮਬੰਦ ਕਰਨ 'ਚ ਇੰਟਰਨੈੱਟ ਮੀਡੀਆ ਦੀ ਭੂਮਿਕਾ ਵੀ ਦਿਖਾਈ ਦਿੱਤੀ। ਅਜਿਹੀ ਵੱਡੀ ਲੋਕਾਂ ਦੀ ਬਗਾਵਤ ਸਿਰਫ ਗੁਮਰਾਹ ਕਰਨ ਵਾਲੇ ਤੱਤਾਂ ਦੇ ਰਾਹੀਂ ਹੀ ਨਹੀਂ ਪੈਦਾ ਹੋ ਸਕਦੀ। ਸਿਆਸੀ ਮੌਕਾਪ੍ਰਸਤੀ ਅਜਿਹੀ ਅੱਗ ਨੂੰ ਭੜਕਾ ਸਕਦੀ ਹੈ, ਪਰ ਇਸ ਦੀਆਂ ਚਿੰਗਿਆੜੀਆਂ ਉਨ੍ਹਾਂ ਪ੍ਰਣਾਲੀਗਤ ਵਿਗਾੜਾਂ ਤੋਂ ਪ੍ਰੇਰਿਤ ਹੁੰਦੀਆਂ ਹਨ, ਜਿਨ੍ਹਾਂ ਨੂੰ ਲੰਬੇ ਸਮੇਂ ਤੋਂ ਅਣਗੌਲਿਆ ਗਿਆ ਹੁੰਦਾ ਹੈ। ਯਾਦ ਰਹੇ ਕਿ ਸਕੂਲੀ ਸਿੱਖਿਆ ਸੁਧਾਰਾਂ ਦੀ ਮੰਗ ਲੰਬੇ ਸਮੇਂ ਤੋਂ ਕੀਤੀ ਜਾ ਰਹੀ ਹੈ। ਵਿਦਿਆਰਥੀਆਂ ਤੇ ਅਧਿਆਪਕਾਂ ਦੀ ਗੈਰਹਾਜਰੀ, ਗੈਰ-ਸਿੱਖਿਅਕ ਅਤੇ ਪੁਰਾਣੀ ਸਿੱਖਿਆ ਪ੍ਰਣਾਲੀਆਂ ਸਰਕਾਰੀ ਸਕੂਲਾਂ ਤੇ ਘੱਟ ਲਾਗਤ ਵਾਲੇ ਨਿੱਜੀ ਅਦਾਰਿਆਂ ਨੂੰ ਪ੍ਰਭਾਵਿਤ ਕਰ ਰਹੀਆਂ ਹਨ। ਚੋਣਵੇਂ ਨਾਮੀ ਸਕੂਲਾਂ ਨੂੰ ਛੱਡ ਕੇ ਜਿਆਦਾਤਰ ਸੰਸਥਾਨ ਮੁੱਢਲੀ ਸਿੱਖਿਆ ਦੇਣ 'ਚ ਵੀ ਸੰਘਰਸ਼ ਕਰ ਰਹੇ ਹਨ। ਮੁਕਾਬਲੇਬਾਜੀ ਦੀਆਂ ਪ੍ਰੀਖਿਆਵਾਂ ਦੀ ਮਾਕੂਲ ਤਿਆਰੀ ਦੀ ਘਾਟ 'ਚ ਵਿਦਿਆਰਥੀ ਨਿੱਜੀ ਕੋਚਿੰਗ ਸੈਂਟਰਾਂ 'ਤੇ ਨਿਰਭਰ ਹੁੰਦੇ ਜਾ ਰਹੇ ਹਨ, ਜਿੱਥੇ ਬਿਹਤਰ ਤਿਆਰੀ ਕਾਫੀ ਹੱਦ ਤੱਕ ਆਰਥਿਕ ਸਥਿਤੀ 'ਤੇ ਨਿਰਭਰ ਕਰਦੀ ਹੈ।

'ਸਿੱਖਿਆ ਦਾ ਅਧਿਕਾਰ' ਮਿਲਣ ਤੋਂ ਬਾਅਦ ਵੀ 'ਸਹੀ ਤੇ ਗੁਣਵੱਤਾ ਵਾਲੀ ਸਿੱਖਿਆ' ਪਾਉਣਾ ਹਾਲੇ ਵੀ ਇਕ ਅਧੂਰਾ ਟੀਚਾ ਬਣਿਆ ਹੋਇਆ ਹੈ। ਉੱਚ ਸਿੱਖਿਆ ਦੀ ਇਕ ਗੰਭੀਰ ਚੁਣੌਤੀ ਸੀਟਾਂ ਦੀ ਵੱਡੀ ਘਾਟ ਨਾਲ ਜੁੜੀ ਹੈ। ਸੀਮਤ ਸੀਟਾਂ ਦੇ ਕਾਰਨ ਲੱਖਾਂ ਵਿਦਿਆਰਥੀ ਖਰਾਬ ਮੁਕਾਬਲੇ ਤੇ ਤਣਾਅ ਦਾ ਸ਼ਿਕਾਰ ਹੁੰਦੇ ਹਨ। ਬੇਸ਼ੱਕ ਨੀਟ ਹੋਵੇ ਜਾਂ ਜੇਈਈ ਜਾਂ ਸੀਯੂਈਟੀ ਤੇ ਇੱਥੋਂ ਤੱਕ ਕਿ 12ਵੀਂ ਬੋਰਡ ਪ੍ਰੀਖਿਆ, ਜਿੱਥੇ ਕਿਸੇ ਦਿਨ ਵਿਸ਼ੇਸ਼ ਦਾ ਪ੍ਰਦਰਸ਼ਨ-ਨਤੀਜਾ ਹੀ ਕਿਸੇ ਨੌਜਵਾਨ ਦੇ ਭਵਿੱਖ ਦੀ ਦਿਸ਼ਾਂ ਤੈਅ ਕਰ ਦਿੰਦਾ ਹੈ। ਵੱਡੇ ਸੰਸਥਾਨਾਂ 'ਚ ਦਾਖਲੇ ਦੇ ਲਈ ਕਈ ਦੇਸ਼ਾਂ 'ਚ ਕਿਤੇ ਵੱਡੀਆਂ ਪ੍ਰਣਾਲੀਆਂ ਰੁਝਾਨ 'ਚ ਹਨ, ਜੋ ਸਕੂਲੀ ਪ੍ਰਦਰਸ਼ਨਾਂ, ਮਨੁੱਖੀ ਤੌਰ ਤਰੀਕਿਆਂ ਨਾਲ ਪ੍ਰੀਖਿਆਵਾਂ, ਲੇਖਾਂ, ਇੰਟਰਵਿਊ ਤੇ ਪੜ੍ਹਾਉਣ ਅਤੇ ਸਿੱਖਣ ਤੋਂ ਪਰੇ ਦੀਆਂ ਗਤੀਵਿਧੀਆਂ ਦੇ ਆਧਾਰ 'ਤੇ ਉਮੀਦਵਾਰਾਂ ਦੀ ਸਮੁੱਚਤਾ 'ਚ ਮੁਲਾਂਕਣ ਕਰਦੀਆਂ ਹਨ। ਇਸ ਦੇ ਦੁਖਾਂਤ ਨੂੰ ਤਾਂ ਮਹਿਸੂਸ ਕੀਤਾ ਜਾਣਾ ਹੀ ਚਾਹੀਦਾ ਹੈ ਕਿ ਜਿੰਦਗੀ ਕੋਈ ਟੀ-20 ਨਹੀਂ, ਜਦਕਿ ਟੈਸਟ ਵਾਂਗ ਹੈ, ਜਿੱਥੇ ਹਰੇਕ ਵਿਦਿਆਰਥੀ ਇਕ ਦੂਜੀ ਪਾਰੀ ਦੇ ਰੂਪ 'ਚ ਮੌਕੇ ਦਾ ਹੱਕਦਾਰ ਹੈ। ਸਿਰਫ ਇਕ ਪ੍ਰੀਖਿਆ 'ਤੇ ਨਿਰਭਰ ਰਹਿਣ ਦੀ ਥਾਂ ਸਾਲ ਭਰ ਕਈ ਪੜਾਵਾਂ 'ਚ ਕਰਵਾਈ ਜਾਣ ਵਾਲੀਆਂ



ਪ੍ਰੀਖਿਆਵਾਂ ਦੇ ਤਣਾਅ ਨੂੰ ਘਟਾ ਸਕਦੀਆਂ ਹਨ। ਪੇਪਰ ਲੀਕ ਨੂੰ ਰੋਕਣ ਲਈ ਵੀ ਸਖਤ ਹੱਲ ਲੁੜੀਂਦੇ ਹਨ ਪਰ ਜਦੋਂ ਕੋਈ ਇਕ ਵਿਸ਼ੇਸ਼ ਪ੍ਰੀਖਿਆ ਕਿਸਮਤ ਨਹੀਂ ਰਹਿੰਦੀ ਤਾਂ ਉਸ ਨਾਲ ਜੁੜੀਆਂ ਸਮੱਸਿਆਵਾਂ ਦੀ ਗੰਭੀਰਤਾ ਵੀ ਸੁਭਾਵਿਕ ਰੂਪ ਨਾਲ ਘੱਟ ਹੋ ਜਾਣਗੀਆਂ।

ਰੁਜਗਾਰ ਸਿਰਫ ਆਮਦਨ ਦਾ ਸਰੋਤ ਨਹੀਂ, ਸਗੋਂ ਵਿਅਕਤੀ ਦੇ ਸਵੈਮਾਣ, ਜਿੰਦਗੀ ਦੇ ਉਦੇਸ਼ ਤੇ ਨਿੱਜੀ ਵਿਕਾਸ ਦਾ ਆਧਾਰ ਵੀ ਹੈ। ਇਸ ਦੇ ਬਾਵਜੂਦ, ਕੰਮਕਾਜੀ ਆਬਾਦੀ ਦੀ ਤੁਲਨਾ 'ਚ ਨੌਕਰੀਆਂ ਦਾ ਵਿਸਥਾਰ ਮੁਕੰਮਲ ਗਤੀ ਨਾਲ ਨਹੀਂ ਸਕਿਆ ਹੈ। ਭਾਰਤ ਦੇ ਜਨਸੰਖਿਆ ਲਾਭਅੰਸ ਦੇ ਲਾਭ ਸਿਰਫ ਨਿਰੰਤਰ ਉਦਯੋਗੀਕਰਨ ਅਤੇ ਨਿਰਮਾਣ-ਅਗਵਾਈ ਵਾਲੇ ਵਿਕਾਸ ਨਾਲ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ, ਜੋ ਵੱਡੇ ਪੱਧਰ 'ਤੇ ਰੁਜਗਾਰ ਪੈਦਾ ਕਰਨ ਦੇ ਸਮਰੱਥ ਹੈ।

ਕੋਈ ਵਿਚਾਰਧਾਰਾ ਬੇਸ਼ੱਕ ਕਿੰਨਾ ਹੀ ਭਲਾ ਕਰਨ ਵਾਲੀ ਕਿਉਂ ਨਾ ਹੋਵੇ, ਉਸ ਨੂੰ ਆਮ ਜਨਜੀਵਨ ਨੂੰ ਠੱਪ ਕਰਨ ਦੀ ਗੁਜਾਇੰਸ਼ ਨਹੀਂ ਮਿਲਣੀ ਚਾਹੀਦੀ। ਵਿਰੋਧ ਦਾ ਅਧਿਕਾਰ ਮੌਲਿਕ ਹੈ ਪਰ ਕਾਨੂੰਨ ਪ੍ਰਬੰਧ ਤੇ ਸ਼ਾਂਤੀਪੂਰਨ ਨਾਗਰਿਕ ਜੀਵਨ ਦਾ ਅਧਿਕਾਰ ਵੀ ਓਨਾਂ ਹੀ ਮਹੱਤਵਪੂਰਨ ਹੈ। ਲੋਕਤੰਤਰੀ ਸਮਾਜਾਂ ਨੂੰ ਅਸਹਿਮਤੀ ਪ੍ਰਗਟਾਉਣ ਦੇ ਅਜਿਹੇ ਢੰਗ-ਤਰੀਕੇ ਅਪਣਾਉਣੇ ਚਾਹੀਦੇ ਹਨ, ਜੋ ਕੋਈ ਰੋਕ ਪੈਦਾ ਨਾ ਕਰਨ, ਜਦਕਿ ਸ਼ਾਸਨ-ਪ੍ਰਸ਼ਾਸਨ ਨੂੰ ਵੀ ਸੰਯਮ ਤੇ ਅਹਿੰਸਕ ਹੱਲ ਦੇ ਨਾਲ ਹੀ ਸਥਿਤੀ ਨੂੰ ਸੰਭਾਲਣਾ ਚਾਹੀਦਾ ਹੈ। ਜਿੱਥੇ ਹਿੰਸਾ ਨਿੰਦਣਯੋਗ ਹੈ, ਉੱਥੇ ਸਟੇਟ ਰਾਹੀਂ ਵੱਧ ਬਲ ਦੀ ਵਰਤੋਂ ਨਾਲ ਵਿਰੋਧ ਪ੍ਰਦਰਸ਼ਨ ਦਾ ਦਮਨ ਵੀ ਓਨਾਂ ਹੀ ਅਣਉਚਿਤ ਹੈ। ਭੁੱਖ ਹੜਤਾਲ, ਸੜਕ ਜਾਮ ਤੇ ਭੜਕਾਉਣ ਬਿਆਨਬਾਜੀ ਵੀ ਟਕਰਾਅ ਨੂੰ ਵਧਾਉਂਦੇ ਹੋਏ ਲੋਕਤੰਤਰ ਦੇ ਸੰਵਾਦ ਨੂੰ ਪਟੜੀ ਤੋਂ ਉਤਾਰਦੀ ਹੈ।

ਜੈੱਨ-ਜੀ ਦੇ ਪ੍ਰਗਟਾਵੇ ਵੀ ਇਸ ਅੰਦੋਲਨ ਦਾ ਇਕ ਮਹੱਤਪੂਰਨ ਪੱਖ ਰਹੇ ਹਨ। ਹਾਸ-ਵਿਅੰਗ ਦੀ ਜਨਤਕ ਜੀਵਨ ਵਿਚ ਹਮੇਸ਼ਾ ਹੀ ਆਪਣੀ ਇਕ ਭੂਮਿਕਾ ਰਹੀ ਹੈ ਅਤੇ ਨਵੀਂ ਪੀੜ੍ਹੀ ਨੇ ਇਸ ਨੂੰ ਅਪਣਾਉਂਦੇ ਹੋਏ ਆਪਣੇ ਗੰਭੀਰ ਰਾਜਨੀਤਕ ਉਦੇਸ਼ਾਂ ਨੂੰ ਵਿਅੰਗ ਦੀ ਚਾਸ਼ਨੀ ਵਿਚ ਲਪੇਟ ਕੇ ਪੇਸ਼ ਕੀਤਾ। ਇਹ ਸੰਵਾਦ ਵੀ ਸ਼ਿਸ਼ਟਾਚਾਰ ਨੂੰ ਲੈ ਕੇ ਰਵਾਇਤੀ ਧਰਾਤਲ 'ਚ ਬਦਲਾਅ ਦਾ ਪ੍ਰਤੀਕ ਹੈ। ਇਸ ਸੰਦਰਭ 'ਚ ਜੈੱਨ-ਐਕਸ ਦਾ ਪਰੰਪਰਾਵਾਦੀ ਦ੍ਰਿਸ਼ਟੀਕੋਣ ਬਦਲਾਅ ਨਾਲ ਜੁੜੇ ਇਸ ਬੇਪਰਵਾਹ ਰਵੱਈਏ ਨੂੰ ਲੈ ਕੇ ਕੁਝ ਅਸਹਿਜ ਹੋ ਸਕਦਾ ਹੈ ਪਰ ਇਸ ਦੀ ਪ੍ਰਭਾਵਸ਼ਾਲੀ ਸਥਿਤੀ ਦੀ ਵੀ ਸ਼ਲਾਘਾ ਕਰਨੀ ਬਣਦੀ ਹੈ ਕਿਹਾ ਜਾਂਦਾ ਹੈ ਕਿ 'ਸ਼ੱਕੀ ਬਣੋ, ਨਾਂਹ-ਪੱਖੀ ਨਹੀਂ।' ਵਿਅੰਗ ਤੇ ਹਾਸਰੱਸ ਦੇ ਨਾਲ ਭਾਸ਼ਾ ਦੀ ਮਰਿਆਦਾ ਨੂੰ ਲੰਘੇ ਬਗੈਰ ਕੀਤਾ ਗਿਆ ਸੰਵਾਦ ਸੰਭਾਵਿਤ ਤੌਰ 'ਤੇ ਕਿਤੇ ਜਿਆਦਾ ਵੱਡੇ ਪੱਧਰ 'ਤੇ ਆਪਣਾ ਸੰਦੇਸ਼ ਦੇ ਸਕਦਾ ਹੈ। ਸੱਭਿਅਕ ਸਮਾਜ 'ਸ਼ਿਸ਼ਟਾਚਾਰ ਦੀਆਂ ਹੱਦਾਂ ਲੰਘਣ ਵਾਲਿਆਂ ਨੂੰ ਕੋਈ ਥਾਂ ਨਹੀਂ ਹੈ। ਜੈੱਨ ਜੀ ਨੂੰ ਪ੍ਰਗਟਾਵੇ ਤੇ ਨਿਰਾਦਰ ਵਿਚ ਅੰਤਰ ਸਮਝਣਾ ਹੋਵੇਗਾ।

ਪ੍ਰਸ਼ਾਸਨ ਨੇ ਆਖਰਕਾਰ ਪ੍ਰਤਿਕਿਆ ਦਿੱਤੀ, ਬੇਸ਼ੱਕ ਦਬਾਅ 'ਚ ਆ ਕੇ ਹੀ। ਫਾਸਟ-ਟ੍ਰੈਕ ਅਦਾਲਤਾਂ ਦੀ ਸਥਾਪਨਾਂ, ਸਖਤ ਕਾਨੂੰਨ ਦੇ ਵਾਅਦੇ ਤੇ ਸਿੱਖਿਆ ਮੰਤਰੀ ਦਾ ਬਹੁਚਰਚਿਤ ਅਸਤੀਫਾ ਹੋਇਆ। ਅਜਿਹੇ ਅਸਤੀਫੇ ਦੇ ਪ੍ਰਤੀਕਾਤਮਕ ਮਹੱਤਵ ਨੂੰ ਸਮਝਿਆ ਜਾ ਸਕਦਾ ਹੈ ਪਰ ਸਿਰਫ ਪ੍ਰਤੀਕ ਵਜੋਂ ਇਹ ਕਾਫੀ ਨਹੀਂ ਹੈ। ਧਿਆਨ ਸੰਸਥਾਗਤ ਬਦਲਾਅ ਵੱਲ ਵਧਣਾ ਚਾਹੀਦਾ ਹੈ।

ਇਸ ਅੰਦੋਲਨ ਨਾਲ ਨਾ ਸਿਰਫ ਜੈੱਨ-ਜੀ, ਬਲਕਿ ਸਾਰੀਆਂ ਪੀੜ੍ਹੀਆਂ ਦੇ ਸਾਹਮਣੇ ਇਕ ਮਹੱਤਵਪੂਰਨ ਸਵਾਲ ਪੈਦਾ ਹੁੰਦਾ ਹੈ। ਕੀ ਕਿਸੇ ਧਿਰ ਦੇ ਲਈ ਇਹ ਜਿੱਤ ਦੇ ਜਸ਼ਨ ਦਾ ਮੌਕਾ ਹੈ ਜਾਂ ਸਾਰਿਆ ਦੇ ਲਈ ਇਕ ਗੰਭੀਰ ਆਤਮਚਿੰਤਨ ਦਾ? ਇਸ 'ਚ ਇਹ ਨਾ ਭੁੱਲਿਆ ਜਾਵੇ ਕਿ ਸ਼ਾਂਤੀਪੂਰਨ ਅਸਹਿਮਤੀ ਉਦੋਂ ਤੱਕ ਮਨਜੂਰ ਹੁੰਦੀ ਹੈ, ਜਦੋਂ ਉਹ ਕਾਨੂੰਨ ਦੇ ਸ਼ਾਸਨ, ਸੰਸਥਾਨਾਂ ਦੇ ਸੰਚਾਲਨ ਤੇ ਰੋਜਾਨਾ ਜਿੰਦਗੀ ਦੀਆਂ ਮੁਸ਼ਕਲਾਂ ਨਾ ਵਧਾਵੇ। ਲੋਕਤੰਤਰ ਦੇ ਲਈ ਅਸਹਿਮਤੀ ਜਰੂਰੀ ਹੈ, ਅਰਾਜਕਤਾ ਨਹੀਂ।

ਤਰੁਣ ਗੁਪਤ

# ਭੁੱਲਗੇ ਲੱਗਦਾ ਬਾਬੇ ਨਾਨਕ ਦਾ ਸੰਦੇਸ਼

ਰੱਬ ਨੇ ਚਿੜੀਆਂ ਤੇ ਕੁੜੀਆਂ ਦੇ ਇੱਕੋ ਜਿਹੇ ਲੇਖ ਲਿਖੇ ਹਨ। ਇਨਸਾਨ ਦੀਆਂ ਗਲਤੀਆਂ ਕਾਰਨ ਕੁੜੀਆਂ ਤੇ ਚਿੜੀਆਂ ਦੀ ਗਿਣਤੀ ਘਟਣ ਲੱਗੀ ਹੈ। ਰੱਬ ਨੇ ਔਰਤ ਨੂੰ ਕੋਮਲ ਰੂਹ ਬਣਾ ਕੇ ਸੰਸਾਰ 'ਚ ਭੇਜਿਆ ਹੈ। ਮਾਂ ਦੀ ਗੋਦ ਮੁੱਢਲੀ ਯੂਨੀਵਰਸਿਟੀ ਹੈ। ਮਾਂ ਦੀ ਗੋਦ 'ਚ ਕੌਮਾਂ ਪਲਦੀਆਂ ਹਨ। ਮਾਂ ਹੈ ਤਾਂ ਪੈਰਾਂ ਥੱਲੇ ਜੰਨਤ ਹੈ। ਮਾਂ ਦੀ ਨਰਾਜਗੀ ਨੂੰ ਰੱਬ ਦੀ ਨਰਾਜਗੀ ਦੱਸਿਆ ਗਿਆ ਹੈ।

ਕੁੜੀ ਆਪਣਾ ਬਚਪਨ ਤੇ ਜਵਾਨੀ ਮਾਪਿਆਂ ਦੇ ਘਰ ਗੁਜਾਰਦੀ ਹੈ। ਰਹਿੰਦੀ ਜਿੰਦਗੀ ਉਹ ਦੂਜੇ ਘਰ 'ਚ ਗੁਜਾਰਦੀ ਹੈ। ਦੁੱਖ ਇਹ ਕਿ ਔਰਤ ਦਾ ਸਾਰੀ ਉਮਰ ਨਾਂ ਆਪਣਾ ਪੇਕਾ ਘਰ ਹੋਇਆ ਤੇ ਨਾ ਹੀ ਸਹੁਰਾ ਘਰ। ਜਿਆਦਾ ਕਰਕੇ ਦੂਜੇ ਘਰ 'ਚ ਉਸ ਨਾਲ ਜਿਆਦਾਤੀਆਂ ਸੁਰੂ ਹੋ ਜਾਂਦੀਆਂ ਹਨ, ਹਾਲਾਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਸਦੀਆਂ ਪਹਿਲਾਂ, 'ਸੋ ਕਿਉ ਮੰਦਾ ਆਖੀਐ ਜਿਤੁ ਜੰਮੈ ਰਾਜਾਨ' ਦਾ ਹੋਕਾ ਦੇ ਗਏ ਸਨ।

ਮਨੁੱਖ, ਔਰਤ ਦੀ ਕਦਰ ਕਰਨ ਦਾ ਢੰਡੋਰਾ ਪਿੱਟਦਾ ਹੈ ਪਰ ਜਿਆਦਾਤਰ ਔਰਤਾਂ ਦੀ ਹਾਲਤ ਦਿੱਤੇ ਜਾ ਰਹੇ ਨਾਆਰਿਆਂ ਦੇ ਤੁਲ ਨਹੀਂ ਹੈ। ਜੇ ਇਹ ਸੱਚ ਹੁੰਦਾ ਤਾਂ ਮਨੁੱਖ ਨੇ ਮਾਂ ਦੀ ਕੁੱਖ 'ਚ ਹੀ ਧੀਆਂ ਨੂੰ ਮਾਰਨ ਦਾ ਪਾਪ ਨਹੀਂ ਸੀ ਕਰਨਾ। ਇਹੋ ਵਜ੍ਹਾ ਹੈ ਕਿ ਪੰਜਾਬ 'ਚ ਮੁੰਡਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਹੋਰ ਘਟੀ ਹੈ। ਪਿਛਲੇ ਪੰਜ ਸਾਲਾਂ ਦੇ ਮੁਕਾਬਲੇ 2025 ਨੂੰ ਲੜਕੀਆਂ ਦੀ ਗਿਣਤੀ ਹੋਰ ਹੇਠਾਂ ਡਿੱਗੀ ਹੈ। ਰਜਿਸਟਰਾਰ ਜਨਰਲ ਐਂਡ ਸੈਂਸਿਸ ਕਮਿਸਨਰ ਆਫ ਇੰਡੀਆ ਦੀ ਇਕ ਜੁਲਾਈ ਦੀ ਰਿਪੋਰਟ ਅਨੁਸਾਰ ਪੰਜਾਬ 'ਚ 1000 ਪਿੱਛੇ ਲੜਕੀਆਂ ਦੀ ਗਿਣਤੀ 921 ਹੈ। ਸਿਤਮ ਦੀ ਗੱਲ ਇਹ ਕਿ ਸਰਵੇ 'ਚ ਸਾਮਲ 27 ਸੂਬਿਆਂ 'ਚੋਂ ਪੰਜਾਬ 18ਵੇਂ ਨੰਬਰ 'ਤੇ ਹੈ।

ਰਿਪੋਰਟ ਮੁਤਾਬਿਕ 2020 ਨੂੰ ਪੰਜਾਬ 'ਚ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 1925 ਸੀ। ਉਸ ਤੋਂ ਅਗਲੇ ਸਾਲ ਇਹ ਗਿਣਤੀ 924 ਰਹਿ ਗਈ। ਸਾਲ 2022 ਨੂੰ ਇਹ ਗਿਣਤੀ 923 ਅਤੇ 2024 ਨੂੰ ਰਹਿ ਗਈ ਸੀ। ਸਿਹਤ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਪਿਛਲੇ ਸਾਲ ਇਹ ਗਿਣਤੀ ਵੱਧ ਕੇ 926 ਨੂੰ ਪੁੱਜ ਗਈ ਹੈ। ਫਤਹਿਗੜ੍ਹ ਸਾਹਿਬ ਜਿਲ੍ਹਾ ਅਜਿਹਾ ਹੈ, ਜਿੱਥੇ ਪੰਜਾਬ ਭਰ 'ਚੋਂ ਲੜਕਿਆਂ ਦੇ ਮੁਕਾਬਲੇ ਲੜਕਿਆਂ ਦੀ ਗਿਣਤੀ ਸਭ ਤੋਂ ਘੱਟ ਹੈ। ਫਤਹਿਗੂੜ੍ਹ ਸਾਹਿਬ 'ਚ 1000 ਮੁੰਡਿਆਂ ਪਿੱਛੇ ਲੜਕੀਆਂ ਦੀ



ਗਿਣਤੀ 895 ਦੱਸੀ ਗਈ ਹੈ। ਗੁਰਦਾਸਪੁਰ 'ਚ 1000 ਲੜਕਿਆਂ ਪਿੱਛੇ 899 ਲੜਕੀਆਂ ਹਨ, ਜਦਕਿ ਬਠਿੰਡਾ ਤੇ ਸੰਗਰੂਰ 'ਚ 1000 ਲੜਕਿਆਂ ਪਿੱਛੇ ਲੜਕਿਆਂ ਦੀ ਗਿਣਤੀ 901 ਹੈ। ਮੋਹਾਲੀ ਅਤੇ ਸਹੀਦ ਭਗਤ ਸਿੰਘ ਨਗਰ 'ਚ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 904 ਹੈ।

ਸਿਹਤ ਖੇਤਰ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਘੱਟ ਬੱਚੇ ਪੈਦਾ ਕਰਨ ਕਰਕੇ ਵੀ ਲੜਕੀਆਂ ਦੀ ਗਿਣਤੀ ਘਟੀ ਹੈ। ਡਾਇਗਨੋਸਟਿਕ ਸੈਂਟਰਾਂ 'ਚ ਬੱਚੇ ਦਾ ਲਿੰਗ ਦਾ ਪਤਾ ਲਾ ਕੇ ਕਈ ਮਾਪੇ ਮਾਂ ਦੀ ਕੁੱਖ 'ਚ ਹੀ ਮਾਰਨ ਲੱਗੇ ਹਨ ਹਾਲਾਂਕਿ ਇਹ ਕਾਨੂੰਨੀ ਅਪਰਾਧ ਹੈ। ਇਸ ਲਈ ਮਾਪੇ ਹੀ ਨਹੀਂ ਸਗੋਂ ਡਾਇਗਨੋਸਟਿਕ ਸੈਂਟਰਾਂ ਦੇ ਮਾਲਕ ਵੀ ਬਰਾਬਰ ਦੇ ਦੋਸੀ ਹਨ। ਦੁੱਖ ਦੀ ਗੱਲ ਇਹ ਕਿ ਕਈ ਡਾਇਗਨੋਸਟਿਕ ਸੈਂਟਰਾਂ ਦੇ ਖਿਲਾਫ ਪੁਲਿਸ ਕੇਸ ਦਰਜ ਕੀਤੇ ਗਏ ਹਨ ਪਰ ਹਾਲੇ ਤੱਕ ਉਹਨਾਂ ਨੂੰ ਸਜਾ ਨਹੀਂ ਦਿੱਤੀ ਗਈ ਹੈ। ਕਈ ਅਜਿਹੇ ਵੀ ਹਨ ਜਿਹੜੇ ਗ੍ਰਿਫਤਾਰੀ ਤੋਂ ਪਹਿਲਾਂ ਜਮਾਨਤ ਲੈ ਗਏ ਹਨ ਤੇ ਉਹ ਗੈਰ-ਕਾਨੂੰਨੀ ਕੰਮ ਕਰਨ ਤੋਂ ਬਾਜ ਨਹੀਂ ਆ ਰਹੇ ਹਨ।

ਪੁਲਿਸ ਵੀ ਗੈਰ ਕਾਨੂੰਨੀ ਕੰਮ ਕਰਨ ਵਾਲਿਆਂ ਨੂੰ ਨੱਥ ਪਾਉਣ 'ਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ, ਜਿਸ ਕਰਕੇ ਲਿੰਗ ਦੱਸਣ ਦਾ ਧੰਦਾ ਲਗਾਤਾਰ ਚੱਲ ਰਿਹਾ ਹੈ।

ਦੂਜੇ ਬੰਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਸਾਲ ਦੇ ਅੰਕੜੇ ਲੜਕੀਆਂ ਦੀ ਜਨਮ ਦਰ 'ਚ ਸੁਧਾਰ ਦੱਸਣ ਲੱਗੇ ਹਨ। ਵਿਭਾਗ ਵੱਲੋਂ ਨਵੇਂ ਅੰਕੜੇ ਜਲਦੀ ਹੀ ਜਨਤਕ ਕੀਤੇ ਜਾਣਗੇ। ਸਿਹਤ ਵਿਭਾਗ ਦੀ ਡਾਇਰੈਕਟਰ ਡਾਕਟਰ ਅਦਿਤੀ ਸਲਾਰੀਆ ਦਾ ਕਹਿਣਾ ਹੈ ਕਿ ਪੀਸੀਪੀਐੱਨਡੀਟੀ ਐਕਟ ਤਹਿਤ ਛਾਪੇ ਮਾਰੇ ਜਾ ਰਹੇ ਹਨ ਅਤੇ ਪਹਿਲਾਂ ਨਾਲੋਂ ਵੀ ਵੱਧ ਸਖਤੀ ਵਰਤਣੀ ਸੁਰੂ ਕਰ ਦਿੱਤੀ ਗਈ ਹੈ।

ਸਿਹਤ ਵਿਭਾਗ ਦੀ ਇਕ ਸਾਬਕਾ ਸਿਵਲ ਸਰਜਨ ਅਤੇ ਔਰਤ ਰੋਗਾਂ ਦੀ ਮਾਹਰ ਡਾਕਟਰ ਜਸਬੀਰ ਔਲਖ ਦਾ ਕਹਿਣਾ ਹੈ ਕਿ ਡਾਇਗਨੋਸਟਿਕ ਸੈਂਟਰਾਂ ਦੇ ਮਾਲਕਾਂ ਨੂੰ ਸਿਆਸੀ ਲੀਡਰਾਂ ਦੀ ਸਰਪ੍ਰਸਤੀ ਹਾਸਿਲ ਹੈ। ਉਹ ਬੇਝਿਜਕ ਹੋ ਕੇ ਕਹਿੰਦੇ ਹਨ ਕਿ ਬੜੀ ਵਾਰ ਇੰਝ ਵੀ ਹੋਇਆ ਹੈ ਕਿ ਛਾਪੇ ਮਾਰਨ ਬਾਰੇ ਜਾਂ ਸਖਤੀ ਕਰਨ ਵਾਲੇ ਅਧਿਕਾਰੀਆਂ ਨੂੰ ਬਦਲ ਦਿੱਤਾ ਜਾਂਦਾ ਹੈ। ਸਿਆਸੀ ਦਬਾਅ ਅੱਗੇ ਬਹੁਤ ਵਾਰ ਅਧਿਕਾਰੀਆਂ ਦੇ ਹੱਥ ਬੰਨੇ ਜਾਂਦੇ ਹਨ।

ਗੁਆਂਢੀ ਰਾਜ ਹਰਿਆਣਾ ਦੀ ਗੱਲ ਕਰੀਏ ਤਾਂ ਇੱਥੇ 1000 ਲੜਕਿਆਂ ਪਿੱਛੇ ਲੜਕੀਆਂ ਦੀ ਗਿਣਤੀ 910 ਹੈ। ਹਿਮਾਚਲ ਪ੍ਰਦੇਸ 'ਚ 1000 ਲੜਕਿਆਂ ਪਿੱਛੇ 934 ਅਤੇ ਮੇਘਾਲਿਆ 'ਚ 974 ਲੜਕੀਆਂ ਹਨ। ਅੰਡੇਮਾਨ ਤੇ ਨਿਕੋਬਾਰ ਦੀਪ ਸਮੂਹ 'ਚ 1000 ਲੜਕੀਆਂ ਪਿੱਛੇ ਲੜਕੀਆਂ ਦੀ ਗਿਣਤੀ 984 ਹੈ। ਅਰੁਣਾਚਲ ਪ੍ਰਦੇਸ ਸਾਬਾਸ ਦਾ ਹੱਕਦਾਰ ਹੈ, ਜਿੱਥੇ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ ਜਿਆਦਾ 750 ਹੈ। ਭਾਵ ਉੱਥੇ ਲੜਕੀਆਂ ਜਿਆਦਾ ਅਤੇ ਲੜਕੇ ਘੱਟ ਹਨ।

ਹਰ ਸਾਲ ਕੌਮਾਂਤਰੀ ਮਹਿਲਾ ਦਿਵਸ ਮਨਾਏ ਜਾਂਦੇ ਹਨ। ਸਰਕਾਰਾਂ ਵੱਡੇ-ਵੱਡੇ ਵਾਅਦੇ ਕਰਦੀਆਂ ਹਨ। ਸਮਾਜ ਸੇਵੀ ਸੰਸਥਾਵਾਂ ਵੀ ਔਰਤਾਂ ਦੇ ਹੱਕ 'ਚ ਖੜ੍ਹਣ ਦਾ ਦਮ ਭਰਦੀਆਂ ਹਨ। ਉਦੋਂ ਦੁੱਖ ਹੋਰ ਹੋ ਜਾਂਦਾ ਹੈ ਜਦੋਂ ਬੇਟੀਆਂ ਨੂੰ ਕੁੱਖਾਂ ਦੇ ਮਾਰਨ ਦੇ ਮਾਮਲੇ 'ਚ ਔਰਤ ਹੀ ਔਰਤ ਵੀ ਦੁਸਮਣ ਬਣ ਟੱਕਰਦੀ ਹੈ। ਔਰਤ ਦੇ ਹੱਕ 'ਚ ਢੰਡੋਰਾ ਪਿੱਟਣ ਵਾਲਿਆਂ ਦੀ ਆਤਮਾ ਵੀ ਲੜਕੇ ਨਾਲ ਵੰਸ ਵਧਣ ਦੀ ਲਾਲਸਾ ਦੇ ਭਾਰ ਹੇਠ ਦੱਬ ਕੇ ਰਹਿ ਜਾਂਦੀ ਹੈ।

ਹੁਣ ਜਦੋਂ ਲੜਕੀਆਂ, ਲੜਕਿਆਂ ਨੂੰ ਹਰ ਖੇਤਰ 'ਚ ਪਛਾੜਨ ਲੱਗੀਆਂ ਹਨ ਤਦ ਘੱਟੋ ਘੱਟ ਇਨਸਾਨ ਨੂੰ ਇਹ ਪਾਪ ਕਰਨ ਤੋਂ ਬਾਜ ਆ ਜਾਣਾ ਚਾਹੀਦਾ ਹੈ। ਆਪਣੇ ਕੀਤੇ 'ਤੇ ਸਰਮਸਾਰ ਹੋਣਾ ਬਣਦਾ ਹੈ। ਦੇਸ ਦੀ ਪ੍ਰਧਾਨ ਮੰਤਰੀ ਇਕ ਮਹਿਲਾ ਰਹਿ ਚੁੱਕੀ ਹੈ। ਅੱਜ ਭਾਰਤ ਦੀ ਰਾਸਟਰਪਤੀ ਵੀ ਮਹਿਲਾ ਦਰੋਪਦੀ ਮੁਰਮੂ ਹੈ। ਔਰਤ ਹੈ ਜਿਹੜੀ ਕਿ ਉਸ ਤੋਂ ਪਹਿਲਾਂ ਚੰਦਰਮਾਂ ਨੂੰ ਹੱਥ ਲਾ ਕੇ ਮੁੜੀ ਹੈ। ਇਨਸਾਨ ਹਾਲੇ ਵੀ ਨਾ ਸਮਝਿਆ ਤਾਂ ਫਿਰ ਰੱਬ ਹੀ ਰਾਖਾ।

ਕਮਲਜੀਤ ਸਿੰਘ ਬਨਵੈਤ

# ਵੋਟ ਦਾ ਅਧਿਕਾਰ: ਅਤੀਤ ਤੋਂ ਵਰਤਮਾਨ ਤੱਕ

ਕਿਸੇ ਵੀ ਜਮਹੂਰੀਅਤ ਵਿੱਚ ਵੋਟ ਦਾ ਅਧਿਕਾਰ ਸਭ ਤੋਂ ਅਹਿਮ ਹੁੰਦਾ ਹੈ। ਸੱਤਾ ਨੂੰ ਜਵਾਬਦੇਹ ਬਣਾਉਣ ਅਤੇ ਬੇਲਗਾਮ ਹੋਣ ਤੋਂ ਰੋਕਣ ਲਈ ਜ਼ਰੂਰੀ ਹੈ ਕਿ ਦੇਸ਼ ਦਾ ਹਰ ਨਾਗਰਿਕ ਬਹੁਤ ਸੋਚ ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰੇ। ਹਥਲਾ ਲੇਖ ਇਤਿਹਾਸਕ ਹਵਾਲਿਆਂ ਨਾਲ ਵੋਟ ਦੇ ਅਧਿਕਾਰ ਤੇ ਐੱਸ.ਆਈ.ਆਰ. ਦੀ ਪ੍ਰਕਿਰਿਆ 'ਤੇ ਰੌਸ਼ਨੀ ਪਾਉਂਦਾ ਹੈ।

ਜਮਹੂਰੀ ਨਿਜ਼ਾਮਾਂ ਵਿੱਚ ਵੋਟ ਦੇਣ ਦੇ ਅਧਿਕਾਰ ਨੂੰ ਜਮਹੂਰੀਅਤ ਦੀ ਬੁਨਿਆਦ ਮੰਨਿਆ ਜਾਂਦਾ ਹੈ। ਕੁਝ ਪੁਰਾਤਨ ਸਮਾਜਾਂ ਵਿੱਚ ਅਜਿਹੇ ਜਮਹੂਰੀ ਨਿਜ਼ਾਮ ਮੌਜੂਦ ਸਨ ਜਿਨ੍ਹਾਂ ਵਿੱਚ ਉੱਥੋਂ ਦੇ ਵਸਨੀਕ ਰਾਜ ਦੇ ਕੰਮਾਂ-ਕਾਰਾਂ ਵਿੱਚ ਸਿੱਧੇ ਤੌਰ 'ਤੇ ਹਿੱਸਾ ਲੈਂਦੇ ਸਨ। ਭਾਰਤ ਵਿੱਚ ਵੀ ਪੁਰਾਤਨ ਸਮਿਆਂ ਵਿੱਚ ਸਭਾ, ਸਮਿਤੀ ਤੇ ਗਣ ਜਿਹੀਆਂ ਰਾਜਸੀ ਇਕਾਈਆਂ ਹੋਂਦ ਵਿੱਚ ਸਨ; ਉਨ੍ਹਾਂ ਵਿੱਚ ਉੱਥੋਂ ਦੇ ਵਸਨੀਕਾਂ ਦੀ ਸ਼ਮੂਲੀਅਤ ਉਨ੍ਹਾਂ ਨੂੰ ਜਮਹੂਰੀ ਨਿਜ਼ਾਮ ਬਣਾਉਂਦੀ ਸੀ। ਯੂਨਾਨ ਦੇ ਵੱਖ-ਵੱਖ ਰਾਜਾਂ ਵਿੱਚ ਨਾਗਰਿਕ ਸਿੱਧੇ ਰੂਪ ਵਿੱਚ ਆਪਣੇ ਨੁਮਾਇੰਦੇ ਚੁਣਦੇ ਸਨ ਜਿਹੜੇ ਇੱਕ ਸਾਲ ਲਈ ਰਾਜ ਦਾ ਪ੍ਰਸ਼ਾਸਨ ਚਲਾਉਣ ਲਈ ਜ਼ਿੰਮੇਵਾਰ ਹੁੰਦੇ ਸਨ ਤੇ ਹਰ ਸਾਲ ਅਜਿਹੇ ਨੁਮਾਇੰਦੇ ਬਦਲ ਜਾਂਦੇ ਸਨ। ਇਹ ਵੱਖਰੀ ਗੱਲ ਹੈ ਕਿ ਯੂਨਾਨ ਵਿੱਚ ਨਾਗਰਿਕ ਦਾ ਮਤਲਬ ਆਜ਼ਾਦ ਸ਼ਹਿਰੀਆਂ ਤੋਂ ਸੀ ਕਿਉਂਕਿ ਗੁਲਾਮਾਂ ਨੂੰ ਜਮਹੂਰੀ ਪ੍ਰਕਿਰਿਆ ਵਿੱਚ ਹਿੱਸਾ ਨਹੀਂ ਸੀ ਲੈਣ ਦਿੱਤਾ ਜਾਂਦਾ। ਜਿਉਂ-ਜਿਉਂ ਦੁਨੀਆ ਵਿੱਚ ਬਾਦਸ਼ਾਹਤਾਂ ਬਣੀਆਂ ਅਤੇ ਜਾਗੀਰਦਾਰੀ ਸਮਾਜ ਹੋਂਦ ਵਿੱਚ ਆਏ ਤਾਂ ਪੁਰਾਣੇ ਨਕਸ਼ਾਂ ਵਾਲੀ ਅਜਿਹੀ ਜਮਹੂਰੀਅਤ ਖ਼ਤਮ ਹੋ ਗਈ। ਉਨ੍ਹਾਂ ਸਮਿਆਂ ਵਿੱਚ ਕਈ ਸਦੀਆਂ ਤੱਕ ਆਮ ਲੋਕ-ਸਮਝ ਇਹੀ ਰਹੀ ਕਿ ਦੇਸ਼ 'ਤੇ ਰਾਜਿਆਂ-ਰਜਵਾੜਿਆਂ ਨੇ ਹੀ ਰਾਜ ਕਰਨਾ ਹੈ ਅਤੇ ਬਹੁਤ ਸਾਰੇ ਦੇਸ਼ਾਂ ਵਿੱਚ ਰਾਜਿਆਂ-ਮਹਾਰਾਜਿਆਂ ਤੇ ਸਮਰਾਟਾਂ ਦਾ ਰਾਜ ਕਰਨ ਦਾ ਅਧਿਕਾਰ ਦੈਵੀ ਅਧਿਕਾਰ ਮੰਨ ਲਿਆ ਗਿਆ। ਇੰਗਲੈਂਡ ਵਿੱਚ 1215 ਵਿੱਚ ਮੈਗਨਾ ਕਾਰਟਾ ( ) ਸਮਝੌਤੇ/ਐਲਾਨ ਨੇ ਇਹ ਤੈਅ ਕੀਤਾ ਕਿ ਰਾਜਾ ਕਾਨੂੰਨ ਤੋਂ ਬਾਹਰ ਨਹੀਂ ਹੋ ਸਕਦਾ। ਇੰਗਲੈਂਡ ਵਿੱਚ 13ਵੀਂ ਸਦੀ ਤੋਂ ਸੀਮਤ ਰੂਪ ਵਿੱਚ ਵੋਟ ਦੇਣ ਦੇ ਅਧਿਕਾਰ ਪ੍ਰਾਪਤ ਹੋਏ ਪਰ ਇਹ ਅਧਿਕਾਰ ਸਾਹਿਬੇ-ਜਾਇਦਾਦ ਲੋਕਾਂ ਨੂੰ ਹੀ ਪ੍ਰਾਪਤ ਸਨ। ਉਨ੍ਹਾਂ ਨੂੰ ਵੀ ਇਹ ਅਧਿਕਾਰ ਬਖ਼ਸ਼ੇ ਨਹੀਂ ਸਨ ਗਏ ਤੇ ਉਨ੍ਹਾਂ ਨੂੰ ਇਸ ਲਈ ਸੰਘਰਸ਼ ਤੇ ਬਗਾਵਤਾਂ ਕਰਨੀਆਂ ਪਈਆਂ ਸਨ। ਆਮ ਲੋਕਾਂ ਦੇ ਵੋਟਾਂ ਦਾ ਅਧਿਕਾਰ ਪ੍ਰਾਪਤ ਕਰਨ ਦਾ ਇਤਿਹਾਸ ਬਹੁਤ ਲੰਮਾ ਤੇ ਕੁਰਬਾਨੀਆਂ ਨਾਲ ਭਰਿਆ ਹੈ। ਭਾਰਤ ਦੇ ਇੰਗਲੈਂਡ ਦਾ ਗੁਲਾਮ ਹੋਣ ਕਾਰਨ ਸਾਡੇ ਜਮਹੂਰੀ ਨਿਜ਼ਾਮ ਦੇ ਨਕਸ਼ ਮੁੱਖ ਤੌਰ 'ਤੇ ਬਰਤਾਨਵੀ ਜਮਹੂਰੀ ਨਿਜ਼ਾਮ ਅਨੁਸਾਰ ਉਸਰੇ। ਮੱਧਕਾਲ ਵਿੱਚ ਭਾਰਤ ਦੇ ਵੱਖ-ਵੱਖ ਸਮਾਜਾਂ ਵਿੱਚ ਸਮਾਜਿਕ ਬਰਾਬਰੀ ਤੇ ਨਿਆਂ ਦੇ ਹੱਕ ਵਿੱਚ ਤਾਂ ਕਈ ਲਹਿਰਾਂ ਉੱਠੀਆਂ ਪਰ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਦੇ ਕਿਸੇ ਸੰਘਰਸ਼ ਦੀ ਗਵਾਹੀ ਨਹੀਂ ਮਿਲਦੀ। ਇੰਗਲੈਂਡ ਵਿੱਚ ਵੋਟ-ਅਧਿਕਾਰ ਪ੍ਰਾਪਤ ਕਰਨ ਲਈ ਕਈ ਸੰਘਰਸ਼ ਤੇ ਅੰਦੋਲਨ ਹੋਏ ਜਿਨ੍ਹਾਂ ਵਿੱਚੋਂ ਲੈਵਲਰਜ (, ਭਾਵ ਸਮਾਨਤਾ ਲਿਆਉਣ ਵਾਲੇ), ਚਾਰਟਿਸਟ ਲਹਿਰ (19ਵੀਂ ਸਦੀ) ਤੇ ਔਰਤਾਂ ਲਈ ਵੋਟਾਂ ਦੇ ਅਧਿਕਾਰ ਪ੍ਰਾਪਤ ਕਰਨ ਦੀਆਂ ਲਹਿਰਾਂ ਅਤਿਅੰਤ ਮਹੱਤਵਪੂਰਨ ਹਨ।

ਇਸ ਸਮੇਂ ਸਾਡੇ ਦੇਸ਼ ਵਿੱਚ ਐੱਸ.ਆਈ.ਆਰ ( ) ਸਬੰਧੀ ਵਾਦ-ਵਿਵਾਦ ਹੋ ਰਿਹਾ ਹੈ। ਇਸ ਦਾ ਮਤਲਬ ਹੈ ਵੋਟਰਾਂ ਦਾ ਖ਼ਾਸ ਤੇ ਪੂਰਨ (ਤਫਸੀਲੀ) ਦੁਹਰਾਉ; ਭਾਵ ਕਿ ਹਰ ਵੋਟਰ ਸਹੀ ਵੋਟਰ ਹੈ ਜਾਂ ਨਹੀਂ, ਇਸ ਤੱਥ ਦੀ ਪੜਤਾਲ ਕਰਨਾ। ਜਿਨ੍ਹਾਂ ਸੂਬਿਆਂ ਵਿੱਚ ਐੱਸ.ਆਈ.ਆਰ. ਹੋਈ ਹੈ, ਉਨ੍ਹਾਂ ਵਿੱਚ ਲੱਖਾਂ ਲੋਕਾਂ ਦੇ ਵੋਟ ਕੱਟੇ ਗਏ ਹਨ। ਇਹ ਸੰਭਵ ਹੈ ਕਿ ਉਨ੍ਹਾਂ ਵਿੱਚੋਂ ਹਜ਼ਾਰਾਂ ਲੋਕਾਂ ਦਾ ਦੇਹਾਂਤ ਹੋ ਗਿਆ ਹੋਵੇ, ਹਜ਼ਾਰਾਂ ਪਰਵਾਸ ਕਰ ਗਏ ਹੋਣ ਅਤੇ ਹਜ਼ਾਰਾਂ ਨੇ ਆਪਣਾ ਨਿਵਾਸ ਸਥਾਨ ਬਦਲ ਲਿਆ ਹੋਵੇ ਪਰ ਕੀ ਇਹ ਮੁਮਕਿਨ ਹੈ ਕਿ ਇਸ ਸਭ ਕੁਝ ਦੀ ਗਿਣਤੀ ਏਨੀ ਵੱਡੀ ਹੋਵੇ। ਵਿਰੋਧੀ ਪਾਰਟੀਆਂ ਅਨੁਸਾਰ ਇਹ ਸਭ ਕੁਝ ਉਨ੍ਹਾਂ ਦੇ ਹਮਾਇਤੀਆਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਿਆਂ ਰੱਖਣ ਲਈ ਕੀਤਾ ਗਿਆ ਹੈ; ਦੇਸ਼ ਦੇ ਸਭ ਤੋਂ ਵੱਡੇ ਘੱਟਗਿਣਤੀ ਫ਼ਿਰਕੇ ਅਤੇ ਘੱਟ ਸਾਧਨਾਂ ਵਾਲੇ ਲੋਕਾਂ ਨੂੰ ਖ਼ਾਸ ਕਰਕੇ ਨਿਸ਼ਾਨਾ ਬਣਾਇਆ ਗਿਆ ਹੈ। ਕੇਂਦਰ ਸਰਕਾਰ, ਭਾਰਤੀ ਚੋਣ ਕਮਿਸ਼ਨ ਤੇ ਭਾਰਤੀ ਜਨਤਾ ਪਾਰਟੀ ਦੇ ਬਿਆਨੀਏ ਅਨੁਸਾਰ ਇਹ ਵੋਟਾਂ ਜਾਅਲੀ ਜਾਂ ਗਲਤ ਬਣੀਆਂ ਸਨ ਤੇ ਇਨ੍ਹਾਂ ਨੂੰ ਕੱਟਣਾ ਸਹੀ ਹੈ। ਭਾਜਪਾ ਨੇ ਪੂਰਬੀ ਭਾਰਤ ਦੇ ਸਰਹੱਦੀ ਸੂਬਿਆਂ ਵਿੱਚ ਇਹ ਬਿਰਤਾਂਤ ਵੀ ਬਣਾਇਆ-ਸਿਰਜਿਆ ਹੈ ਕਿ ਲੱਖਾਂ ਘੁਸਪੈਠੀਆਂ ਨੇ ਇੱਥੇ ਵੋਟਾਂ ਬਣਾ ਲਈਆਂ ਸਨ। ਇਹ ਦਲੀਲ ਇਸ ਲਈ ਸਹੀ ਨਹੀਂ ਲੱਗਦੀ ਕਿਉਂਕਿ ਤਾਮਿਲਨਾਡੂ ਜਿਹੇ ਸੂਬਿਆਂ ਵਿੱਚ ਵੀ 10 ਫ਼ੀਸਦੀ ਤੋਂ ਵੱਧ ਵੋਟਾਂ ਕੱਟੀਆਂ ਗਈਆਂ। ਉੱਤਰ ਪ੍ਰਦੇਸ਼ ਵਿੱਚ 13 ਫ਼ੀਸਦੀ, ਗੁਜਰਾਤ ਵਿੱਚ 13.1 ਫ਼ੀਸਦੀ, ਛੱਤੀਸਗੜ੍ਹ ਵਿੱਚ 11.3 ਫ਼ੀਸਦੀ, ਗੋਆ ਵਿੱਚ 10 ਫ਼ੀਸਦੀ ਤੇ ਪੱਛਮੀ ਬੰਗਾਲ ਵਿੱਚ 10.9 ਫ਼ੀਸਦੀ ਵੋਟਾਂ ਕੱਟੀਆਂ ਗਈਆਂ ਹਨ। ਖ਼ਬਰਾਂ ਅਨੁਸਾਰ 5.27 ਕਰੋੜ ਵੋਟਾਂ ਕੱਟੀਆਂ



ਗਈਆਂ ਹਨ ਤੇ 1.87 ਕਰੋੜ ਨਵੀਆਂ ਬਣੀਆਂ ਹਨ। ਹੁਣ ਪੰਜਾਬ ਵਿੱਚ ਐੱਸ.ਆਈ.ਆਰ. ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਮੁੱਖ ਪ੍ਰਸ਼ਨ ਇਹ ਹੈ ਕਿ ਵੋਟਾਂ ਕੱਟਣ ਦੇ ਇਸ ਰੁਝਾਨ ਦਾ ਸਾਹਮਣਾ ਕਿਵੇਂ ਕੀਤਾ ਜਾਵੇ? ਲੋਕਾਂ ਨੂੰ ਉਨਾਂ ਦੇ ਸੰਵਿਧਾਨਕ ਹੱਕ ਤੋਂ ਮਹਿਰੂਮ ਕਰਨ ਦੇ ਇਸ ਰੁਝਾਨ ਦਾ ਸਾਹਮਣਾ ਕਰਨ ਲਈ ਲੋਕ-ਮੁਹਾਜ਼ ਉਸਾਰਨਾ ਜ਼ਰੂਰੀ ਹੈ। ਅਜਿਹਾ ਲੋਕ ਮੁਹਾਜ਼ ਤਾਂ ਹੀ ਉਸਰ ਸਕਦਾ ਹੈ ਜੇ ਸਾਰੀਆਂ ਸਿਆਸੀ ਪਾਰਟੀਆਂ, ਜਮਹੂਰੀ ਤੇ ਸਮਾਜਿਕ ਜਥੇਬੰਦੀਆਂ, ਟਰੇਡ ਯੂਨੀਅਨਾਂ, ਵਿਦਵਾਨਾਂ, ਸਮਾਜਿਕ ਕਾਰਕੁਨਾਂ, ਨੌਜਵਾਨਾਂ ਤੇ ਔਰਤਾਂ ਦਾ ਸਾਂਝਾ ਮੋਰਚਾ ਬਣਾਇਆ ਜਾਵੇ। ਪਾਰਟੀਆਂ ਤੇ ਜਥੇਬੰਦੀਆਂ ਵਿੱਚ ਸਿਆਸੀ ਤੇ ਵਿਚਾਰਧਾਰਕ ਵਿਰੋਧ ਹਨ। ਲੋਕਾਂ ਦੇ ਇਸ ਸੰਵਿਧਾਨਕ ਅਧਿਕਾਰ ਦੀ ਰਾਖੀ ਕਰਨਲਈ ਇਹ ਵਿਚਾਰ ਕਰਨਾ ਵੀ ਜ਼ਰੂਰੀ ਹੈ ਕਿ ਵੱਖ-ਵੱਖ ਵਿਚਾਰਧਾਰਾਵਾਂ ਨਾਲ ਸਬੰਧਿਤ ਚਿੰਤਕ ਵੋਟ ਦੇ ਅਧਿਕਾਰ ਬਾਰੇ ਕੀ ਸੋਚਦੇ ਸਨ।

### ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ

ਮਾਰਕਸਵਾਦ ਦੇ ਬਾਨੀਆਂ ਦੇ ਇੰਗਲੈਂਡ ਵਿੱਚ ਉਨ੍ਹਾਂ ਦੇ ਸਮਿਆਂ ਵਿੱਚ ਚੱਲ ਰਹੀ ਚਾਰਟਿਸਟ ਮੂਵਮੈਂਟ ਨਾਲ ਡੂੰਘੇ ਸਬੰਧ ਸਨ। ਉਨ੍ਹਾਂ ਨੇ ਇਸ ਲਹਿਰ ਦੀ ਡਟਵੀਂ ਹਮਾਇਤ ਕੀਤੀ, ਇਸ ਲਹਿਰ ਨਾਲ ਸਬੰਧਿਤ ਅਖ਼ਬਾਰਾਂ ਤੇ ਹੋਰ ਅਖ਼ਬਾਰਾਂ ਵਿੱਚ ਲੇਖ ਲਿਖੇ ਅਤੇ ਲਹਿਰ ਦੇ ਜਲਸਿਆਂ ਤੇ ਮੀਟਿੰਗਾਂ ਵਿੱਚ ਹਿੱਸਾ ਲਿਆ। ਇਸ ਲਹਿਰ ਦਾ ਮਕਸਦ ਇੰਗਲੈਂਡ ਦੇ ਇੱਕੀ ਸਾਲ ਤੇ ਇਸ ਤੋਂ ਵੱਧ ਉਮਰ ਦੇ ਸਾਰੇ ਮਰਦਾਂ ਲਈ ਵੋਟ ਦਾ ਅਧਿਕਾਰ ਪ੍ਰਾਪਤ ਕਰਨਾ ਸੀ। ਭਾਵੇਂ ਇਸ ਲਹਿਰ ਦੇ ਟੀਚੇ ਉਸ ਸਮੇਂ ਦੀ ਮਰਦ-ਪ੍ਰਧਾਨ ਸੋਚ ਅਨੁਸਾਰ ਮਰਦਾਂ ਲਈ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਤੱਕ ਸੀਮਤ ਸਨ, ਪਰ ਉਸ ਸਮੇਂ ਦੇ ਸਿਆਸੀ ਤੇ ਸਮਾਜਿਕ ਹਾਲਾਤ ਵਿੱਚ ਇਹ ਇੱਕ ਅਗਾਂਹਵਧੂ ਲਹਿਰ ਸੀ।

25 ਅਗਸਤ 1852 ਦੇ ਅਮਰੀਕੀ ਅਖ਼ਬਾਰ 'ਨਿਊਯਾਰਕ ਡੇਲੀ ਟ੍ਰਿਬਿਊਨ' ਵਿੱਚ ਪ੍ਰਕਾਸ਼ਿਤ ਹੋਏ ਆਪਣੇ ਲੇਖ 'ਦਿ ਚਾਰਟਿਸਟ' ਵਿੱਚ ਕਾਰਲ ਮਾਰਕਸ ਨੇ ਵੋਟ ਦੇਣ ਦੇ ਅਧਿਕਾਰ ਦੀ ਭਰਪੂਰ ਹਮਾਇਤ ਕਰਦੇ ਹੋਏ ਲਿਖਿਆ, 'ਬਾਲਗ ਵੋਟ ਅਧਿਕਾਰ (ਭਾਵ ਸਾਰੇ ਬਾਲਗਾਂ ਲਈ ਵੋਟ ਦਾ ਅਧਿਕਾਰ, ) ਇੰਗਲੈਂਡ ਦੀ ਮਜ਼ਦੂਰ ਜਮਾਤ ਲਈ ਸਿਆਸੀ ਤਾਕਤ ਦੇ ਬਰਾਬਰ ਹੈ ਕਿਉਂਕਿ ਪ੍ਰੋਲੇਤਾਰੀ ਵੱਸੋਂ ਦਾ ਵੱਡਾ ਹਿੱਸਾ ਹਨ।' ਮਾਰਕਸ ਅਨੁਸਾਰ 'ਬਾਲਗ ਵੋਟ ਅਧਿਕਾਰ ਦੇ ਬਿਨਾਂ ਮਜ਼ਦੂਰ ਜਮਾਤ ਦੇ ਹਾਲਾਤ ਭਰਮ ਵਿੱਚ ਪਾ ਦੇਣ ਵਾਲੇ (ਧੋਖਾ ਦੇਣ ਵਾਲੇ -)' ਹੋਣਗੇ। ਇਸੇ ਲੇਖ ਵਿੱਚ ਉਸ ਨੇ ਚਾਰਟਿਸਟ ਲਹਿਰ ਨੂੰ 'ਬਰਤਾਨਵੀ ਮਜ਼ਦੂਰ ਜਮਾਤ ਦਾ ਸਿਆਸੀ ਸਰਗਰਮੀ ਕਰਨ ਵਾਲਾ' ਹਿੱਸਾ ਦੱਸਿਆ।

ਕਾਰਲ ਮਾਰਕਸ ਤੇ ਫਰੈਡਰਿਕ ਏਂਗਲਜ ਦੇ ਵੋਟਾਂ ਦਾ ਅਧਿਕਾਰ ਪ੍ਰਾਪਤ ਕਰਨ ਲਈ ਚੱਲੀ ਇਸ ਮੁਹਿੰਮ ਨਾਲ ਸਬੰਧ ਬਹੁ-ਪਰਤੀ ਸਨ। ਕਾਰਲ ਮਾਰਕਸ ਨੇ ਇਸ ਲਹਿਰ ਦੀਆਂ ਅਖ਼ਬਾਰਾਂ ਤੇ ਰਸਾਲਿਆਂ 'ਦਿ ਪੀਪਲਜ਼ ਪੇਪਰ', 'ਨਾਰਦਨ ਸਟਾਰ', 'ਨੋਟਸ ਟੂ ਦਿ ਪੀਪਲ, 'ਦਿ ਰੈੱਡ ਰਿਪਬਲਿਕਨ', 'ਦਿ ਫਰੈਂਡ ਆਫ ਦਿ ਪੀਪਲ' ਆਦਿ ਲਈ ਲੇਖ ਲਿਖੇ। ਮਾਰਕਸ ਤੇ ਏਂਗਲਜ ਦੀ ਇਸ ਲਹਿਰ ਦੇ ਆਗੂਆਂ ਅਰਨੈਸਟ ਜੋਨਜ਼, ਜਾਰਜ ਜੂਲੀਅਨ ਹਾਰਨੇ ਤੇ ਹੋਰਨਾਂ ਨਾਲ ਡੂੰਘੀ ਮਿੱਤਰਤਾ ਵੀ ਸੀ। ਇਹ ਵੀ ਮਹੱਤਵਪੂਰਨ ਹੈ ਕਿ ਕਮਿਊਨਿਸਟ ਮੈਨੀਫੈਸਟੋ ਦਾ ਅੰਗਰੇਜ਼ੀ ਅਨੁਵਾਦ ਸਭ ਤੋਂ ਪਹਿਲਾਂ ਚਾਰਟਿਸਟ ਮੂਵਮੈਂਟ ਦੇ ਰਸਾਲੇ 'ਦਿ ਰੈੱਡ ਰਿਪਬਲਿਕਨ' ਦੇ ਨਵੰਬਰ 1850 ਵਾਲੇ ਅੰਕ ਵਿੱਚ ਛਪਿਆ। ਇਹ ਵੀ ਮਹੱਤਵਪੂਰਨ ਹੈ ਕਿ ਇਸ ਲਹਿਰ ਦੇ ਕੁਝ ਆਗੂ ਔਰਤਾਂ ਲਈ ਵੋਟ ਦੇ ਅਧਿਕਾਰ ਦੇ ਵੱਡੇ ਹਾਮੀ ਸਨ ਅਤੇ ਔਰਤਾਂ ਨੇ ਵੱਡੀ ਗਿਣਤੀ ਵਿੱਚ ਇਸ ਲਹਿਰ ਵਿੱਚ ਹਿੱਸਾ ਲਿਆ। ਇਸ ਲਹਿਰ ਦੇ ਵੱਖ-ਵੱਖ ਅੰਦੋਲਨਾਂ ਵਿੱਚ ਚਾਲੀ ਤੋਂ ਵੱਧ ਮਜ਼ਦੂਰ ਸ਼ਹੀਦ ਹੋਏ; ਇੱਕ ਸਥਾਨ 'ਤੇ ਹੋਈ ਪੁਲੀਸ ਗੋਲੀਬਾਰੀ ਵਿੱਚ 22 ਮਜ਼ਦੂਰ ਸ਼ਹੀਦ ਹੋਏ। ਵਿਦਵਾਨ ਇਹ ਵੀ ਮੰਨਦੇ ਹਨ ਕਿ ਇਸ ਲਹਿਰ ਨੇ ਮਾਰਕਸ ਦੀ ਬਸਤੀਵਾਦੀ-ਵਿਰੋਧੀ ਸੋਚ ਵਿੱਚ ਪਕਿਆਈ ਲਿਆਉਣ ਵਿੱਚ ਵੱਡਾ ਹਿੱਸਾ ਪਾਇਆ ਕਿਉਂਕਿ ਚਾਰਟਿਸਟ ਅੰਗਰੇਜ਼ੀ ਬਸਤੀਵਾਦ ਦੇ ਵੱਡੇ ਵਿਰੋਧੀ ਸਨ। ਅਰਨੈਸਟ ਜੋਨਜ਼ ਅੰਗਰੇਜ਼ਾਂ ਦੇ ਬਸਤੀਵਾਦ, ਜਿਨ੍ਹਾਂ ਵਿੱਚ ਭਾਰਤ 'ਤੇ ਕਬਜ਼ਾ ਵੀ ਸ਼ਾਮਿਲ ਸੀ, ਦਾ ਵਿਰੋਧ ਕਰਦਾ ਸੀ। ਇਸ ਬਾਰੇ ਹੋਰ ਵੇਰਵੇ ਦੇਣਾ ਇਸ ਲੇਖ ਦੀ ਸੀਮਾ ਤੋਂ ਬਾਹਰ ਹੈ।

### ਔਰਤਾਂ ਨੂੰ ਵੋਟ-ਅਧਿਕਾਰ ਦਿਵਾਉਣ ਲਈ ਚੱਲੀਆਂ ਲਹਿਰਾਂ

ਇੰਗਲੈਂਡ ਵਿੱਚ ਔਰਤਾਂ ਨੇ ਵੋਟ-ਅਧਿਕਾਰ ਹਾਸਿਲ ਕਰਨ ਲਈ ਕਈ ਲਹਿਰਾਂ ਚਲਾਈਆਂ। ਇਨ੍ਹਾਂ ਲਹਿਰਾਂ ਸਦਕਾ ਪਹਿਲਾਂ ਔਰਤਾਂ ਨੂੰ ਸੀਮਤ ਰੂਪ ਵਿੱਚ ਸਥਾਨਕ ਸੰਸਥਾਵਾਂ ਵਿੱਚ ਵੋਟ ਪਾਉਣ ਦੇ ਅਧਿਕਾਰ ਮਿਲੇ ਤੇ ਬਾਅਦ ਵਿੱਚ ਕੌਮੀ ਪੱਧਰ ਦੀਆਂ ਸੰਸਥਾਵਾਂ ਵਿੱਚ। ਐਮਈਲਾਈਨ ਪੈਂਕਹਰਸਟ ਤੇ ਉਸ ਦੀਆਂ ਧੀਆਂ ਪ੍ਰਮੁੱਖ ਤੇ ਜੁਝਾਰੂ ਆਗੂਆਂ ਵਜੋਂ ਉੱਭਰੀਆਂ। ਔਰਤਾਂ ਨੇ ਭੁੱਖ ਹੜਤਾਲਾਂ ਕੀਤੀਆਂ, ਮੁਜ਼ਾਹਰੇ ਤੇ ਟੈਕਸ ਦੇਣ ਦਾ ਵਿਰੋਧ ਕੀਤਾ ਤੇ ਜੇਲ੍ਹ ਵਿੱਚ ਗਈਆਂ। ਏਮਿਲੀ ਡੇਵਸਨ ( ) ਸਮਰਾਟ ਜਾਰਜ (ਪੰਚਮ) ਦੇ ਘੋੜੇ ਦੇ ਸੁੰਮਾਂ ਹੇਠ ਲਿਤਾੜੀ ਗਈ ਤੇ ਸ਼ਹੀਦ ਹੋਈ। ਅਖੀਰ 1928 ਵਿੱਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਵੋਟ ਦੇਣ ਦੇ ਅਧਿਕਾਰ ਮਿਲੇ। ਵੋਮੈੱਨਜ਼ ਸੋਸ਼ਲ ਐਂਡ ਪੋਲਿਟੀਕਲ ਯੂਨੀਅਨ ਦੀ ਅਗਵਾਈ ਵਾਲੀ ਲਹਿਰ ਦੇ ਮੈਂਬਰ ਨੂੰ ਸਫਰਜੇਟ () ਕਿਹਾ ਜਾਂਦਾ ਸੀ, ਇਸ ਵਿੱਚ ਪੰਜਾਬੀਆਂ ਦੀ ਦਿਲਚਸਪੀ ਦਾ ਕਾਰਨ ਹੈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਪੋਤੀਆਂ ਸੋਫੀਆ ਦਲੀਪ ਸਿੰਘ ਤੇ ਬਾਂਬਾ ਸਦਰਲੈਂਡ ਨੇ ਇਸ ਲਹਿਰ ਵਿੱਚ ਹਿੱਸਾ ਲਿਆ। ਸੋਫੀਆ ਇੱਕ ਮਹੱਤਵਪੂਰਨ ਕਾਰਕੁਨ ਸੀ ਜਦੋਂਕਿ ਬਾਂਬਾ ਭਾਰਤ ਦੇ ਇਨਕਲਾਬੀਆਂ ਦੇ ਕਰੀਬ ਸੀ ਤੇ ਉਹ ਲਾਹੌਰ ਆ ਕੇ ਵੱਸ ਗਈ।

### ਮਹਾਤਮਾ ਗਾਂਧੀ ਤੇ ਵੋਟ ਦਾ ਅਧਿਕਾਰ ਖੋਹਣ 'ਤੇ ਉਹਨਾਂ ਦਾ ਪ੍ਰਤੀਕਰਮ

ਇਹ ਵਾਕਿਆ 1926 ਦਾ ਹੈ ਜਦੋਂ ਅੰਗਰੇਜ਼ਾਂ ਦੇ ਰਾਜ ਦੌਰਾਨ ਅਣਵੰਡੇ ਬੰਗਾਲ ਦੀ ਵਿਧਾਨ ਕੌਂਸਿਲ (ਬੰਗਾਲ ਲੈਜਿਸਲੇਟਿਵ ਕੌਂਸਿਲ) ਦੀਆਂ ਚੋਣਾਂ ਹੋਈਆਂ। ਧਰਮ ਆਧਾਰਿਤ ਸੀਟਾਂ ਦੀ ਵੰਡ ਕਾਰਨ ਹਿੰਦੂ ਹਲਕੇ ਵੱਖਰੇ ਸਨ ਤੇ ਮੁਸਲਮਾਨ ਵੱਖਰੇ। ਬੰਗਾਲ ਦੇ ਮਿਦਨਾਪੁਰ ਜ਼ਿਲ੍ਹੇ ਦੇ ਇੱਕ ਵੋਟਰ ਖਵਾਜਾ ਜਮਾਲੁਦੀਨ ਦੀ ਵੋਟ ਕੱਟ ਦਿੱਤੀ ਗਈ। ਉਸ ਨੇ ਸਬੰਧਿਤ ਅਧਿਕਾਰੀਆਂ ਕੋਲ ਅਪੀਲ ਕੀਤੀ ਪਰ ਫ਼ੈਸਲਾ ਕੋਈ ਨਾ ਆਇਆ। ਚੋਣਾਂ ਹੋ ਗਈਆਂ। ਚੋਣਾਂ ਤੋਂ ਬਾਅਦ ਸਬੰਧਿਤ ਅਧਿਕਾਰੀਆਂ ਨੇ ਮੰਨਿਆ ਕਿ ਜਮਾਲੁਦੀਨ ਦੀ ਵੋਟ ਦਾ ਕੱਟਣਾ ਗਲਤ ਸੀ ਤੇ ਉਸ ਦੇ ਵੋਟ ਪਾਉਣ ਦੇ ਹੱਕ ਨੂੰ ਬਹਾਲ ਕਰ ਦਿੱਤਾ ਗਿਆ। ਜਮਾਲੁਦੀਨ ਨੇ ਇਹ ਸਾਰੇ ਵੇਰਵੇ ਮਹਾਤਮਾ ਗਾਂਧੀ ਨੂੰ ਲਿਖ ਭੇਜੇ। ਮਹਾਤਮਾ ਗਾਂਧੀ ਨੇ 23 ਦਸੰਬਰ 1926 ਦੇ 'ਯੰਗ ਇੰਡੀਆ' ਅਖ਼ਬਾਰ ਵਿੱਚ ਇਸ 'ਤੇ ਵਿਸ਼ੇਸ਼ ਲੇਖ 'ਪਾਖੰਡ/ਢਕੌਂਸਲੇ ਤੋਂ ਵੀ ਮਾੜਾ ( )' ਦੇ ਸਿਰਲੇਖ ਹੇਠ ਲਿਖਿਆ। ਚੋਣਾਂ ਹੋਣ ਤੋਂ ਬਾਅਦ ਵੋਟ ਦਾ ਹੱਕ ਬਹਾਲ ਕਰਨ ਬਾਰੇ ਗਾਂਧੀ ਨੇ ਲਿਖਿਆ, 'ਇਹ ਇਵੇਂ ਹੈ, ਜਿਵੇਂ ਕਿਸੇ ਨੂੰ ਫਾਂਸੀ ਦੇਣ ਤੋਂ ਬਾਅਦ ਸਜ਼ਾ ਮੁਅੱਤਲ ਕਰ ਦਿੱਤੀ ਗਈ ਹੋਵੇ।' ਗਾਂਧੀ ਦੇ ਸ਼ਬਦ ਸਨ, ' .'

ਉੱਪਰ ਦਿੱਤੀਆਂ ਗਈਆਂ ਉਦਾਹਰਣਾਂ ਤੋਂ ਬਿਨਾਂ ਯੂਰੋਪ ਦੇ ਵੱਖ ਵੱਖ ਦੇਸ਼ਾਂ ਵਿੱਚ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਲਈ ਲੜੇ ਗਏ ਸੰਘਰਸ਼ਾਂ ਦਾ ਇਤਿਹਾਸ ਇਹ ਦੱਸਦਾ ਹੈ ਕਿ ਮਨੁੱਖਤਾ ਨੇ ਇਹ ਹੱਕ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤਾ ਹੈ। ਸਭ ਲਈ ਵੋਟ ਦਾ ਅਧਿਕਾਰ ਫਰਾਂਸੀਸੀ ਇਨਕਲਾਬ ਦੀ ਮਹੱਤਵਪੂਰਨ ਪ੍ਰਾਪਤੀ ਸੀ। ਇਹ ਵੀ ਸਪੱਸ਼ਟ ਹੈ ਕਾਰਲ ਮਾਰਕਸ ਤੋਂ ਲੈ ਕੇ ਮਹਾਤਮਾ ਗਾਂਧੀ ਤੱਕ ਹਰ ਚਿੰਤਕ ਤੇ ਆਗੂ ਵੋਟ ਦੇ ਅਧਿਕਾਰ ਦੇ ਮਹੱਤਵ ਨੂੰ ਪਛਾਣਦਾ ਸੀ ਤੇ ਉਹ ਇਨ੍ਹਾਂ ਅਧਿਕਾਰਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹੇ।

ਹੁਣ ਸਾਡੇ ਦੇਸ਼ ਵਿੱਚ ਐੱਸ.ਆਈ.ਆਰ. ਦੀ ਕਾਰਵਾਈ ਰਾਹੀਂ ਲੱਖਾਂ ਲੋਕਾਂ ਨੂੰ ਵੋਟ ਦੇ ਅਧਿਕਾਰ ਤੋਂ ਮਹਿਰੂਮ ਕੀਤਾ ਜਾ ਰਿਹਾ ਹੈ। ਸੁਪਰੀਮ ਕੋਰਟ ਨੇ ਸਰਕਾਰ ਤੇ ਚੋਣ ਕਮਿਸ਼ਨ ਦੀ ਅਜਿਹੀ ਕਾਰਵਾਈ 'ਤੇ ਆਪਣੀ ਸਹਿਮਤੀ ਦੀ ਮੋਹਰ ਲਗਾ ਦਿੱਤੀ ਹੈ। ਇਹ ਸਾਡੇ ਦੇਸ਼ ਦੀ ਲੋਕਾਈ ਤੇ ਜਮਹੂਰੀਅਤ ਲਈ ਸੰਕਟ ਦਾ ਸਮਾਂ ਹੈ। ਜਿਨ੍ਹਾਂ ਘੱਟ ਸਾਧਨਾਂ ਵਾਲੇ ਲੋਕਾਂ ਦੀਆਂ ਵੋਟਾਂ ਕੱਟੀਆਂ ਗਈਆਂ ਹਨ, ਉਨ੍ਹਾਂ ਨੂੰ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ: ਕਈਆਂ ਨੂੰ ਭਾਰਤ ਦੇ ਨਾਗਰਿਕ ਨਹੀਂ ਮੰਨਿਆ ਜਾ ਰਿਹਾ ਅਤੇ ਕਈਆਂ ਨੂੰ ਮੁਫ਼ਤ ਮਿਲਦੇ ਰਾਸ਼ਨ, ਮਗਨਰੇਗਾ ਤੇ ਹੋਰ ਸਹੂਲਤਾਂ ਤੋਂ ਵਾਂਝਿਆਂ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਸਦੀਆਂ ਤੋਂ ਇਸ ਧਰਤੀ 'ਤੇ ਵਸਦੇ ਪਰਿਵਾਰਾਂ ਦੀ ਨਾਗਰਿਕਤਾ 'ਤੇ ਸਵਾਲ ਉਠਾਉਣਾ, ਉਨ੍ਹਾਂ ਨੂੰ ਸ਼ੱਕ ਦੇ ਘੇਰੇ ਵਿੱਚ ਲਿਆਉਣਾ ਤੇ ਜੇ ਉਹ ਘੱਟਗਿਣਤੀ ਫ਼ਿਰਕੇ ਨਾਲ ਸਬੰਧਿਤ ਹੋਣ ਤਾਂ ਉਨ੍ਹਾਂ ਨੂੰ ਕਾਨੂੰਨੀ ਰੂਪ ਵਿੱਚ ਨਾਗਰਿਕਤਾ ਤੋਂ ਮਹਿਰੂਮ ਕਰਨ ਦੇ ਯਤਨ ਕਰਨਾ ਅਤੇ ਉਨ੍ਹਾਂ ਨੂੰ ਕਾਨੂੰਨੀ ਕਾਰਵਾਈਆਂ ਦੇ ਅਜਿਹੇ ਮੱਕੜਜਾਲ ਵਿੱਚ ਉਲਝਾਉਣਾ ਜਿਸ ਨਾਲ ਉਨ੍ਹਾਂ ਦਾ ਜੀਵਨ ਦੁੱਖਾਂ-ਦੁਸ਼ਵਾਰੀਆਂ ਦਾ ਸ਼ਿਕਾਰ ਹੋ ਜਾਵੇ। ਘੱਟ ਸਾਧਨਾਂ ਵਾਲੇ ਲੋਕਾਂ ਦੀ ਗੱਲ ਛੱਡੋ, ਪੱਛਮੀ ਬੰਗਾਲ ਦੀ ਪ੍ਰਮੁੱਖ ਅਖ਼ਬਾਰ 'ਦਿ ਟੈਲੀਗ੍ਰਾਫ', ਜਿਹੜੀ ਸਾਢੇ ਚਾਰ ਲੱਖ ਤੋਂ ਵੱਧ ਗਿਣਤੀ ਵਿੱਚ ਛਪਦੀ ਹੈ, ਦੇ ਸਾਬਕਾ ਸੰਪਾਦਕ ਆਰ. ਰਾਜਗੋਪਾਲ ਦਾ ਪਾਸਪੋਰਟ ਇਸ ਲਈ ਨਹੀਂ ਨਵਿਆਇਆ ਗਿਆ ਕਿ ਉਸ ਦਾ ਨਾਂ ਵੋਟਰ ਲਿਸਟ 'ਚੋਂ ਕੱਟ ਦਿੱਤਾ ਗਿਆ ਸੀ; ਉਹ ਅਮਰੀਕਾ ਵਿੱਚ ਆਪਣੀ ਧੀ ਦੇ ਵਿਆਹ ਵਿੱਚ ਸ਼ਾਮਿਲ ਨਾ ਹੋ ਸਕਿਆ। ਬਾਅਦ ਵਿੱਚ ਕੇਰਲਮ ਦੇ ਮੁੱਖ ਮੰਤਰੀ, ਐਡੀਟਰਜ਼ ਗਿਲਡ ਔਫ ਇੰਡੀਆ, ਸੀਪੀਐੱਮ ਤੇ ਹੋਰਨਾਂ ਦੇ ਦਖ਼ਲ ਨਾਲ ਉਸ ਨੂੰ ਪਾਸਪੋਰਟ ਮਿਲਿਆ।

ਸਾਡੀ ਤ੍ਰਾਸਦੀ ਇਹ ਹੈ ਕਿ ਸਰਕਾਰ ਦੀ ਇਸ ਕਾਰਵਾਈ ਦਾ ਸ਼ਾਬਦਿਕ ਵਿਰੋਧ ਤਾਂ ਕੀਤਾ ਜਾ ਰਿਹਾ ਹੈ ਪਰ ਇਸ ਵਿਰੁੱਧ ਕੋਈ ਅੰਦੋਲਨ ਲਾਮਬੰਦ ਨਹੀਂ ਕੀਤਾ ਗਿਆ। ਕਈ ਧਿਰਾਂ ਦਾ ਕਹਿਣਾ ਹੈ ਕਿ ਵੋਟਾਂ ਦੇ ਅਧਿਕਾਰ ਦਾ ਕੋਈ ਖ਼ਾਸ ਮਹੱਤਵ ਨਹੀਂ ਹੁੰਦਾ ਅਤੇ ਕਈਆਂ ਦਾ ਕਹਿਣਾ ਹੈ ਜਮਹੂਰੀਅਤ ਦਾ ਜਿਹੜਾ ਰੂਪ ਸਾਡੇ ਦੇਸ਼ ਵਿੱਚ ਪ੍ਰਾਪਤ ਹੈ, ਉਸ ਵਿੱਚ ਵੋਟ ਦੇਣ ਦਾ ਕੋਈ ਫ਼ਾਇਦਾ ਨਹੀਂ। ਇਹ ਨਿਰਣਾ ਸਹੀ ਨਹੀਂ। ਫਾਸ਼ੀਵਾਦੀ ਤਾਕਤਾਂ ਲੋਕਾਂ ਦਾ ਹਰ ਜਮਹੂਰੀ ਹੱਕ ਖੋਹਣ ਦਾ ਯਤਨ ਕਰਦੀਆਂ ਹਨ; ਉਹ ਇੱਕ ਤੋਂ ਬਾਅਦ ਦੂਸਰਾ ਹੱਕ ਖੋਹਣ ਜਾਂ ਉਸ ਨੂੰ ਸੀਮਤ ਕਰ ਕੇ ਜਮਹੂਰੀਅਤ ਨੂੰ ਕਮਜ਼ੋਰ ਕਰਦੀਆਂ ਹਨ; ਸਾਡੇ ਦੇਸ਼ ਵਿੱਚ ਜਮਹੂਰੀਅਤ ਕਮਜ਼ੋਰ ਹੋ ਰਹੀ ਹੈ। ਇਸ ਦੇ ਗੰਭੀਰ ਤੇ ਦੁਖਦਾਈ ਸਿੱਟੇ ਨਿਕਲ ਰਹੇ ਹਨ ਤੇ ਹੋਰ ਨਿਕਲਣਗੇ।

ਖੱਬੀਆਂ ਧਿਰਾਂ ਵਿੱਚ ਇਸ ਰੁਝਾਨ ਦਾ ਸੰਗਠਿਤ ਰੂਪ ਵਿੱਚ ਵਿਰੋਧ ਕਰਨ ਬਾਰੇ ਗੱਲ ਚੱਲੀ ਸੀ, ਪਰ ਚੋਣਾਂ ਵਿੱਚ ਹਿੱਸਾ ਲੈਣ ਵਾਲੀਆਂ ਖੱਬੀਆਂ ਪਾਰਟੀਆਂ ਇਤਿਹਾਸਕ ਥਕਾਨ ਦਾ ਸ਼ਿਕਾਰ ਹਨ। ਪੰਜਾਬ ਵਿੱਚ ਦੂਸਰੀਆਂ ਵਿਰੋਧੀ ਪਾਰਟੀਆਂ ਦੇ ਮੁੱਖ ਆਗੂਆਂ ਨੂੰ ਇਉਂ ਲੱਗਦਾ ਹੈ ਕਿ ਉਹ ਆਪੋ-ਆਪਣੇ ਹਲਕੇ ਤੋਂ ਤਾਂ ਜਿੱਤ ਹੀ ਜਾਣਗੇ ਅਤੇ ਉਨ੍ਹਾਂ ਦੀ ਪਾਰਟੀ ਜਿੱਤ ਦੀ ਰਾਹ 'ਤੇ ਹੈ। ਇਹ ਆਗੂ ਇਹ ਭੁੱਲ ਰਹੇ ਹਨ ਕਿ ਇਹੋ ਜਿਹੇ ਵਿਸ਼ਵਾਸ ਕਾਰਨ ਹੀ ਮਮਤਾ ਬੈਨਰਜੀ ਤੇ ਐੱਮ.ਕੇ. ਸਟਾਲਿਨ ਜਿਹੇ ਆਗੂ ਆਪਣੇ ਹਲਕਿਆਂ ਤੋਂ ਚੋਣ ਹਾਰ ਗਏ। ਐੱਮ.ਕੇ. ਸਟਾਲਿਨ ਦੇ ਹਲਕੇ 'ਚੋਂ ਇੱਕ ਲੱਖ ਤੋਂ ਵੱਧ ਵੋਟਾਂ ਕੱਟੀਆਂ ਗਈਆਂ ਤੇ ਮਮਤਾ ਬੈਨਰਜੀ ਦੇ ਹਲਕੇ 'ਚੋਂ 50,000 ਤੋਂ ਵੱਧ, ਭਾਵ ਸਟਾਲਿਨ ਦੇ ਹਲਕੇ 'ਚੋਂ 35 ਫ਼ੀਸਦੀ ਤੇ ਮਮਤਾ ਦੇ ਹਲਕੇ 'ਚੋਂ 25 ਫ਼ੀਸਦੀ ਵੋਟਾਂ ਕੱਟੀਆਂ ਗਈਆਂ। ਸਟਾਲਿਨ 8795 ਤੇ ਮਮਤਾ ਲਗਭਗ 15 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਹਾਰੀ।

ਵੋਟਾਂ ਕੱਟੇ ਜਾਣ ਦੇ ਹਊਏ ਦੇ ਰੂਪ ਵਿੱਚ ਇੱਕ ਵੱਡਾ ਖ਼ਤਰਾ ਪੰਜਾਬ 'ਤੇ ਮੰਡਰਾ ਰਿਹਾ ਹੈ। ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਅਤੇ ਜਮਹੂਰੀ ਤੇ ਸਮਾਜਿਕ ਜਥੇਬੰਦੀਆਂ ਦਾ ਫ਼ਰਜ਼ ਹੈ ਕਿ ਉਹ ਇਕੱਠੇ ਹੋ ਕੇ ਇਸ ਖ਼ਤਰੇ ਦਾ ਸਾਹਮਣਾ ਕਰਨ। ਇਹ ਖ਼ਤਰਾ ਵੋਟ ਦੇ ਹੱਕ ਤੋਂ ਮਹਿਰੂਮ ਕਰਨ ਤੱਕ ਸੀਮਤ ਨਹੀਂ ਰਹਿਣਾ; ਇਸ ਨੇ ਹੋਰ ਵਧਣਾ ਹੈ।

ਸਵਰਾਜਬੀਰ

# ਜਦੋਂ ਮੈਂ ਲਾਵਾਰਿਸ ਲਾਸ਼ ਬਣਨ ਤੋਂ ਬਚਿਆ

## ਹੱਡ ਬੀਤੀ

ਕਰੀਬ 80ਵੇਂ ਦਹਾਕੇ ਦੀ ਸੁਰੂਆਤ ਵਿੱਚ ਪੰਜਾਬ/ ਪੰਥਕ ਹਿੱਤਾਂ ਨੂੰ ਲੈ ਕੇ ਇੱਕ ਤਕੜੇ ਸੰਘਰਸ ਦਾ ਮੁੱਢ ਬੱਝ ਚੁੱਕਾ ਸੀ। ਸਮੇਂ ਦੀ ਸਰਕਾਰ ਦੀਆਂ ਵਧੀਕੀਆਂ ਕਾਰਨ ਖਾੜਕੂਵਾਦ ਦੀ ਲਹਿਰ ਨੇ ਵੀ ਜੋਰ ਫੜ ਲਿਆ। ਖਾੜਕੂਵਾਦ ਵਿੱਚ ਘੁਸਪੈਠ ਕਰ ਚੁੱਕੀਆਂ ਕਾਲੀਆਂ ਭੇਡਾਂ ਦੇ ਕਾਲੇ ਕਾਰਨਾਮਿਆਂ ਨੇ ਸੰਘਰਸੀ ਲਹਿਰ ਨੂੰ ਡੂੰਘੀ ਸੱਟ ਮਾਰੀ ਤੇ ਅੱਤਵਾਦੀ ਘਿਨਾਉਣੇ ਕਾਰਨਾਮਿਆਂ ਦਾ ਠੀਕਰਾ ਖਾੜਕੂਵਾਦ ਦੇ ਸਿਰ 'ਤੇ ਹੀ ਭੱਜਣ ਲੱਗਾ। ਅੱਤਵਾਦ ਨਾਲ ਨਜਿੱਠਣ ਦੇ ਨਾਂ ਹੇਠ ਅੱਤਵਾਦੀ ਢੰਗ ਤਰੀਕਿਆਂ ਨੂੰ ਹੀ ਵਰਤਿਆ ਜਾਣ ਲੱਗਾ। ਪੰਜਾਬ ਦੇ ਆਮ ਲੋਕ ਅੱਤਵਾਦ ਦੇ ਦੋਹਾਂ ਪੁੜਾਂ ਵਿਚ ਪਿਸਣ ਲੱਗੇ। ਕਈ ਪੁਸਤਪਨਾਹ ਅਤੇ ਕਈ ਟਾਊਟ ਹੋਣ ਦੇ ਸੱਕ ਵਿਚ ਸਜਾ ਭੁਗਤਣ ਲੱਗੇ। ਪੰਜਾਬ ਦੀ ਫਿਜਾ ਤੇ ਮੰਡਰਾਅ ਰਹੇ ਇਸ ਕਾਲੇ ਦੌਰ ਦੌਰਾਨ ਅਸਲੀ ਸਿਧਾਂਤਕ ਖਾੜਕੂਵਾਦ ਤੇ ਨਕਲੀ ਖਾੜਕੂਵਾਦ (ਅੱਤਵਾਦ) ਦੇ ਰੋਲ ਘਚੋਲੇ ਵਿੱਚ ਜਿਆਦਾ ਕਰਕੇ ਬਦਲੇ ਦੀ ਭਾਵਨਾ ਜਾਂ ਉਚ ਅਹੁਦਿਆਂ ਤੇ ਵੱਡੇ ਗੱਫਿਆਂ ਦੀ ਝਾਕ ਵਿੱਚ ਹੀ ਫੜੋ ਫੜਾਈ, ਅਗਵਾ,ਮਾਰ ਧਾੜ ਤੇ ਸੱਚੇ ਝੂਠੇ ਖੂਨੀ ਮੁਕਾਬਲਿਆਂ ਦਾ ਕਰੁੱਖਤ ਵਰਤਾਰਾ ਵਰਤਣ ਲੱਗਾ। ਪੰਜਾਬ ਦੀ ਇਸ ਤ੍ਰਾਸਦੀ ਦਾ ਵੱਡਾ ਦੁਖਾਂਤ ਇਹ ਸੀ ਕਿ ਵਧੇਰੇ ਕਰਕੇ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬੀ ਹੀ ਪੰਜਾਬੀਆਂ ਨੂੰ ਬੇਪਤ ਕਰਦੇ ਹੋਏ ਮਾਰ ਤੇ ਲੁੱਟ ਰਹੇ ਸਨ। ਭਾਵੇਂ ਇਸ ਸਭ ਕਾਸੇ ਲਈ ਪੰਜਾਬ ਦੇ ਇੱਕ ਖਾਸ ਧਰਮ ਦੇ ਅਨੁਯਾਈਆਂ ਨੂੰ ਪੂਰਾ ਬਦਨਾਮ ਕਰਕੇ ਪੰਜਾਬ ਦੀ ਅਣਖੀ ਜਵਾਨੀ ਦੀ ਹੀ ਵੱਡੀ ਪੱਧਰ 'ਤੇ ਨਸਲਕੁਸੀ ਕਰਨ ਦੇ ਮਨਸੂਬੇ ਘੜੇ ਜਾ ਚੁੱਕੇ ਸਨ। ਜਿਸ ਦੇ ਫਲਸਰੂਪ ਇੱਕ ਪਾਸੇ ਨਿੱਤ ਬੇਹਿਸਾਬੀਆਂ ਅਣਪਛਾਤੀਆਂ ਲਾਵਾਰਿਸ ਲਾਸਾਂ ਦੇ ਬਹੁਤ ਸਾਰੇ ਬਲਦੇ ਸਿਵਿਆਂ ਦੇ ਅੰਗਿਆਰ ਕੋਹਰਾਮ ਮਚਾ ਰਹੇ ਸਨ ਤੇ ਦੂਜੇ ਪਾਸੇ ਅਨੇਕਾਂ ਮਨੁੱਖੀ ਦੇਹੀਆਂ ਨਹਿਰਾਂ ਤੇ ਦਰਿਆਵਾਂ ਦੀਆਂ ਡੱਡੀਆਂ- ਮੱਛੀਆਂ ਦਾ ਖਾਜਾ(ਭੋਜਨ )ਬਣ ਰਹੀਆਂ ਸਨ। ਅੱਤਵਾਦ ਦੇ ਦੈਂਤ( ਬਲੈਕ ਕੈਟਾਂ/ ਕਾਲੀਆਂ ਭੇਡਾਂ) ਵੱਲੋਂ ਧੱਕੇ ਨਾਲ ਸਰੇਆਮ ਜਾਂ ਘਾਤ ਲਾ ਕੇ ਘਰੋਂ ਬਾਹਰੋਂ ਮਜਲੂਮਾਂ ਨੂੰ ਚੁੱਕਿਆ ਜਾਂਦਾ ਸੀ। ਉਨ੍ਹਾਂ ਦੇ ਪਿਛਲੇ ਬੇਵੱਸ (ਮਾਪੇ, ਭੈਣ, ਭਰਾ ਬੱਚੇ ) ਆਪਣੇ ਮੁੜ ਪਰਤ ਆਉਣ ਦੀ ਅਮੁੱਕ(ਕਦੇ ਨਾ ਮੁੱਕਣ ਦੀ ਉਡੀਕ ਵਿੱਚ ਕੁਝ ਮਰ ਮੁਕਦੇ ਜਾ ਰਹੇ ਸਨ ਤੇ ਕੁਝ ਠਾਣਿਆਂ ਕਚਹਿਰੀਆਂ ਦੇ ਧੱਕੇ ਖਾ ਖਾ ਕੇ ਮਰਿਆ ਵਰਗੇ ਹੁੰਦੇ ਜਾ ਰਹੇ ਸਨ।ਆਪਣੇ ਵਿਛੜਿਆਂ ( ਜੋਰ ਜਬਰ ਨਾਲ ਵਿਛੋੜੇ ਗਿਆਂ) ਦੇ ਵਿਯੋਗ ਵਿੱਚ ਉਨ੍ਹਾਂ ਦੇ ਦਰਦਾਂ ਦੇ ਹੌਕੇ ਹਾਵਿਆਂ ਦੀ ਕਿਤੇ ਵੀ ਕੋਈ ਸੁਣਵਾਈ ਨਹੀਂ ਸੀ। ਇਸ ਲੁਕਵੇਂ ਛੁਪੇ/ ਪਰਦੇ ਹੇਠ ਹੋ ਰਹੇ ਮੌਤ ਦੇ ਤਾਂਡਵ ਨਾਚ ਨੂੰ ਮਨੁੱਖੀ ਹੱਕਾਂ ਦੇ ਰਾਖੇ ਸਿਰ ਲੱਥ ਯੋਧੇ (ਭਾਈ ਜਸਵੰਤ ਸਿੰਘ ਖਾਲੜਾ) ਲਾਵਾਰਸ ਲਾਸਾਂ ਦਾ ਵਾਰਸ ਬਣਨ(ਪਰਦਾਫਾਸ ਕਰਨ)ਦੇ ਯਤਨ ਕਰਦੇ ਹੋਏ ਖੁਦ ਹੀ ਲਾਵਾਰਸ ਲਾਸ ਬਣ ਕੇ 'ਸੁਤਲੁਜ' ਵਿੱਚ ਵਹਿ ਗਏ ਸਨ।

ਇਸ ਬੁਰਛਾਗਰਦੀ ਵਾਲੇ ਹਨੇਰਗਰਦੀ ਦੇ ਮਾਹੌਲ ਵਿੱਚ ਵੀ ਮੁੜ ਆਉਣ (ਜਿਊਂਦੇ ਹੋਣ) ਦੀ ਹਸਰਤ ਭਰੀ ਆਸ ਵਿੱਚ ਇਨਾਂ ਬਹੁਤਿਆਂ ਦੀਆਂ ਤਾਂ ਸਮੇਂ ਸਿਰ ਅੰਤਮ ਰਸਮਾਂ ਵੀ ਨਹੀਂ ਹੋ ਸਕੀਆਂ ਤੇ ਨਾ ਹੀ ਵਾਰਿਸਾਂ ਨੂੰ 'ਡੈਥ ਸਰਟੀਫਿਕੇਟ' ਜਾਰੀ ਹੋ ਸਕੇ। ਅਜਿਹੀ ਭਿਆਨਕਤਾ ਦੇ ਕਾਲੇ ਦੌਰ ਵਿਚ ਮੈਂ ਇੱਕ ਪ੍ਰਾਈਵੇਟ ਸਕੂਲ ਵਿੱਚ ਅਧਿਆਪਨ ਦੀਆਂ ਸੇਵਾਵਾਂ



ਨਿਭਾ ਰਿਹਾ ਸੀ। ਉਸ ਸਕੂਲ ਨੇ ਲੁਧਿਆਣਾ ਵਿੱਚ ਹੋ ਰਹੇ ਇੱਕ ਵਿਦਿਅਕ ਸੈਮੀਨਾਰ ਵਿੱਚ ਹਾਜਰ ਹੋਣ ਦੀ ਮੇਰੀ ਡਿਊਟੀ ਲਗਾਈ ਸੀ। ਉਹ ਡਿਊਟੀ ਕਰਕੇ ਅਗਲੇ ਦਿਨ ਮੈਂ ਆਪਣੇ ਉਸ ਸਕੂਲ ਦੀ ਮੁੜ ਡਿਊਟੀ 'ਤੇ ਅਜੇ ਹਾਜਰ ਹੋਇਆ ਸੀ ਕਿ ਚਿੱਟ ਕੱਪੜੀਏ ਗੁੰਡਿਆਂ ਦੀ ਧਾੜ ਨੇ ਮੈਨੂੰ ਆਣ ਦਬੋਚਿਆ। ਮੇਰਾ ਸਿੱਖੀ ਸਰੂਪ ਜਰੂਰ ਸੀ ਪਰ ਖਾੜਕੂਵਾਦ ਦੇ ਢੰਗ ਤਰੀਕਿਆਂ ਨਾਲ ਤਾਂ ਮੇਰਾ ਨੇੜੇ ਤੇੜੇ ਦਾ ਵੀ ਕੋਈ ਵਾਹ ਵਾਸਤਾ ਨਹੀਂ ਸੀ। ਗੁੰਡਿਆਂ ਵੱਲੋਂ ਦਬੋਚਣ ਵੇਲੇ ਮੇਰੇ ਸਕੂਲ ਸਟਾਫ ਨੇ ਕਸੂਰ ਕੀ ਆ ?ਕਸੂਰ ਕੀ ਆ ? ਦਾ ਰੌਲਾ ਪਾਉਂਦਿਆਂ ਉਸ ਗੈਂਗ ਟੀਮ ਅੱਗੇ ਕੁਝ ਸਵਾਲ ਵੀ ਖੜ੍ਹੇ ਕੀਤੇ। ਪਰ ਭੂਤਰੇ ਗੁੰਡਾ ਗੈਂਗ ਨੇ ਸਵਾਲਾਂ ਦੇ ਜਬਾਬ ਦੇਣਾ ਵੀ ਵਾਜਬ ਨਾ ਸਮਝਿਆ।ਕਿਉਂ ਕਿ ਇਹ ਗੁੰਡਾ ਗੈਂਗ ਉਸ ਸਮੇਂ ਦੇ ਕੁਸਾਸਨ ਦੇ ਬੁੱਚੜਪੁਣੇ /ਵਹਿਸੀਪੁਣੇ/ ਕਸਾਈਪੁਣੇ ਲਈ ਮਸਹੂਰ ਕੁਝ ਕੁ ਆਹਲਾ (ਅਖੌਤੀ ਕਾਨੂੰਨ ਰਾਖੇ) ਅਫਸਰਾਂ ਦੀਆਂ ਮੁੱਖ ਗੁੰਡਾਂ ਸਿਪਾਹ ਸਲਾਰਾਂ ਦੇ ਗੈਂਗ ਟੀਮਾਂ ਵਿੱਚੋਂ ਇੱਕ ਪ੍ਰਮੁੱਖ ਗੈਂਗ/ਬੁਰਛਾਗਰਦ ਟੀਮ ਸੀ। ਜਿਸ ਕਰਕੇ ਉਸ ਟੀਮ ਨੇ ਜੋਰ ਜਬਰੀ ਕਰਦਿਆਂ ਨਿਡਰ ਹੋਕੇ ਧਿੰਗੋਜੋਰੀ ਮੈਨੂੰ ਜੀਪ ਵਿਚ ਸੁੱਟ ਕੇ ਭਜ ਤੁਰੇ। ਰਾਹ ਵਿਚ ਜਾਂਦੇ ਉਹ ਲਲਕਾਰੇ ਮਾਰ ਮਾਰ ਇੰਜ ਚਾਂਭਲ ਰਹੇ ਸਨ ਜਿਵੇਂ ਮੈਨੂੰ (ਇੱਕ ਸਧਾਰਨ ਵਿਅਕਤੀ ਨੂੰ) ਨਹੀਂ ਸਗੋਂ ਇੱਕ ਵੱਡਾ ਖਾੜਕੂ ਦਬੋਚ ਲਿਆ ਹੋਵੇ।

ਮੈਨੂੰ ਦਬੋਚੇ ਜਾਣ ਦਾ ਨਾ ਮੇਰੇ ਅਗਲਿਆਂ ਨੂੰ ਪਤਾ ਸੀ ਨਾ ਪਿਛਲਿਆਂ ਨੂੰ , ਕਿ ਮੈਨੂੰ ਕਿੱਥੇ ਲਿਜਾਇਆ ਜਾ ਰਿਹਾ ? ਕਦੇ ਕਦੇ ਡਰ ਵੀ ਲੱਗਦਾ ਸੀ ਪਰ ਮਨ ਨੂੰ ਤਸੱਲੀ ਜਰੂਰ ਸੀ ਕਿ ਮੈਂ ਕੋਈ ਗੁਨਾਹ ਤਾਂ ਕੀਤਾ ਨਹੀਂ, ਜੋ ਹੋਊ ਦੇਖੀ ਜਾਊ। ਭਲੀ ਕਰੂ ਕਰਤਾਰ। ਹੂਟਰ ਮਾਰਦੀ ਜੀਪ ਭਜਾਈ ਨਹੀਂ ਉਡਾਈ ਜਾ ਰਹੀ ਸੀ। ਰਾਹ ਵਿੱਚੋਂ ਮੇਰੇ ਵਰਗੇ ਇੱਕ ਦੋ ਹੋਰ ਵੀ ਦਬੋਚ ਲਏ ਤੇ ਆਖਰ ਉਹ ਜੀਪ ਪੁਲਸ ਜਿਲਾ ਬਟਾਲਾ ਦੇ ਇੱਕ ਮਸਹੂਰ ਇਨਟੈਰੋਗੇਸਨ ਸੈਂਟਰ ਦੇ ਉਸ ਹਾਤੇ ਵਿਚ ਸਿੱਧੀ ਜਾ ਵਾੜੀ। ਜਿਥੇ ਪਹਿਲਾਂ ਹੀ ਬਹੁਤ ਸਾਰੇ ਸਾਡੇ ਵਰਗੇ (ਬਗੈਰ ਕਿਸੇ ਗ੍ਰਿਫਤਾਰੀ ਰਿਕਾਰਡ ਦਰਜ ਕੀਤਿਆਂ ਹੀ) ਤਾੜੇ ਹੋਏ ਸਨ। ਜਿਨ੍ਹਾਂ ਦਾ ਖਾੜਕੂਵਾਦ ਗਤੀਵਿਧੀਆਂ ਨਾਲ ਸਿੱਧਾ ਕੋਈ ਸਬੰਧ ਨਹੀਂ ਸੀ। ਪਰ ਕਸੂਰ ਇਹ ਸੀ ਕਿ ਇਹ ਸਭ ਨਾਮੀ ਗਰਾਮੀ ਖਾੜਕੂਆਂ (ਜਿਨ੍ਹਾਂ ਨੇ ਕੁਸਾਸਨ ਦੀ ਬੇਨਿਆਈ ਨੂੰ ਇੱਕ ਵੱਡੀ ਚੁਣੌਤੀ ਦੇ ਰੱਖੀ ਹੋਈ ਸੀ) ਦੇ ਦੂਰ ਨੇੜੇ ਦੇ ਰਿਸਤੇਦਾਰ ਸਨ। ਉਸ ਕੁਸਾਸਨ ਦੀ ਬਦਨੀਤੀ ਇਹ ਸੀ ਕਿ ਬੇਨਿਆਂਈ ਨੂੰ ਚੁਣੌਤੀ ਦੇ ਰਹੇ ਖਾੜਕੂਆਂ ਦਾ ਮਨੋਬਲ ਡੇਗਣ ਲਈ ਉਨ੍ਹਾਂ ਦੇ ਰਿਸਤੇਦਾਰਾਂ ਨੂੰ ਵੱਧ ਤੋਂ ਵੱਧ ਤੰਗ ਪ੍ਰੇਸਾਨ ਕੀਤਾ ਜਾਵੇ ਤਾਂ ਕਿ ਉਹ ਖਾੜਕੂ ਹਥਿਆਰ ਸੁੱਟਣ ਲਈ ਮਜਬੂਰ ਹੋ ਸਕਣ। ਕੁਸਾਸਨ ਦੀ ਇਹ ਬਦਨੀਤੀ ਬਦਸਤੂਰ ਜਾਰੀ ਸੀ। ਸੋ ਇਸ ਇਨਟੈਰੋਗੇਸਨ ਦੇ ਇੱਕ ਵਿਸੇਸ ਸੈਲ ਵਿਚ ਵੀ ' ਸੇਵਾ ਪਾਣੀ/ਖਾਤਰਦਾਰੀ' (ਪੁੱਛ ਗਿੱਛ ਕਰਨ ) ਦਾ ਜੁਗਾੜ ਪੂਰਾ ਫਿੱਟ ਕਰ ਰੱਖਿਆ ਹੋਇਆ ਸੀ। 'ਸੇਵਾ ਪਾਣੀ ਵਾਲੇ ਸੰਦਾਂ 'ਤੇ 'ਮੰਨ ਜਾਓ ਯਾਰ, ਨਹੀਂ ਤਾਂ ਸਾਨੂੰ ਮਨਾਉਣਾ ਆਉਂਦੇ' ਵਰਗੇ ਲਿਖੇ ਸਲੋਗਨ ਪੜ੍ਹਨ ਨੂੰ ਮਿਲ ਰਹੇ ਸਨ। ਮਕਾਉਣ/ਖਪਾਉਣ ਨਿੱਤ ਦੀਆਂ ਕਨਸੋਆਂ ਤੇ ਪਤਾ ਨਹੀਂ ਕਿਹੜੇ ਵੇਲੇ ਸਾਡੀ ਵੀ 'ਸੇਵਾ ਪਾਣੀ' ਸੁਰੂ ਹੋ ਜਾਣੀ -- ਦੇ ਧੁੜਕੂ/ ਖੌਫ ਨਾਲ ਦਿਲ ਘਾਊਂ ਮਾਊਂ ਜਰੂਰ ਕਰਨ ਲੱਗ ਜਾਂਦਾ ਪਰ ਉਥੇ ਘਿਰੇ ਲੋਕਾਂ ਦੀ ਚੜ੍ਹਦੀਕਲਾ ਅਵਸਥਾ ਵੇਖ ਮਨ ਨੂੰ ਕੁਝ ਧਰਵਾਸ ਜਰੂਰ ਆ ਜਾਂਦਾ।

ਵੈਸੇ ਕੁਦਰਤ ਦਾ ਨਿਯਮ ਵੀ ਐ ਕਿ ਜਿਥੇ ਦੁਸਟ ਚੰਡਾਲ ਚੌਂਕੜੀ ਦਾ ਜੋਰ ਜਬਰ ਹੋਵੇ ਉਥੇ ਕੁਝ ਰਹਿਮਦਿਲ ਨੇਕ ਇਨਸਾਨ ਵੀ ਹੁੰਦੇ ਹਨ ਜੋ ਸੱਚ ਝੂਠ ਦੀ ਪਰਖ ਕਰਨ ਦੀ ਸੋਝੀ ਰਖਦੇ ਹੋਏ ਇਨਸਾਫ ਕਰਨ ਦੇ ਹੱਕ ਵਿੱਚ ਹੀ ਭੁਗਤਦੇ ਰਹੇ ਹਨ। ਉਹ ਚਾਹੇ ਆਪਣੇ ਜਾਲਮ ਆਕਾਵਾਂ ਦੇ ਨਜਾਇਜ ਸਖਤ ਹੁਕਮ ਤੋਂ ਸਰੇਆਮ ਬਾਗੀ ਹੋ ਕੇ ਜਾਂ ਫਿਰ ਗੁਪਤ ਤਰੀਕੇ ਨਾਲ ਇਨਸਾਫ ਦੀ ਹਾਮੀ ਭਰਨ ਦਾ ਯਤਨ ਜਰੂਰ ਕਰਦੇ ਹਨ। ਭਾਵੇਂ ਕਿ ਕਈ ਅਜਿਹੇ ਇਨਸਾਫ ਪਸੰਦਾਂ ਨੂੰ ਆਪਣੇ ਇਸ ਪਰਉਪਕਾਰੀ ਕਰਮ ਬਦਲੇ ਭਾਰੀ ਕੀਮਤ ਚੁਕਾਉਣੀ ਹੀ ਪੈਂਦੀ ਰਹੀ ਹੈ। ਪਰ ਫਿਰ ਵੀ ਇਹ ਪਰਉਪਕਾਰੀ ਜਨ ਆਪਣੇ ਭਲੇ ਕਰਮ ਤੋਂ ਪਿੱਛੇ ਨਹੀਂ ਹਟਦੇ ਉਸ ਇਨਟੈਰੋਗੇਸਨ ਵਿਚ ਵੀ ਅਜਿਹੇ ਇਨਸਾਫ ਪਸੰਦ ਪੁਲਿਸ ਅਫਸਰ ਵੀ ਸਨ। ਜੋ ਜਾਣਦੇ ਸਨ ਕਿ ਅਖੌਤੀ ਤਰੱਕੀਆਂ ਦੀਆਂ ਫੀਤੀਆਂ ਲਵਾਉਣ ਜਾਂ ਫਿਰ ਫਿਰੌਤੀਆਂ ਉਗਰਾਹੁਣ ਆਦਿ ਦੇ ਕਿਸੇ ਵੱਡੇ ਲਾਲਚ ਅਧੀਨ ਹੀ ਚੰਡਾਲ ਚੌਂਕੜੀ ਦੇ ਗੁੰਡਿਆਂ ਨੇ ਬੇਕਸੂਰ ਲੋਕਾਂ ਨੂੰ ਜਬਰੀ ਚੁੱਕ ਲਿਆਉਂਦੀ ਹੈ। ਸੋ ਅਜਿਹੀ ਇਨਸਾਨੀਅਤ ਸੋਚ ਦੇ ਮਾਲਕ ਅਫਸਰਾਂ ਨੇ ਸਾਡੇ ਨਾਲ ਦਿਲੋਂ ਹਮਦਰਦੀ ਜਰੂਰ ਰੱਖੀ ਹੋਈ ਸੀ ਪਰ ਜੁਬਾਨੀ ਕਲਾਮੀ ਉਨ੍ਹਾਂ ਦਾ ਸਖਤ ਰਵੱਈਆ ਵੀ ਅਪਣਾਇਆ ਹੋਇਆ ਸੀ। ਉਨ੍ਹਾਂ ਦੇ ਸਖਤੀ ਵਾਲੇ ਦਬਕੇ ਜਾਨ ਕੱਢਣ ਵਾਲੇ ਹੀ ਹੁੰਦੇ।

ਪੰਜਾਬ ਭਰ ਵਿੱਚ ਵੱਖ ਵੱਖ ਇਨਸਾਫ ਪਸੰਦ ਜਥੇਬੰਦੀਆਂ ਤੇ ਸੁਚੇਤ ਮੀਡੀਏ ਵੱਲੋਂ ਵੀ ਵੱਡੀ ਪੱਧਰ ' ਤੇ ਬੇਗੁਨਾਹਾਂ ' ਤੇ ਹੋ ਰਹੇ ਅਜਿਹੇ ਧੱਕਿਆ ਵਿਰੁੱਧ ਬੜੇ ਜੋਰ ਸੋਰ ਨਾਲ ਢੰਢੋਰਾ ਪਿਟਿਆ ਜਾ ਰਿਹਾ ਸੀ। ਅਦਾਲਤਾਂ ਦੇ ਦਰਵਾਜੇ ਵੀ ਖਟਖਟਾਏ ਜਾ ਰਹੇ ਸਨ। ਜਿਸ ਕਰਕੇ ਕਿਤੇ ਕਿਤੇ ਅੱਤਵਾਦ ਕੁਸਸਾਸਨ ਬੇਗੁਨਾਹਾਂ ਨੂੰ ਰਿਹਾਅ ਕਰਨ ਲਈ ਮਜਬੂਰ ਹੋ ਹੀ ਜਾਂਦਾ ਸੀ ਸੋ ਚੰਗੇ ਸੰਜੋਗਵੱਸ ਬਗੈਰ ਕਿਸੇ ਤਸੱਦਦ ਦੇ ਸਾਡੀ ਵੀ ਬੰਦਖੁਲਾਸੀ ਹੋ ਗਈ। ਜਾਨ ਤਾਂ ਭਾਵੇਂ ਜਰੂਰ ਛੁੱਟ ਗਈ ਸੀ ਪਰ ਉਸ ਸਮੇਂ ਮਾਰ ਮੁਕਾਉਣ / ਖਪਾਉਣ ਦੇ ਸਹਿਮ ਦੀ ਚਿੰਤਾ ਹੇਠ ਬਿਤਾਏ 10-12 ਦਿਨਾਂ ਦੀ ਝੱਲੀ ਮਾਨਸਿਕ ਪ੍ਰੇਸਾਨੀ/ ਪੀੜਾ ਦੇ ਸੰਤਾਪ ਤੇ ਡਰ ਵਾਲੇ ਮਾਹੌਲ ਦਾ ਉਹ ਵੇਲਾ ਯਾਦ ਆਉਂਦਿਆਂ ਹੀ ਅਜੇ ਵੀ ਕੰਬਣੀ ਛਿੜ ਹੀ ਜਾਂਦੀ ਹੈ। ਜੇ ਕਿਤੇ ਉਸ ਇਨਟੈਰੋਗੇਸਨ ਸੈਂਟਰ ਵਿਚ ਮੇਰੇ 'ਤੇ ਤਸੱਦਦ ਹੋ ਜਾਂਦਾ ਤਾਂ ਹੋ ਸਕਦਾ ਸੀ ਸਾਇਦ ਮੇਰੇ ਅੰਦਰ ਵੀ ਨਜਾਇਜ ਧੱਕੇ ਵਿਰੁੱਧ ਬਗਾਵਤ ਜਾਗ ਪੈਣੀ ਸੀ ਤਾਂ ਫਿਰ ਜੁਲਮ ਨਾਲ ਲੋਹਾ ਲੈਂਦੇ ਬਾਗੀ ਰੂਪ ਵਿਚ ਸੱਚੇ ਜਾਂ ਝੂਠੇ ਮੁਕਾਬਲੇ ਦਾ ਸਿਕਾਰ ਬਣ ਕੇ ਲਾਵਾਰਿਸ ਲਾਸਾਂ ਵਿੱਚ ਰੁਲ੍ਹ ਖੁਲ੍ਹ ਜਾਣਾ ਸੀ।



ਲਖਵਿੰਦਰ ਸਿੰਘ ਰਈਆ ਹਵੇਲੀਆਣਾ

# ਡੰਡੇ ਦਾ ਪਰਤਾਪ

ਸਾਲ 1996 ਵਿੱਚ ਮੈਂ ਪਿੰਡ ਦੇ ਸਕੂਲ ਵਿੱਚ ਦਸਵੀਂ ਕਲਾਸ ਦੀ ਵਿਦਿਆਰਥਣ ਸਾਂ। ਚੰਗੇ ਵਿਦਿਆਰਥੀਆਂ ਵਿੱਚ ਅਕਸਰ ਹੀ ਮੇਰੇ ਅਧਿਆਪਕ ਮੈਨੂੰ ਸੁਮਾਰ ਕਰਦੇ ਸਨ। ਮੇਰੇ ਪਿਤਾ ਅਧਿਆਪਕ ਹੋਣ ਕਾਰਨ ਸਾਰੇ ਅਧਿਆਪਕਾਂ ਨਾਲ ਉਹਨਾਂ ਦੀ ਜਾਣ-ਪਛਾਣ ਸੀ। ਮੈਨੂੰ ਵੀ ਅਜੀਬ ਜਿਹਾ ਇੱਕ ਡਰ ਬਣਿਆ ਰਹਿੰਦਾ ਸੀ ਕਿ ਮੈਂ ਕੋਈ ਕੁਤਾਹੀ ਨਾ ਕਰਾਂ। ਹਰੇਕ ਟੈਸਟ ਦੀ ਵਧੀਆ ਤਿਆਰੀ ਕਰਨੀ ਅਤੇ ਜੁਬਾਨੀ ਹੁਕਮਾਂ ਦੀ ਇੰਨ-ਬਿੰਨ ਪਾਲਣਾ ਕਰਨੀ ਮੇਰੀ ਆਦਤ ਸੀ।

ਪਰ ਸਾਲ ਦੇ ਅੱਧ ਵਿੱਚ ਜਾ ਕੇ ਮੇਰੀ ਕਲਾਸ ਦੀਆਂ ਕੁਝ ਉਹਨਾਂ ਵਿਦਿਆਰਥਣਾਂ ਵੱਲ ਮੇਰਾ ਝੁਕਾਅ ਹੋ ਗਿਆ, ਜਿਨ੍ਹਾਂ ਦੀ ਆਰਥਿਕ ਹਾਲਤ ਮੇਰੇ ਨਾਲੋਂ ਕਿਤੇ ਚੰਗੀ ਸੀ, ਪਰ ਪੜ੍ਹਾਈ ਵਿੱਚ ਉਹ ਬਿਲਕੁਲ ਨਲਾਇਕ ਸਨ। ਉਹਨਾਂ ਦੇ ਬੈਗ ਵਿੱਚ ਲਕੋ ਕੇ ਰੱਖੀਆਂ ਨੇਲ ਪਾਲਿਸਾਂ ਮੈਨੂੰ ਚੰਗੀਆਂ ਲੱਗਣ ਲੱਗੀਆਂ। ਸਕੂਲ ਵਿੱਚ ਸਿਰ ਸਧਾਰਨ ਤਰੀਕੇ ਨਾਲ ਵਾਹੁਣ ਦਾ ਹੁਕਮ ਸੀ, ਪਰ ਉਹ ਅਕਸਰ ਮੀਢੀਆਂ ਅਤੇ ਹੋਰ ਨਵੇਂ ਢੰਗ ਨਾਲ ਵਾਲ ਬਣਾ ਕੇ ਆਉਂਦੀਆਂ। ਸਵੇਰ ਦੀ ਸਭਾ ਵਿੱਚ ਡਾਂਟ ਖਾਂਦੀਆਂ, ਪਰ ਫਿਰ ਵੀ ਅਗਲੇ ਦਿਨ ਉਹੀ ਕਰਦੀਆਂ। ਮੈਨੂੰ ਪਤਾ ਨਹੀਂ ਕਿਉਂ, ਪਰ ਉਹ ਫਿਰ ਵੀ ਚੰਗੀਆਂ ਲੱਗਦੀਆਂ।

ਹਰੇਕ ਪੀਰੀਅਡ ਦੀ ਘੰਟੀ ਹੋਣ 'ਤੇ ਕਦੇ ਉਹ ਪਾਣੀ ਪੀਣ ਲਈ ਜਾਂਦੀਆਂ, ਕਦੇ ਵਾਸਰੂਮ ਦੇ ਬਹਾਨੇ ਗੇੜੀ ਲਾਉਂਦੀਆਂ। ਮੈਂ ਵੀ ਉਹਨਾਂ ਨਾਲ ਹੋ ਤੁਰਦੀ। ਕਈ ਦਿਨ ਇਉਂ ਹੀ ਬਿਨਾਂ ਗੱਲੋਂ ਹੱਸ-ਹੱਸ ਕੇ ਗੇੜੀਆਂ ਲਗਦੀਆਂ ਰਹੀਆਂ। ਮੇਰੀ ਅਧਿਆਪਕਾ ਮੈਡਮ ਮੈਨੂੰ ਅਕਸਰ ਹੀ ਨੋਟ ਕਰਦੇ ਸਨ। ਉਹ ਮੈਨੂੰ ਪਿਆਰ ਵੀ ਬਹੁਤ ਕਰਦੇ ਸਨ। ਉਹਨਾਂ ਨੂੰ ਮੇਰੀਆਂ ਇਹ ਹਰਕਤਾਂ ਠੀਕ ਨਾ ਲੱਗੀਆਂ।



ਚੌਥੇ ਜਾਂ ਸਾਇਦ ਪੰਜਵੇਂ ਦਿਨ ਮੈਡਮ ਜੀ ਕਲਾਸ ਰੂਮ ਦੇ ਦਰਵਾਜੇ ਅੱਗੇ ਖੜ੍ਹੇ ਸਨ। ਮੈਂ ਨਵੀਆਂ ਸਹੇਲੀਆਂ ਨਾਲ ਹੱਸਦੀ ਹੋਈ ਵਰਾਂਡੇ ਦੀਆਂ ਪੌੜੀਆਂ ਚੜ੍ਹ ਰਹੀ ਸਾਂ। ਮੈਡਮ ਨੂੰ ਦੇਖ ਕੇ ਮੈਂ ਡਰ ਗਈ। ਸਾਨੂੰ ਪੰਜਾਂ ਜਣਿਆਂ ਨੂੰ ਮੈਡਮ ਨੇ ਡੰਡੇ ਲਗਾਏਬਾਕੀਆਂ ਨੂੰ ਇੱਕ-ਇੱਕ ਅਤੇ ਮੈਨੂੰ ਦੋ।

ਮੈਂ ਸਕੂਲ ਵਿੱਚ ਆਪਣੀ ਅਜਿਹੀ ਹਾਲਤ ਪਹਿਲੀ ਵਾਰ ਮਹਿਸੂਸ ਕੀਤੀ। ਮੇਰੀ ਬੇਇਜਤੀ ਹੋਈ ਸੀ। ਸਰਮਿੰਦਗੀ ਨਾਲ ਮੈਂ ਮਰਦੀ ਜਾ ਰਹੀ ਸਾਂ। ਰੋ-ਰੋ ਕੇ ਮੇਰਾ ਬੁਰਾ ਹਾਲ ਸੀ ਕਿ ਵਧੀਆ ਪੜ੍ਹਨ ਵਾਲੀ ਮੈਂ, ਜਿਸ ਨੇ ਕਦੇ ਅਧਿਆਪਕ ਤੋਂ ਜੁਬਾਨੀ ਡਾਂਟ ਵੀ ਨਹੀਂ ਸੀ ਖਾਧੀ, ਅੱਜ ਇਹ ਕੀ ਹੋ ਗਿਆ।

ਬਾਕੀ ਕੁੜੀਆਂ ਕਲਾਸ ਰੂਮ ਵਿੱਚ ਚਲੀਆਂ ਗਈਆਂ ਤੇ ਮੈਂ ਉੱਥੇ ਹੀ ਸੁੰਨ ਖੜੀ ਰਹੀ। ਫਿਰ ਮੈਡਮ ਜੀ ਦਾ ਸਵਾਲ ਆਇਆ, "ਤੈਨੂੰ ਪਤਾ ਤੈਨੂੰ ਚਾਰ ਡੰਡੇ ਕਿਉਂ ਪਏ ?" ਮੈਂ ਨਾਂਹ ਵਿੱਚ ਸਿਰ ਹਿਲਾਇਆ।

ਉਹਨਾਂ ਨੇ ਬੋਲਣਾ ਸੁਰੂ ਕੀਤਾ, "ਉਹ ਨਾ ਵੀ ਪੜ੍ਹਣਗੀਆਂ ਤਾਂ ਸਰ ਜਾਵੇਗਾ, ਕਿਉਂਕਿ ਉਹਨਾਂ ਨੂੰ ਹੋਰ ਬਥੇਰਾ ਕੁਝ ਮਿਲ ਜਾਣਾ। ਤੇਰੇ ਪਿਤਾ ਕੋਲ ਇੱਕੋ ਸਰਕਾਰੀ ਨੌਕਰੀ ਹੈ, ਜਿਸ ਦੀ ਕਮਾਈ ਦਸਾਂ ਨਹੁੰਆਂ ਦੀ ਹੈ। ਉਸ ਨੇ ਤੁਹਾਨੂੰ ਜੀਵਨ ਸੁਧਾਰਨ ਦਾ ਮੌਕਾ ਦਿੱਤਾ ਹੈ। ਜੇ ਇਹ ਗਵਾ ਲਿਆ ਤਾਂ ਫਿਰ ਕੁਝ ਵੀ ਪੱਲੇ ਨਹੀਂ ਰਹਿਣਾ। ਨਾਲਾਇਕਾਂ ਨੂੰ ਡਾਂਟਣਾ ਗੁੱਸਾ ਜਾਹਰ ਕਰਨਾ ਹੁੰਦਾ ਹੈ, ਪਰ ਹੁਸਿਆਰ ਵਿਦਿਆਰਥੀ ਨੂੰ ਕੁੱਟਣਾ ਮਨ ਦਾ ਅਤਿ ਦੁਖੀ ਹੋਣਾ ਹੁੰਦਾ ਹੈ। ਮੈਂ ਦੁਖੀ ਹਾਂ, ਪਰ ਤੈਨੂੰ ਸਹੀ ਰਾਹ ਦਿਖਾਉਣ ਲਈ ਇਹ ਅੱਜ ਮੈਨੂੰ ਜਰੂਰੀ ਲੱਗਾ। ਦੋ ਵੱਧ ਡੰਡਿਆਂ ਨੇ ਹੀ ਤੈਨੂੰ ਉਹਨਾਂ ਸਾਰੀਆਂ ਨਾਲੋਂ ਵੱਖਰੀ ਕਰਨਾ ਹੈ। ਵੱਖਰੀ ਦਿਖਾਉਣਾ ਹੈ। ਇਹਨਾਂ ਡੰਡਿਆਂ ਦਾ ਪਰਤਾਪ ਇੱਕ ਦਿਨ ਜਰੂਰ ਦਿਖਾਈ ਦੇਵੇਗਾ।"

ਫਿਰ ਉਂਗਲੀ ਦੇ ਇਸਾਰੇ ਨਾਲ ਮੈਨੂੰ ਕਲਾਸ ਰੂਮ ਵੱਲ ਭੇਜ ਦਿੱਤਾ।

ਸਾਰੀ ਘਟਨਾ ਘਰ ਆ ਕੇ ਦੱਸੀ। ਮੇਰੇ ਪਿਤਾ ਜੀ ਨੇ ਦੋਵੇਂ ਹੱਥ ਜੋੜ ਕੇ ਕਿਹਾ, "ਸੁਕਰ ਹੈ! ਅਜਿਹੇ ਅਧਿਆਪਕ ਮੇਰੀ ਧੀ ਨੂੰ ਪੜ੍ਹਾਉਂਦੇ ਹਨ।"

ਫਿਰ ਸਮਾਂ ਬੀਤਦਾ ਗਿਆ। ਮੈਨੂੰ ਹਰ ਵੇਲੇ ਇੱਕੋ ਗੱਲ ਮਹਿਸੂਸ ਹੁੰਦੀ ਰਹੀ ਕਿ ਹੁਣ ਕੁਝ ਬਣ ਕੇ ਹੀ ਮੈਂ ਵਾਪਸ ਆਪਣੀ ਅਧਿਆਪਕਾ ਨੂੰ ਮਿਲਾਂ।

ਸਕੂਲ ਉਪਰੰਤ ਬੀ.ਏ. ਕੀਤੀ, ਬੀ.ਐਡ. ਕੀਤੀ, ਐਮ.ਏ. ਕੀਤੀ, ਯੂ.ਜੀ.ਸੀ. ਦੀ ਪ੍ਰੀਖਿਆ ਦੇ ਕੇ ਜੇ.ਆਰ.ਐਫ. (ਜੂਨੀਅਰ ਰਿਸਰਚ ਫੈਲੋਸਿਪ) ਪ੍ਰਾਪਤ ਕੀਤੀ ਅਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਪੀ.ਐੱਚ.ਡੀ. ਵਿੱਚ ਦਾਖਲਾ ਲਿਆ।

ਮੇਰੇ ਪਿੰਡ ਦੀ ਮੈਂ ਪਹਿਲੀ ਲੜਕੀ ਸਾਂ ਜੋ ਇੱਥੋਂ ਤੱਕ ਪਹੁੰਚੀ ਅਤੇ ਮੇਰੇ ਵਰਗੇ ਮੱਧਵਰਗੀ ਪਰਿਵਾਰ ਵਿੱਚੋਂ ਸਰਕਾਰੀ ਨੌਕਰੀ ਵਿੱਚ ਬਤੌਰ ਲੈਕਚਰਾਰ ਭਰਤੀ ਹੋਈ।

ਸਰਕਾਰੀ ਸਰਵਿਸ ਵਿੱਚ ਆਉਣ ਉਪਰੰਤ ਮੇਰਾ ਆਪਣੀ ਅਧਿਆਪਕਾ ਨਾਲ ਮੁੜ ਮੇਲ ਹੋਇਆ। ਉਹ ਮਿਲਣੀ ਸਬਦਾਂ ਵਿੱਚ ਬਿਆਨ ਕਰਨੀ ਸੰਭਵ ਹੀ ਨਹੀਂ।

ਮੈਡਮ ਪ੍ਰਿੰਸੀਪਲ ਬਣ ਚੁੱਕੇ ਸਨ ਅਤੇ ਮੈਂ ਨਾਲ ਦੇ ਪਿੰਡ ਦੇ ਸਕੂਲ ਵਿੱਚ ਇੰਚਾਰਜ ਵਜੋਂ ਕੰਮ ਕਰ ਰਹੀ ਸਾਂ। ਇਕੱਠੇ ਜਿਲ੍ਹੇ ਦੀ ਮੀਟਿੰਗ ਅਟੈਂਡ ਕਰਨ ਗਏ ਤਾਂ ਮੈਡਮ ਨੇ ਬੜੇ ਮਾਣ ਨਾਲ ਸਾਥੀ ਪ੍ਰਿੰਸੀਪਲਾਂ ਨੂੰ ਦੱਸਿਆ, "ਇਹ ਬੇਟੀ ਮੇਰੀ ਵਿਦਿਆਰਥਣ ਹੈ। ਮੈਨੂੰ ਇਸ 'ਤੇ ਬਹੁਤ ਮਾਣ ਹੈ ਕਿ ਅੱਜ 'ਅਸੀਂ' ਇੱਥੇ ਖੜ੍ਹੇ ਹਾਂ।"

ਮੈਡਮ ਦੇ ਬਿਲਕੁਲ ਇੱਕ ਕਦਮ ਪਿੱਛੇ ਖੜੀ ਮੈਂ ਵਰਾਂਡੇ ਦਾ ਉਹ ਦ੍ਰਿਸ ਯਾਦ ਕਰ ਰਹੀ ਸਾਂ ਅਤੇ ਮਨ ਹੀ ਮਨ ਸੋਚ ਰਹੀ ਸਾਂਇਹ ਸਭ ਕੁਝ ਉਸੇ ਡੰਡੇ ਦਾ ਹੀ ਪਰਤਾਪ ਹੈ, ਜੋ ਅੱਜ ਸੱਚਮੁੱਚ ਦਿਖਾਈ ਦੇ ਰਿਹਾ ਹੈ।

ਅਮਨਦੀਪ ਕੌਰ

# ਉਤਪਾਦਕ ਮਨੁੱਖੀ ਪੂੰਜੀ ਵਿਕਸਿਤ ਭਾਰਤ ਦੀ ਨੀਂਹ

ਹਰ ਸਾਲ 11 ਜੁਲਾਈ ਨੂੰ ਵਿਸਵ ਆਬਾਦੀ ਦਿਵਸ ਮਨਾਇਆ ਜਾਂਦਾ ਹੈ, ਜੋ 1987 ਵਿੱਚ ਵਿਸਵ ਦੀ ਆਬਾਦੀ ਦੇ ਪੰਜ ਅਰਬ (500 ਕਰੋੜ) ਦੇ ਅੰਕੜੇ ਨੂੰ ਪਾਰ ਕਰਨ ਦੀ ਯਾਦ ਨਾਲ ਜੁੜਿਆ ਹੋਇਆ ਹੈ। ਸੰਯੁਕਤ ਰਾਸਟਰ ਮਹਾਸਭਾ ਨੇ ਇੱਕ ਮਤੇ ਰਾਹੀਂ ਆਬਾਦੀ ਨਾਲ ਜੁੜੇ ਮੁੱਦਿਆਂ ਪ੍ਰਤੀ ਵਿਸਵ ਪੱਧਰ 'ਤੇ ਜਾਗਰੂਕਤਾ ਵਧਾਉਣ ਲਈ 11 ਜੁਲਾਈ ਨੂੰ ਵਿਸਵ ਆਬਾਦੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਸੀ। ਸ਼ੁਰੂਆਤ ਤੋਂ ਹੀ ਇਹ ਦਿਨ ਵਧਦੀ ਆਬਾਦੀ ਕਾਰਨ ਪੈਦਾ ਹੋਈਆਂ ਚੁਣੌਤੀਆਂ ਜਿਵੇਂ ਭੋਜਨ, ਰਿਹਾਇਸ, ਸਿੱਖਿਆ ਅਤੇ ਕੁਦਰਤੀ ਸਰੋਤਾਂ 'ਤੇ ਪੈਂਦੇ ਬੋਝ ਦੀ ਯਾਦ ਦਿਵਾਉਂਦਾ ਰਿਹਾ ਹੈ, ਪਰ ਪਿਛਲੇ ਕੁਝ ਸਮੇਂ ਦੌਰਾਨ ਵਿਸਵ ਪੱਧਰ 'ਤੇ ਇਹ ਸੋਚ ਬਦਲ ਚੁੱਕੀ ਹੈ। ਹੁਣ ਮੁੱਖ ਸਵਾਲ ਇਹ ਨਹੀਂ ਕਿ ਦੇਸ ਦੀ ਆਬਾਦੀ ਕਿੰਨੀ ਹੈ ਸਗੋਂ ਇਹ ਹੈ ਕਿ ਉਹ ਆਬਾਦੀ ਆਰਥਿਕਤਾ ਵਿੱਚ ਕਿੰਨਾ ਲਾਹੇਵੰਦ ਯੋਗਦਾਨ ਪਾ ਰਹੀ ਹੈ। ਭਾਰਤ ਲਈ ਤਾਂ ਇਹ ਸੋਚ ਹੋਰ ਵੀ ਵੱਧ ਮਹੱਤਵ ਰੱਖਦੀ ਹੈ ਕਿਉਂਕਿ ਇਹੀ ਸੋਚ ਤੈਅ ਕਰੇਗੀ ਕਿ ਅਗਲੇ ਦੋ ਦਹਾਕਿਆਂ (ਸਾਲ 2047 ਤੱਕ) ਵਿੱਚ ਦੇਸ ਵਿਕਸਿਤ ਰਾਸਟਰ ਬਣੇਗਾ ਜਾਂ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਆਰਥਿਕ ਮੌਕਿਆਂ ਨੂੰ ਗੁਆ ਬੈਠੇਗਾ।

ਜਨਸੰਖਿਆ ਅਤੇ ਵਿਕਾਸ ਦਾ ਨਵਾਂ ਸਮੀਕਰਨ

1970ਵਿਆਂ ਅਤੇ 1980ਵਿਆਂ ਦੌਰਾਨ ਤੇਜੀ ਨਾਲ ਵਧਦੀ ਆਬਾਦੀ ਜਨਤਕ ਨੀਤੀਆਂ ਦਾ ਕੇਂਦਰੀ ਵਿਸਾ ਰਹੀ ਹੈ। ਭਾਰਤ ਸਣੇ ਸਾਰੇ ਵਿਕਾਸਸੀਲ ਦੇਸਾਂ ਨੇ ਪਰਿਵਾਰ ਨਿਯੋਜਨ, ਜਾਗਰੂਕਤਾ ਅਤੇ ਆਬਾਦੀ ਸਥਿਰਤਾ ਰਾਹੀਂ ਪ੍ਰਜਣਨ ਦਰ ਘਟਾਉਣ 'ਤੇ ਪੂਰਾ ਜੋਰ ਦਿੱਤਾ। ਉਸ ਸਮੇਂ ਇਹ ਚਿੰਤਾ ਜਾਇਜ ਵੀ ਸੀ ਕਿਉਂਕਿ ਸੀਮਿਤ ਬੁਨਿਆਦੀ ਢਾਂਚੇ ਅਤੇ ਘੱਟ ਵਿੱਤੀ ਸਰੋਤਾਂ ਦੇ ਦੌਰ ਵਿੱਚ ਇਹ ਡਰ ਸੀ ਕਿ ਵਧਦੀ ਆਬਾਦੀ ਜਨਤਕ ਸਰੋਤਾਂ 'ਤੇ ਵੱਡਾ ਦਬਾਅ ਪਾਵੇਗੀ, ਜਿਸ ਨਾਲ ਆਰਥਿਕ ਵਿਕਾਸ ਦੇ ਲਾਭ ਕਮਜੋਰ ਪੈ ਜਾਣਗੇ। ਇਸੇ ਕਾਰਨ ਉਦੋਂ ਆਬਾਦੀ ਨਿਯੰਤਰਣ ਨੂੰ ਵੱਡੀ ਆਰਥਿਕ ਲੋੜ ਵਜੋਂ ਦੇਖਿਆ ਗਿਆ, ਪਰ ਚਾਰ ਦਹਾਕਿਆਂ ਬਾਅਦ ਅੱਜ ਜਨਸੰਖਿਆ ਦੀ ਇਹ ਤਸਵੀਰ ਪੂਰੀ ਤਰ੍ਹਾਂ ਬਦਲ ਚੁੱਕੀ ਹੈ। ਜਪਾਨ, ਦੱਖਣੀ ਕੋਰੀਆ ਅਤੇ ਖਾਸ ਕਰਕੇ ਇਟਲੀ ਵਰਗੇ ਯੂਰੋਪੀ ਦੇਸ ਹੁਣ ਬਜੁਰਗ ਹੁੰਦੀ ਆਬਾਦੀ, ਘਟਦੀ ਜਨਮ ਦਰ ਅਤੇ ਘਟਦੇ ਮਜਦੂਰ ਵਰਗ/ਕਿਰਤੀਆਂ ਦੀ ਗੰਭੀਰ ਚੁਣੌਤੀ ਦਾ ਸਾਹਮਣਾ ਕਰ ਰਹੇ ਹਨ। ਇੱਥੋਂ ਤੱਕ ਕਿ ਚੀਨ, ਜਿਸ ਨੇ ਕਦੇ ਸਖਤੀ ਨਾਲ 'ਇੱਕ ਬੱਚਾ ਨੀਤੀ' ਲਾਗੂ ਕੀਤੀ ਸੀ, ਨੇ ਵੀ ਹੁਣ ਆਬਾਦੀ ਦੇ ਇਸੇ ਸੰਕਟ ਕਾਰਨ ਇਸ ਨੀਤੀ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਹੈ। ਨੌਜਵਾਨ ਮਜਦੂਰਾਂ ਦੀ ਇਹ ਘਾਟ ਹੁਣ ਇਨ੍ਹਾਂ ਅਰਥਵਿਵਸਥਾਵਾਂ ਲਈ ਅਜਿਹੀ ਢਾਂਚਾਗਤ ਸਮੱਸਿਆ ਬਣ ਗਈ ਹੈ, ਜਿਸ ਨੇ ਪੈਨਸਨ ਪ੍ਰਣਾਲੀ ਅਤੇ ਸਿਹਤ ਸੰਭਾਲ 'ਤੇ ਭਾਰੀ ਦਬਾਅ ਪਾ ਦਿੱਤਾ ਹੈ। ਇਸ ਚੁਣੌਤੀ ਨਾਲ ਨਜਿੱਠਣ ਲਈ ਕਈ ਵਿਕਸਿਤ ਦੇਸਾਂ ਨੇ ਹੁਣ ਪਰਵਾਸੀ ਮਜਦੂਰਾਂ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਜਿੱਥੋਂ ਤੱਕ ਭਾਰਤ ਦਾ ਸਵਾਲ ਹੈ, ਇੱਥੋਂ ਦੀ ਜਨਸੰਖਿਆ ਤਸਵੀਰ ਬੇਹੱਦ ਵਿਲੱਖਣ ਹੈ। ਭਾਰਤ ਦੀਆਂ ਇੱਕੋ ਸਮੇਂ ਦੋ ਵੱਖ-ਵੱਖ ਹਕੀਕਤਾਂ ਹਨ। ਰਾਸਟਰੀ ਆਬਾਦੀ ਕਮਿਸਨ, ਭਾਰਤੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਅਨੁਸਾਰ ਇੱਕ ਪਾਸੇ ਕੇਰਲਮ ਅਤੇ ਤਾਮਿਲਨਾਡੂ ਵਰਗੇ ਰਾਜਾਂ ਵਿੱਚ ਪ੍ਰਜਣਨ ਦਰ ਡਿੱਗਣ ਕਾਰਨ ਬਜੁਰਗ ਆਬਾਦੀ ਦਾ ਹਿੱਸਾ ਵਧ ਰਿਹਾ ਹੈ ਜਦੋਂਕਿ ਦੂਜੇ ਪਾਸੇ ਬਿਹਾਰ, ਉੱਤਰ ਪ੍ਰਦੇਸ ਅਤੇ ਮੱਧ ਪ੍ਰਦੇਸ ਵਰਗੇ ਸੂਬਿਆਂ ਵਿੱਚ ਅਜੇ ਵੀ ਉੱਚੀ ਪ੍ਰਜਣਨ ਦਰ ਕਾਰਨ ਨੌਜਵਾਨਾਂ ਦੀ ਬਹੁਗਿਣਤੀ ਹੈ। ਰਾਜਾਂ ਵਿਚਕਾਰਲਾ ਇਹ ਜਨਸੰਖਿਆ ਅਸੰਤੁਲਨ ਭਵਿੱਖ ਵਿੱਚ ਦੇਸ ਦੇ ਸੰਘੀ ਢਾਂਚੇ ਅਤੇ ਰਾਜਨੀਤਕ ਪ੍ਰਤੀਨਿਧਤਾ ਲਈ ਨਵੇਂ ਨੀਤੀਗਤ ਟਕਰਾਅ ਪੈਦਾ ਕਰ ਸਕਦਾ ਹੈ। ਇਸ ਅਸੰਤੁਲਨ ਦੇ ਬਾਵਜੂਦ ਸਮੁੱਚੇ ਤੌਰ 'ਤੇ ਭਾਰਤ ਕੋਲ ਦੁਨੀਆ ਦਾ ਸਭ ਤੋਂ ਵੱਡਾ ਜਨਸੰਖਿਆ ਲਾਭਅੰਸ ਮੌਜੂਦ ਹੈ। ਭਾਰਤ ਸਰਕਾਰ ਦੇ ਆਰਥਿਕ ਸਰਵੇਖਣ 2026 ਅਨੁਸਾਰ ਲਗਪਗ 29.2 ਸਾਲ ਦੀ ਮੱਧਮਾਨ ਉਮਰ ਅਤੇ ਦੋ-ਤਿਹਾਈ ਕਾਰਜਸੀਲ ਆਬਾਦੀ ਦੇ ਨਾਲ ਭਾਰਤ ਅੱਜ ਵਿਸਵ ਦੀਆਂ ਬਹੁਤੀਆਂ ਵੱਡੀਆਂ ਅਰਥਵਿਵਸਥਾਵਾਂ ਨਾਲੋਂ ਕਿਤੇ ਵੱਧ ਨੌਜਵਾਨ ਹੈ। ਹਾਲਾਂਕਿ, ਸੰਯੁਕਤ ਰਾਸਟਰ ਮੁਤਾਬਿਕ ਇਹ ਜਨਸੰਖਿਆ ਲਾਭ ਸਿਰਫ 2040 ਤੱਕ ਹੀ ਕਾਇਮ ਰਹੇਗਾ, ਜਿਸ ਤੋਂ ਬਾਅਦ ਭਾਰਤੀ ਆਬਾਦੀ ਵੀ ਤੇਜੀ ਨਾਲ ਬੁਢਾਪੇ ਵੱਲ ਵਧਣ ਲੱਗੇਗੀ ਅਤੇ ਇਸ ਦੇ ਆਰਥਿਕ ਲਾਭ ਘਟਣਗੇ। ਦੂਜੇ ਸਬਦਾਂ ਵਿੱਚ, ਭਾਰਤ ਕੋਲ ਆਪਣੀ ਇਸ ਨੌਜਵਾਨ ਊਰਜਾ ਨੂੰ ਮਜਬੂਤ ਆਰਥਿਕ ਤਾਕਤ ਵਿੱਚ ਬਦਲਣ ਵਾਲਾ ਮੌਕਾ ਤੇਜੀ ਨਾਲ ਸੁੰਗੜ ਰਿਹਾ ਹੈ।



ਵਿਕਸਿਤ ਭਾਰਤ ਲਈ ਮਨੁੱਖੀ ਪੂੰਜੀ 'ਚ ਨਿਵੇਸ ਕਰਨ ਦੀ ਲੋੜ:

ਭਾਰਤ ਦੇ ਸਾਹਮਣੇ ਅਸਲ ਚੁਣੌਤੀ ਆਬਾਦੀ ਦਾ ਆਕਾਰ ਨਹੀਂ ਸਗੋਂ ਉਸ ਦੀ ਉਤਪਾਦਕਤਾ ਵਧਾਉਣਾ ਹੈ ਕਿਉਂਕਿ ਖੁਸਹਾਲੀ ਸਿਰਫ ਗਿਣਤੀ 'ਤੇ ਨਹੀਂ ਸਗੋਂ ਹੁਨਰ ਅਤੇ ਨਵੀਨਤਾ ਰਾਹੀਂ ਮੁੱਲ ਪੈਦਾ ਕਰਨ ਦੀ ਯੋਗਤਾ 'ਤੇ ਨਿਰਭਰ ਕਰਦੀ ਹੈ। ਉਤਪਾਦਕ ਰੁਜਗਾਰ ਤੋਂ ਬਗੈਰ ਇੱਕ ਵੱਡੀ ਆਬਾਦੀ ਬੇਰੁਜਗਾਰੀ ਅਤੇ ਸਮਾਜਿਕ ਸੰਕਟ ਦਾ ਕਾਰਨ ਬਣ ਸਕਦੀ ਹੈ ਜਦੋਂਕਿ ਹੁਨਰਮੰਦ ਆਬਾਦੀ ਜਨਸੰਖਿਆ ਨੂੰ ਰਾਸਟਰੀ ਆਮਦਨ ਵਧਾਉਣ ਵੱਲ ਲਿਜਾਂਦੀ ਹੈ। ਅਜਿਹੀ ਉਤਪਾਦਕ ਮਨੁੱਖੀ ਪੂੰਜੀ ਤਿਆਰ ਕਰਨ ਲਈ ਸਿਰਫ ਸਾਖਰਤਾ ਕਾਫੀ ਨਹੀਂ ਸਗੋਂ ਪੋਸਣ, ਬੁਨਿਆਦੀ ਸਕੂਲ ਸਿੱਖਿਆ ਅਤੇ ਉਦਯੋਗ ਦੀਆਂ ਲੋੜਾਂ ਮੁਤਾਬਿਕ ਕਿੱਤਾਮੁਖੀ ਹੁਨਰ ਵਿੱਚ ਨਿਵੇਸ ਦੀ ਕਰਨ ਲੋੜ ਹੈ, ਪਰ ਰਸਮੀ ਤੌਰ 'ਤੇ ਹੁਨਰਮੰਦ ਕਿਰਤ ਦੀ ਘੱਟ ਹਿੱਸੇਦਾਰੀ ਅਤੇ ਸਿੱਖਿਆ ਦੀ ਅਸਮਾਨ ਗੁਣਵੱਤਾ ਅਜੇ ਵੀ ਵੱਡੀ ਚੁਣੌਤੀ ਹੈ।

ਭਾਰਤੀ ਕਿਰਤ ਬਾਜਾਰ ਦਾ ਲਗਪਗ 85-90 ਫੀਸਦੀ ਹਿੱਸਾ ਅੱਜ ਵੀ ਗੈਰ-ਰਸਮੀ ਖੇਤਰ ਵਿੱਚ ਹੈ, ਜਿੱਥੇ ਉਤਪਾਦਕਤਾ ਅਤੇ ਸਮਾਜਿਕ ਸੁਰੱਖਿਆ ਬਹੁਤ ਘੱਟ ਹੈ। ਖੇਤੀ ਵਿੱਚ ਲੁਕੀ ਹੋਈ ਬੇਰੁਜਗਾਰੀ ਤੋਂ ਕੋਈ ਵੀ ਅਣਜਾਣ ਨਹੀਂ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਮਹਿਲਾ ਕਿਰਤ ਸਕਤੀ ਦੀ ਭਾਗੀਦਾਰੀ ਵੀ ਲਗਪਗ 35-37 ਫੀਸਦੀ ਦੇ ਆਸ-ਪਾਸ ਹੈ, ਜੋ ਕਿ ਵਿਸਵਵਿਆਪੀ ਔਸਤ (ਲਗਪਗ 47 ਫੀਸਦੀ) ਨਾਲੋਂ ਕਾਫੀ ਪਿੱਛੇ ਹੈ (ਅੰਤਰਰਾਸਟਰੀ ਮਜਦੂਰ ਸੰਗਠਨ, 2024)। ਇਸ ਨੂੰ ਬਿਹਤਰ ਸੁਰੱਖਿਆ ਅਤੇ ਹੁਨਰ ਵਿਕਾਸ ਰਾਹੀਂ ਸੁਧਾਰ ਕੇ ਦੇਸ ਦੇ ਰਾਸਟਰੀ ਉਤਪਾਦਨ ਨੂੰ ਵੱਡਾ ਹੁਲਾਰਾ ਦਿੱਤਾ ਜਾ ਸਕਦਾ ਹੈ। ਅੱਜ ਦੇ ਦੌਰ ਵਿੱਚ ਮਸਨੂਈ ਬੁੱਧੀ ਦੀ ਤੇਜੀ ਨਾਲ ਹੋ ਰਹੀ ਤਰੱਕੀ ਨੇ ਇਸ ਚੁਣੌਤੀ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ ਹੈ ਕਿਉਂਕਿ ਇਹ ਆਮ ਅਤੇ ਰੋਜਾਨਾ ਦੇ ਕੰਮਾਂ ਨੂੰ ਸਵੈ-ਚਾਲਿਤ ਕਰ ਰਿਹਾ ਹੈ, ਜਿਸ ਨਾਲ ਰਚਨਾਤਮਕ ਅਤੇ ਵਿਸਲੇਸਣਾਤਮਕ ਹੁਨਰ ਦੀ ਮੰਗ ਵਧ ਗਈ ਹੈ। ਅਜਿਹੇ ਵਿੱਚ ਜੋ ਦੇਸ ਆਪਣੇ ਕਿਰਤੀਆਂ ਨੂੰ ਨਵੇਂ ਹੁਨਰਾਂ ਨਾਲ ਅਪਗ੍ਰੇਡ ਨਹੀਂ ਕਰਨਗੇ, ਉਨ੍ਹਾਂ ਨੂੰ ਤਕਨੀਕੀ ਬੇਰੁਜਗਾਰੀ ਦਾ ਸਾਹਮਣਾ ਕਰਨਾ ਪਵੇਗਾ। ਸਪੱਸਟ ਹੈ ਕਿ ਆਉਣ ਵਾਲਾ ਵਿਸਵਵਿਆਪੀ ਪਾੜਾ ਵੱਡੀ ਜਾਂ ਛੋਟੀ ਆਬਾਦੀ ਵਾਲੇ ਦੇਸਾਂ ਵਿਚਕਾਰ ਨਹੀਂ, ਸਗੋਂ 'ਏ ਆਈ ਲਈ ਤਿਆਰ' ਕਾਮਿਆਂ ਵਾਲੇ ਅਤੇ ਬਿਨਾਂ ਤਿਆਰੀ ਵਾਲੇ ਦੇਸਾਂ ਵਿਚਕਾਰ ਹੋਵੇਗਾ।

ਆਬਾਦੀ ਨੂੰ ਇੱਕ ਮਜਬੂਤ ਆਰਥਿਕ ਅਤੇ ਤਕਨੀਕੀ ਤਾਕਤ ਵਿੱਚ ਕਿਵੇਂ ਬਦਲਿਆ ਜਾਵੇ, ਇਸ ਬਾਰੇ ਵਿਸਵ ਭਰ ਦੇ ਵਿਕਸਿਤ ਦੇਸਾਂ ਦੇ ਤਜਰਬੇ ਭਾਰਤ ਲਈ ਬਹੁਤ ਕੀਮਤੀ ਸਬਕ ਪ੍ਰਦਾਨ ਕਰਦੇ ਹਨ। ਏਸੀਆ ਵਿੱਚ ਦੱਖਣੀ ਕੋਰੀਆ ਨੇ ਵਿਸਵਵਿਆਪੀ ਸਿੱਖਿਆ, ਖੋਜ ਅਤੇ ਉਦਯੋਗ-ਵਿਦਿਅਕ ਸੰਸਥਾਵਾਂ ਦੇ ਸਹਿਯੋਗ ਰਾਹੀਂ ਆਪਣੇ ਆਪ ਨੂੰ ਇੱਕ ਪੱਛੜੀ ਅਰਥਵਿਵਸਥਾ ਤੋਂ ਗਲੋਬਲ ਤਕਨਾਲੋਜੀ ਆਗੂ ਬਣਾਇਆ ਜਦੋਂਕਿ ਸਿੰਗਾਪੁਰ ਨੇ ਬਿਨਾਂ ਕਿਸੇ ਕੁਦਰਤੀ ਸਰੋਤ ਦੇ ਵੀ ਸਿਰਫ਼ ਯੋਜਨਾਬੱਧ ਹੁਨਰ ਵਿਕਾਸ ਅਤੇ ਜੀਵਨ ਭਰ ਸਿੱਖਣ ਦੀ ਨੀਤੀ ਸਦਕਾ ਦੁਨੀਆ ਦੀ ਸਭ ਤੋਂ ਪ੍ਰਤੀਯੋਗੀ ਅਰਥਵਿਵਸਥਾ ਖੜ੍ਹੀ ਕਰ ਦਿੱਤੀ। ਇਸੇ ਤਰ੍ਹਾਂ ਚੀਨ ਨੇ ਕਿੱਤਾਮੁਖੀ ਸਿੱਖਿਆ ਅਤੇ ਵਿਸਵਵਿਆਪੀ ਮੁੱਲ ਲੜੀ ਦੇ ਸੁਮੇਲ ਨਾਲ ਆਪਣੀ ਵਿਸਾਲ ਕਿਰਤ ਸਕਤੀ ਨੂੰ ਦੁਨੀਆ ਦੇ ਨਿਰਮਾਣ ਪਾਵਰਹਾਊਸ ਵਿੱਚ ਤਬਦੀਲ ਕੀਤਾ ਹੈ। ਯੂਰੋਪ ਵਿੱਚ ਵੀ ਜਰਮਨੀ ਨੇ ਆਪਣੀ ਵਿਲੱਖਣ 'ਦੋਹਰੀ ਕਿੱਤਾਮੁਖੀ ਸਿਖਲਾਈ ਪ੍ਰਣਾਲੀ' ਰਾਹੀਂ ਚਮਤਕਾਰ ਕੀਤਾ, ਜਿੱਥੇ ਨੌਜਵਾਨ ਕਲਾਸ 'ਚ ਪੜ੍ਹਾਈ ਦੇ ਨਾਲ-ਨਾਲ ਸਿੱਧਾ ਕੰਪਨੀਆਂ ਵਿੱਚ ਅਸਲ ਕੰਮ ਦਾ ਤਜਰਬਾ ਹਾਸਲ ਕਰਦੇ ਰਹੇ, ਜਿਸ ਨਾਲ ਉੱਥੇ ਬੇਰੁਜਗਾਰੀ ਘਟੀ ਅਤੇ ਉਤਪਾਦਕਤਾ ਸਿਖਰ 'ਤੇ ਪਹੁੰਚੀ। ਫਿਨਲੈਂਡ ਨੇ ਆਪਣੀ ਆਬਾਦੀ ਨੂੰ ਆਰਥਿਕ ਸੰਪਤੀ ਬਣਾਉਣ ਲਈ ਦੁਨੀਆ ਦੀ ਸਭ ਤੋਂ ਪ੍ਰਗਤੀਸੀਲ ਸਿੱਖਿਆ ਪ੍ਰਣਾਲੀ ਵਿਕਸਿਤ ਕੀਤੀ, ਜੋ ਰੱਟਾ ਲਾਉਣ ਦੀ ਬਜਾਏ ਰਚਨਾਤਮਿਕਤਾ, ਸਮੱਸਿਆ-ਹੱਲ ਕਰਨ ਦੀ ਸਮਰੱਥਾ ਅਤੇ ਬਰਾਬਰੀ 'ਤੇ ਕੇਂਦਰਿਤ ਹੈ। ਭਾਵੇਂ ਇਹ ਸਾਰੇ ਦੇਸ ਆਪਣੀਆਂ ਰਾਜਨੀਤਕ ਪ੍ਰਣਾਲੀਆਂ ਅਤੇ ਰਣਨੀਤੀਆਂ ਪੱਖੋਂ ਇੱਕ-ਦੂਜੇ ਤੋਂ ਬਿਲਕੁਲ ਵੱਖਰੇ ਸਨ, ਪਰ ਉਨ੍ਹਾਂ ਦਾ ਸਾਂਝਾ ਸਿਧਾਂਤ ਸਿਰਫ ਇੱਕੋ ਰਿਹਾ ਕਿ ਉਨ੍ਹਾਂ ਆਪਣੇ ਲੋਕਾਂ ਨੂੰ ਵਧੇਰੇ ਉਤਪਾਦਕ ਬਣਾਉਣ ਵਿੱਚ ਨਿਰੰਤਰ ਨਿਵੇਸ ਕੀਤਾ। ਉਨ੍ਹਾਂ ਦੀ ਇਹ ਵੱਡੀ ਸਫਲਤਾ ਸਿਰਫ ਕਿਸੇ ਇਤਫਾਕ ਦਾ ਨਤੀਜਾ ਨਹੀਂ ਸੀ ਸਗੋਂ ਮਨੁੱਖੀ ਸਮਰੱਥਾਵਾਂ ਵਿੱਚ ਸੋਚ-ਸਮਝ ਕੇ ਕੀਤੇ ਗਏ ਵੱਡੇ ਨਿਵੇਸ ਦਾ ਸਿੱਟਾ ਸੀ।

ਇਹ ਬਦਲਦਾ ਆਰਥਿਕ ਦ੍ਰਿਸ ਸਰਕਾਰਾਂ ਦੀਆਂ ਜਨਤਕ ਨੀਤੀਆਂ ਵਿੱਚ ਵੱਡੇ ਸੁਧਾਰਾਂ ਦੀ ਮੰਗ ਕਰਦਾ ਹੈ। ਹਾਲਾਂਕਿ, ਗਰੀਬੀ ਘਟਾਉਣ ਲਈ ਸਮਾਜਿਕ ਸੁਰੱਖਿਆ ਅਤੇ ਭਲਾਈ ਯੋਜਨਾਵਾਂ ਹਮੇਸਾ ਜਰੂਰੀ ਰਹਿਣਗੀਆਂ, ਪਰ ਸਿਰਫ ਮੁਫਤ ਚੀਜ਼ਾਂ ਵੰਡਣ ਜਾਂ ਸਬਸਿਡੀਆਂ ਸਹਾਰੇ ਲੰਮੇ ਸਮੇਂ ਦੀ ਖੁਸਹਾਲੀ ਨਹੀਂ ਆ ਸਕਦੀ। ਸਰਕਾਰ ਦੁਆਰਾ ਸਿੱਖਿਆ, ਸਿਹਤ, ਪੋਸਣ ਅਤੇ ਰੁਜਗਾਰ ਸਿਰਜਣ 'ਤੇ ਕੀਤਾ ਗਿਆ ਖਰਚਾ, ਖਰਚ ਨਹੀਂ ਸਗੋਂ ਮਨੁੱਖੀ ਪੂੰਜੀ ਵਿੱਚ ਨਿਵੇਸ ਹੈ, ਜਿਸ ਦਾ ਲਾਭ ਦੇਸ ਨੂੰ ਦਹਾਕਿਆਂਬੱਧੀ ਮਿਲਦਾ ਰਹਿੰਦਾ ਹੈ। ਇਸੇ ਕਰਕੇ ਹੁਣ ਵਿਸਵ ਆਬਾਦੀ ਦਿਵਸ ਦਾ ਮਕਸਦ ਸਿਰਫ ਗਿਣਤੀ ਨੂੰ ਨਿਯੰਤਰਿਤ ਕਰਨਾ ਨਹੀਂ ਸਗੋਂ ਹਰ ਨਾਗਰਿਕ ਨੂੰ ਵਡਮੁੱਲੀ ਮਨੁੱਖੀ ਪੂੰਜੀ ਵਜੋਂ ਵਿਕਸਿਤ ਕਰਨਾ ਹੈ।

ਭਾਰਤ ਕੋਲ ਅਜੇ ਵੀ ਇੱਕ ਵੱਡਾ ਜਨਸੰਖਿਆ ਲਾਭ ਹੈ, ਪਰ ਇਹ ਮੌਕਾ ਸੀਮਿਤ ਸਮੇਂ ਤੱਕ ਹੀ ਹੈ। ਅਗਲੇ ਇੱਕ ਦਹਾਕੇ ਵਿੱਚ ਸਿੱਖਿਆ, ਹੁਨਰ ਵਿਕਾਸ, ਮਹਿਲਾ ਕਾਰਜਬਲ ਅਤੇ ਤਕਨੀਕੀ ਤਿਆਰੀ ਬਾਰੇ ਲਏ ਫੈਸਲੇ ਹੀ ਇਹ ਤੈਅ ਕਰਨਗੇ ਕਿ ਕੀ ਭਾਰਤ ਵਿਕਸਿਤ ਰਾਸ਼ਟਰ ਬਣੇਗਾ ਜਾਂ ਸਿਰਫ ਬੁਢਾਪੇ ਵੱਲ ਵਧਦਾ ਮੁਲਕ। ਵੱਡੀ ਪਰ ਗੈਰ-ਹੁਨਰਮੰਦ ਆਬਾਦੀ ਬੋਝ ਬਣ ਸਕਦੀ ਹੈ ਜਦੋਂਕਿ ਸਿਹਤਮੰਦ ਅਤੇ ਹੁਨਰਮੰਦ ਮਨੁੱਖੀ ਪੂੰਜੀ ਭਾਰਤ ਨੂੰ ਵਿਸਵ ਆਰਥਿਕਤਾ ਦਾ ਆਗੂ ਬਣਾ ਸਕਦੀ ਹੈ। ਭਾਰਤ ਦਾ ਭਵਿੱਖ ਇਸ ਗੱਲ 'ਤੇ ਨਿਰਭਰ ਨਹੀਂ ਕਰਦਾ ਕਿ ਉਸ ਕੋਲ ਕਿੰਨੇ ਲੋਕ ਹਨ ਸਗੋਂ ਇਸ ਗੱਲ 'ਤੇ ਨਿਰਭਰ ਹੈ ਕਿ ਉਹ ਲੋਕ ਕਿੰਨੇ ਸਮਰੱਥ ਅਤੇ ਉਤਪਾਦਕ ਹਨ।

ਡਾ: ਰਾਜੀਵ ਖੋਸਲਾ




ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਸੰਪਰਕ 0437641033 | thepunjabherald1@gmail.com

# ਧਾਗਾ ਨਹੀਂ, ਪਿਆਰ ਦਾ ਬੰਧਨ ਹੈ ਰੱਖੜੀ

**ਰੱਖੜੀ 'ਤੇ ਵਿਸ਼ੇਸ਼**

ਰੱਖੜੀ ਦਾ ਤਿਉਹਾਰ ਜਿੱਥੇ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੈ, ਉੱਥੇ ਹੀ ਇਸ ਪਿੱਛੇ ਲੁਕਿਆ ਹੈ ਭੈਣ ਦਾ ਆਪਣੇ ਭਰਾ 'ਤੇ ਆਪਣੀ ਰੱਖਿਆ ਲਈ ਕੀਤਾ ਜਾਣ ਵਾਲਾ ਵਿਸ਼ਵਾਸ। ਸਮੇਂ ਨਾਲ ਜ਼ਿਆਦਾਤਰ ਤਿਉਹਾਰ ਮਨਾਉਣ ਦਾ ਢੰਗ ਬਦਲ ਚੁੱਕਿਆ ਹੈ ਪਰ ਰੱਖੜੀ ਦਾ ਤਿਉਹਾਰ ਅੱਜ ਵੀ ਪਹਿਲਾਂ ਵਾਂਗ ਹੀ ਮਨਾਇਆ ਜਾਂਦਾ ਹੈ। ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਦੀ ਮਹੱਤਤਾ ਨੂੰ ਦਰਸਾਉਣ ਲਈ ਰੱਖੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

*ਅਤੁੱਟ ਰਿਸ਼ਤੇ ਦਾ ਹੈ ਪ੍ਰਤੀਕ*

ਰੱਖੜੀ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ-ਰੱਖ+ੜੀ। ਰੱਖ ਤੋਂ ਭਾਵ ਹੈ ਸੁਰੱਖਿਆ ਅਤੇ ੜੀ ਤੋਂ ਭਾਵ ਹੈ ਕਰਨ ਵਾਲਾ। ਇਸ ਤਰ੍ਹਾਂ ਰੱਖੜੀ ਸ਼ਬਦ ਦਾ ਅਰਥ ਹੈ-ਸੁਰੱਖਿਆ ਕਰਨ ਵਾਲਾ। ਰੱਖੜੀ ਦਾ ਤਿਉਹਾਰ ਭੈਣ-ਭਰਾ ਦੇ ਅਨਮੋਲ ਤੇ ਅਤੁੱਟ ਰਿਸ਼ਤੇ ਦਾ ਪ੍ਰਤੀਕ ਹੈ। ਰੱਖੜੀ ਦਾ ਪਵਿੱਤਰ ਦਿਨ ਸਾਉਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਭੈਣਾਂ ਕੱਚੇ ਧਾਗੇ ਦੀ ਪੱਕੀ ਡੋਰ ਆਪਣੇ ਭਰਾਵਾਂ ਦੇ ਗੁੱਟ 'ਤੇ ਬੰਨ੍ਹਦੀਆਂ ਹਨ ਤੇ ਆਪਣੇ ਭਰਾਵਾਂ ਦੀ

ਲੰਮੀ ਉਮਰ ਤੇ ਖ਼ੁਸ਼ਹਾਲੀ ਦੀ ਕਾਮਨਾ ਕਰਦੀਆਂ ਹਨ। ਭਰਾ ਵੀ ਸਾਰੀ ਉਮਰ ਆਪਣੀ ਭੈਣ ਦੀ ਸੁਰੱਖਿਆ ਕਰਨ ਦਾ ਵਚਨ ਦਿੰਦੇ ਹਨ। ਰੱਖੜੀ ਬੰਨ੍ਹਣ ਤੋਂ ਬਾਅਦ ਭੈਣ ਆਪਣੇ ਭਰਾ ਦਾ ਮੂੰਹ ਮਿੱਠਾ ਕਰਵਾਉਂਦੀ ਹੈ ਤੇ ਭਰਾ ਉਸ ਨੂੰ ਨਕਦੀ ਜਾਂ ਤੋਹਫ਼ੇ ਆਦਿ ਦਿੰਦਾ ਹੈ।

*ਇਤਿਹਾਸਕ ਪਿਛੋਕੜ*

ਹਰੇਕ ਤਿਉਹਾਰ ਦੇ ਪਿੱਛੇ ਕੋਈ ਨਾ ਕੋਈ ਇਤਿਹਾਸਕ ਘਟਨਾ ਜ਼ਰੂਰ ਹੁੰਦੀ ਹੈ। ਰੱਖੜੀ ਦੇ ਤਿਉਹਾਰ ਨਾਲ ਮੇਵਾੜ ਦੀ ਰਾਣੀ ਕਰਮਵਤੀ ਦੀ ਕਹਾਣੀ ਜੁੜੀ ਹੋਈ ਹੈ। ਕਰਮਵਤੀ ਨੇ ਬਹਾਦਰ ਸ਼ਾਹ ਦੇ ਹਮਲੇ ਤੋਂ ਬਚਣ ਲਈ ਮੁਗ਼ਲ ਬਾਦਸ਼ਾਹ ਹਮਾਯੂੰ ਨੂੰ ਆਪਣੀ ਤੇ ਆਪਣੇ ਰਾਜ ਦੀ ਸੁਰੱਖਿਆ ਲਈ ਰੱਖੜੀ ਭੇਜੀ ਸੀ। ਹਮਾਯੂੰ ਨੇ ਮੁਸਲਮਾਨ ਹੁੰਦਿਆਂ ਹੋਇਆਂ ਵੀ ਉਸ ਰੱਖੜੀ ਦੀ ਲਾਜ ਰੱਖੀ। ਮੁਗ਼ਲ ਬਾਦਸ਼ਾਹ ਹਮਾਯੂੰ ਨੇ ਬਹਾਦਰ ਸ਼ਾਹ ਵਿਰੁੱਧ ਯੁੱਧ ਕਰ ਕੇ ਰਾਣੀ ਕਰਮਵਤੀ ਅਤੇ



ਉਸ ਦੇ ਰਾਜ ਦੀ ਰੱਖਿਆ ਕੀਤੀ ਸੀ।

*ਸੁਰੱਖਿਆ ਨਾਲ ਜੁੜਿਆ ਤਿਉਹਾਰ*

ਮਹਾਭਾਰਤ 'ਚ ਵੀ ਰੱਖੜੀ ਦਾ ਜ਼ਿਕਰ ਆਉਂਦਾ ਹੈ। ਸ੍ਰੀ ਕ੍ਰਿਸ਼ਨ ਦੁਆਰਾ ਸ਼ਿਸ਼ੂਪਾਲ ਦੇ ਵਧ ਦੌਰਾਨ ਜਦੋਂ ਸੁਦਰਸ਼ਨ ਚੱਕਰ ਦੁਆਰਾ ਸ੍ਰੀ ਕ੍ਰਿਸ਼ਨ ਜੀ ਦੀ ਉਂਗਲੀ ਕੱਟ ਗਈ ਸੀ ਤਾਂ ਦਰੋਪਦੀ ਨੇ ਆਪਣੀ ਸਾੜ੍ਹੀ ਨਾਲੋਂ ਕੱਪੜਾ ਪਾੜ ਕੇ ਉਸ ਉਂਗਲੀ 'ਤੇ ਲਪੇਟਿਆ ਸੀ। ਇਸ ਬਦਲੇ ਸ੍ਰੀ ਕ੍ਰਿਸ਼ਨ ਨੇ ਚੀਰਹਰਨ ਸਮੇਂ ਦਰੋਪਦੀ ਦੀ ਸਾੜ੍ਹੀ ਵਧਾ ਕੇ ਉਸ ਦੀ ਰੱਖਿਆ ਕੀਤੀ ਸੀ। ਇਸ ਤਰ੍ਹਾਂ ਰੱਖੜੀ ਦਾ ਸਬੰਧ ਇਕ ਔਰਤ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ, ਜਿਸ 'ਚ ਉਹ ਆਪਣੇ ਹਰ ਔਖੇ ਸਮੇਂ 'ਚ ਆਪਣੇ ਭਰਾ ਤੋਂ ਆਪਣੀ ਸੁਰੱਖਿਆ ਦੀ ਉਮੀਦ ਰੱਖਦੀ ਹੈ।

*ਰੱਖੜੀ ਦਾ ਸੁਨੇਹਾ*

ਹੁਣ ਦੇ ਸਮੇਂ 'ਚ ਤਾਂ ਭੈਣ-ਭਰਾਵਾਂ ਨੂੰ ਆਪਸ 'ਚ ਮਿਲਣ ਜਾਂ ਗੱਲ ਕਰਨ ਦਾ ਸਮਾਂ ਵੀ ਨਹੀਂ। ਰਿਸ਼ਤਿਆਂ 'ਚ ਮਿਠਾਸ ਘਟਦੀ ਜਾਂਦੀ ਹੈ ਤੇ ਦਿਖਾਵਾ ਦਿਨੋ-ਦਿਨ ਵੱਧਦਾ ਜਾਂਦਾ ਹੈ। ਰੱਖੜੀ ਬੰਨ੍ਹਣ ਦਾ ਅਸਲ ਉਦੇਸ਼ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਭੈਣ-ਭਰਾ ਰਿਸ਼ਤਿਆਂ ਤੋਂ ਉੱਪਰ ਉੱਠ ਇਕ-ਦੂਜੇ ਨੂੰ ਪਿਆਰ ਤੇ ਸਤਿਕਾਰ ਦੇਣ। ਹੁਣ ਤਾਂ ਭੈਣ-ਭਰਾ ਦਾ ਰਿਸ਼ਤਾ ਵੀ ਤਿੜਕ ਗਿਆ ਹੈ। ਪਹਿਲਾਂ ਰੱਖੜੀ ਦਾ ਮੁੱਲ ਮੋਹ-ਪਿਆਰ ਨਾਲ ਪੈਂਦਾ ਸੀ, ਦਿਖਾਵੇ ਤੇ ਕੱਪੜਿਆਂ ਜਾਂ ਗਹਿਣਿਆਂ ਨਾਲ ਨਹੀਂ। ਬੇਸ਼ੱਕ ਅੱਜ ਵੀ ਅਜਿਹੇ ਭਰਾ ਹਨ, ਜੋ ਭੈਣਾਂ ਨੂੰ ਮਾਪੇ ਯਾਦ ਨਹੀਂ ਆਉਣ ਦਿੰਦੇ ਤੇ ਉਨ੍ਹਾਂ ਦੇ ਸਾਰੀ ਉਮਰ ਮਾਪੇ ਬਣ ਕੇ ਰਹਿੰਦੇ ਹਨ। ਅਜਿਹੀਆਂ ਭੈਣਾਂ ਵੀ ਹਨ, ਜੋ ਭਰਾਵਾਂ ਨੂੰ ਮਾਪਿਆਂ ਵਾਂਗ ਤੇ ਪੁੱਤਾਂ ਵਾਂਗ ਪਿਆਰ-ਸਤਿਕਾਰ ਦਿੰਦੀਆਂ ਹਨ। ਸਮਾਂ ਬੀਤਣ ਨਾਲ ਇਸ ਤਿਉਹਾਰ ਨਾਲ ਸਬੰਧਤ ਭਾਵ ਹੀ ਬਦਲ ਗਏ ਹਨ। ਦਿਖਾਵਿਆਂ ਨੂੰ ਛੱਡ ਕੇ ਸਾਦਗੀ ਤੇ ਪਿਆਰ-ਸਤਿਕਾਰ ਨਾਲ ਇਸ ਦਿਨ ਸਾਰੇ ਗਿਲ਼ੇ-ਸ਼ਿਕਵੇ ਭੁੱਲ ਮੋਹ ਦੀਆਂ ਤੰਦਾਂ ਮਜ਼ਬੂਤ ਕਰਨੀਆਂ ਚਾਹੀਦੀਆਂ ਹਨ।

*ਬੱਚਿਆਂ ਲਈ ਖ਼ਾਸ ਰੱਖੜੀਆਂ*

ਰੱਖੜੀ ਦੇ ਤਿਉਹਾਰ 'ਤੇ ਬੱਚੇ ਆਪਣੇ ਲਈ ਖ਼ੁਸ਼ੀ ਤੇ ਮਸਤੀ ਦੀ ਭਾਲ ਕਰ ਹੀ ਲੈਂਦੇ ਹਨ। ਰੱਖੜੀ ਦੇ ਦਿਨਾਂ 'ਚ ਬਾਜ਼ਾਰਾਂ ਵਿਚ ਬੱਚਿਆਂ ਲਈ ਅਲੱਗ-ਅਲੱਗ ਤਰ੍ਹਾਂ ਦੀਆਂ ਰੱਖੜੀਆਂ ਮੌਜੂਦ ਹੁੰਦੀਆਂ ਹਨ। ਬੱਚਿਆਂ ਨੂੰ ਜ਼ਿਆਦਾਤਰ ਉਨ੍ਹਾਂ ਦੇ ਪਸੰਦੀਦਾ ਕਾਰਟੂਨ ਕਿਰਦਾਰ, ਜਿਵੇਂ ਡੋਰੇਮੋਨ, ਪੋਕੇਮੋਨ, ਛੋਟਾ ਭੀਮ, ਮੋਟੂ-ਪਤਲੂ, ਬੈਟਮੈਨ, ਹੈਰੀ ਪਾਟਰ, ਸਪਾਈਡਰਮੈਨ ਆਦਿ ਵਾਲੀਆਂ ਰੱਖੜੀਆਂ ਵਧੇਰੇ ਪਸੰਦ ਆਉਂਦੀਆਂ ਹਨ। ਇਨ੍ਹਾਂ ਰੱਖੜੀਆਂ 'ਚ ਲੱਗੀਆਂ ਲਾਈਟਾਂ ਬੱਚਿਆਂ ਦੀ ਖਿੱਚ ਦਾ ਕੇਂਦਰ ਬਣਦੀਆਂ ਹਨ। ਰੱਖੜੀ ਦੇ ਦਿਨਾਂ 'ਚ ਤੋਹਫ਼ਿਆਂ 'ਚ ਚਾਕਲੇਟ ਮਿਲ ਜਾਣ 'ਤੇ ਵੱਡੇ ਹੋਣ ਜਾਂ ਛੋਟੇ, ਸਭ ਖ਼ੁਸ਼ੀ ਨਾਲ ਭਰ ਜਾਂਦੇ ਹਨ। ਇਸ ਤਰ੍ਹਾਂ ਰੱਖੜੀ ਦਾ ਤਿਉਹਾਰ ਸਮਾਜ 'ਚ ਆਪਸੀ ਪਿਆਰ ਦਾ ਪ੍ਰਤੀਕ ਹੈ।

*ਕਰੋ ਇਕ-ਦੂਸਰੇ ਦਾ ਸਤਿਕਾਰ*

ਭਰਾ-ਭੈਣ ਦੇ ਪਵਿੱਤਰ ਰਿਸ਼ਤੇ 'ਚ ਮਿਠਾਸ ਤੇ ਪਿਆਰ ਬਣਾਈ ਰੱਖਣ ਲਈ ਜ਼ਰੂਰੀ ਹੈ ਕਿ ਇਕ-ਦੂਸਰੇ ਦਾ ਆਦਰ ਕਰੋ। ਦੂਸਰੇ ਦੇ ਰੰਗ-ਰੂਪ, ਗੁਣਾਂ-ਔਗੁਣਾਂ, ਕਮਜ਼ੋਰੀ ਜਾਂ ਉਸ ਦੀ ਅਸਫਲਤਾ ਦਾ ਮਜ਼ਾਕ ਨਾ ਬਣਾਓ ਸਗੋਂ ਉਸ ਅਸਫਲਤਾ ਦਾ ਮਿਲ ਕੇ ਸਾਹਮਣਾ ਕਰੋ ਤਾਂ ਜੋ ਉਹ ਸਫਲਤਾ ਦੀਆਂ ਮੰਜ਼ਿਲਾਂ ਨੂੰ ਛੂਹ ਸਕੇ। ਆਪਣੇ ਰਿਸ਼ਤੇ ਨੂੰ ਹੋਰ ਮਜ਼ਬੂਤ ਬਣਾਉਣ ਲਈ ਰੱਖੜੀ ਦੇ ਇਸ ਮੌਕੇ 'ਤੇ ਤੁਸੀਂ ਮਿਲ ਕੇ ਕੁਝ ਸੰਕਲਪ ਲਵੋ, ਤਾਂ ਜੋ ਭੈਣ-ਭਰਾ ਦੇ ਪਿਆਰ ਤੇ ਮੋਹ ਦੀਆਂ ਤੰਦਾ ਹਮੇਸ਼ਾ ਮਜ਼ਬੂਤ ਰਹਿਣ। ਭਰਾਵਾਂ ਨੂੰ ਚਾਹੀਦਾ ਹੈ ਕਿ ਉਹ ਆਪਣੀਆਂ ਭੈਣਾਂ ਨੂੰ ਪੜ੍ਹਾ-ਲਿਖਾ ਕੇ ਆਪਣੇ ਪੈਰਾਂ ਉੱਪਰ ਖੜ੍ਹਾ ਕਰਨ ਤਾਂ ਜੋ ਉਹ ਜ਼ਿੰਦਗੀ ਦੇ ਕਿਸੇ ਵੀ ਮੋੜ ਉੱਪਰ ਆਉਣ ਵਾਲੀਆਂ ਮੁਸੀਬਤਾਂ ਦਾ ਸਾਹਮਣਾ ਕਰ ਸਕਣ। ਭਰਾ ਦੁਆਰਾ ਆਪਣੀ ਭੈਣ ਨੂੰ ਦਿੱਤਾ ਜਾਣ ਵਾਲਾ ਇਹ ਸਭ ਤੋਂ ਕੀਮਤੀ ਤੋਹਫ਼ਾ ਹੋਵੇਗਾ।

- ਰਾਜਿੰਦਰ ਰਾਣੀ

# ਆਸਾਨ ਰਾਹ ਤੇ ਔਖੀਆਂ ਮੰਜ਼ਿਲਾਂ

ਜਦੋਂ ਮਾਪੇ ਆਪਣੇ ਬੱਚਿਆਂ ਦੀਆਂ ਰਾਹਾਂ ਤੋਂ ਹਰ ਠੋਕਰ ਅਤੇ ਹਰ ਕੰਡਾ ਹਟਾਉਣ ਦੀ ਕੋਸ਼ਿਸ਼ ਕਰਨ ਲੱਗ ਪੈਂਦੇ ਹਨ, ਤਾਂ ਉਹ ਅਣਜਾਣੇ ਹੀ ਉਨ੍ਹਾਂ ਦੀਆਂ ਮੰਜ਼ਿਲਾਂ ਨੂੰ ਹੋਰ ਔਖਾ ਬਣਾ ਦਿੰਦੇ ਹਨ। ਜ਼ਿੰਦਗੀ ਦੀ ਹਰ ਚੁਣੌਤੀ ਤੋਂ ਬਚਾ ਕੇ ਪਾਲਿਆ ਗਿਆ ਬਚਪਨ ਅਕਸਰ ਹਕੀਕਤ ਦੀ ਪਹਿਲੀ ਠੋਕਰ ਅੱਗੇ ਡਗਮਗਾ ਜਾਂਦਾ ਹੈ। ਕਿਸੇ ਵੀ ਸਮਾਜ ਦਾ ਭਵਿੱਖ ਆਲੀਸ਼ਾਨ ਇਮਾਰਤਾਂ ਜਾਂ ਆਰਥਿਕ ਵਿਕਾਸ 'ਚ ਨਹੀਂ, ਸਗੋਂ ਉਸ ਦੀ ਨਵੀਂ ਪੀੜ੍ਹੀ ਦੇ ਚਰਿੱਤਰ 'ਚ ਲੁਕਿਆ ਹੁੰਦਾ ਹੈ। ਅਸੀਂ ਅਕਸਰ ਕਹਿੰਦੇ ਹਾਂ ਕਿ ਔਲਾਦ ਸਾਡਾ ਸਭ ਤੋਂ ਵੱਡਾ ਸਰਮਾਇਆ ਹੈ, ਪਰ ਸੋਚਣਾ ਬਣਦਾ ਹੈ ਕਿ ਕੀ ਅਸੀਂ ਇਸ ਸਰਮਾਏ ਦੀ ਸੰਭਾਲ ਵੀ ਉਸੇ ਗੰਭੀਰਤਾ ਨਾਲ ਕਰ ਰਹੇ ਹਾਂ, ਜਿਸ ਗੰਭੀਰਤਾ ਨਾਲ ਆਪਣੀ ਜਾਇਦਾਦ ਜਾਂ ਕਾਰੋਬਾਰ ਦੀ ਕਰਦੇ ਹਾਂ? ਅੱਜ ਦਾ ਸਮਾਜ ਬੱਚਿਆਂ ਦੀ ਪਰਵਰਿਸ਼ ਦੇ ਇਕ ਅਜੀਬ ਦੌਰ 'ਚੋਂ ਲੰਘ ਰਿਹਾ ਹੈ। ਮਾਪੇ ਬੱਚਿਆਂ ਨੂੰ ਹਰ ਉਹ ਸਹੂਲਤ ਦੇਣ ਲਈ ਯਤਨਸ਼ੀਲ ਹਨ, ਜਿਸ ਦਾ ਉਨ੍ਹਾਂ ਨੇ ਖ਼ੁਦ ਕਦੇ ਸੁਪਨਾ ਵੀ ਨਹੀਂ ਸੀ ਦੇਖਿਆ। ਘਰਾਂ 'ਚ ਭੌਤਿਕ ਸੁਖ-ਸਾਧਨ ਤਾਂ ਲਗਾਤਾਰ ਵਧੇ ਹਨ, ਪਰ ਦੂਜੇ ਪਾਸੇ ਸਾਂਝਾ ਸਮਾਂ ਅਤੇ ਆਪਸੀ ਗੱਲਬਾਤ ਬਹੁਤ ਘਟ ਗਈ ਹੈ। ਨਤੀਜੇ ਵਜੋਂ ਬੱਚਿਆਂ ਅਤੇ ਮਾਪਿਆਂ ਵਿਚਕਾਰ ਇਕ ਭਾਵਨਾਤਮਕ ਦੂਰੀ ਪੈਦਾ ਹੋ ਰਹੀ ਹੈ, ਜੋ ਅਜੋਕੇ ਆਧੁਨਿਕ ਪਰਿਵਾਰ ਦੀ ਇੱਕ ਵੱਡੀ ਤ੍ਰਾਸਦੀ ਹੈ। ਅਸੀਂ ਅਕਸਰ ਪਿਆਰ ਨੂੰ ਸਹੂਲਤਾਂ ਦੇਣ ਨਾਲ ਜੋੜ ਲੈਂਦੇ ਹਾਂ।

ਬੱਚੇ ਦੀ ਹਰ ਮੰਗ ਪੂਰੀ ਕਰਨਾ ਤੇ ਉਸ ਦੀ ਹਰ ਜ਼ਿੱਦ ਅੱਗੇ ਝੁਕਣਾ ਸਾਨੂੰ ਆਪਣਾ ਮੁੱਖ ਫਰਜ ਜਾਪਦਾ ਹੈ ਪਰ ਪਿਆਰ ਅਤੇ ਪਰਵਰਿਸ਼ 'ਚ ਬਹੁਤ ਫਰਕ ਹੁੰਦਾ ਹੈ। ਪਿਆਰ ਸੁਰੱਖਿਆ ਦਾ ਅਹਿਸਾਸ ਦਿੰਦਾ ਹੈ, ਜਦਕਿ ਪਰਵਰਿਸ਼ ਜ਼ਿੰਦਗੀ ਦਾ ਸਾਹਮਣਾ ਕਰਨ ਦੇ ਯੋਗ ਬਣਾਉਂਦੀ ਹੈ। ਜਿੱਥੇ ਪਿਆਰ 'ਚ ਵਾਤਸਲਤਾ ਹੁੰਦੀ ਹੈ, ਉੱਥੇ ਪਰਵਰਿਸ਼ 'ਚ ਦੂਰਅੰਦੇਸ਼ੀ ਦੀ ਲੋੜ ਹੁੰਦੀ ਹੈ। ਛੋਟੇ ਪਰਿਵਾਰਾਂ ਅਤੇ ਇਕਲੌਤੀ ਔਲਾਦ ਵਾਲੇ ਘਰਾਂ ਵਿੱਚ ਬੱਚਿਆਂ ਦੀ ਹਰ ਖ਼ਾਹਸ਼ ਤੁਰੰਤ ਪੂਰੀ ਕਰਨ ਦੀ ਕੋਸ਼ਿਸ਼ ਵਿੱਚ ਅਸੀਂ ਕਈ ਵਾਰ ਉਨ੍ਹਾਂ ਤੋਂ ਸਬਰ, ਸੰਤੋਖ ਅਤੇ ਉਡੀਕ ਕਰਨ ਦੀ ਸਮਰੱਥਾ ਖੋਹ ਲੈਂਦੇ ਹਾਂ। ਜਿਹੜਾ ਬੱਚਾ ਹਰ ਇੱਛਾ ਦੀ ਤੁਰੰਤ ਪੂਰਤੀ ਦਾ ਆਦੀ ਹੋ ਜਾਵੇ, ਉਹ ਜ਼ਿੰਦਗੀ ਦੀਆਂ ਅਸਲ ਚੁਣੌਤੀਆਂ ਦਾ ਸਾਹਮਣਾ ਕਿਵੇਂ ਕਰੇਗਾ? ਜ਼ਿੰਦਗੀ ਹਰ ਮੰਗ ਨੂੰ ਤੁਰੰਤ ਸਵੀਕਾਰ ਨਹੀਂ ਕਰਦੀ; ਇਸ ਵਿੱਚ ਇਨਕਾਰ ਵੀ ਹੁੰਦਾ ਹੈ, ਅਸਫਲਤਾ ਵੀ ਅਤੇ ਉਡੀਕ ਵੀ। ਜੇ ਬੱਚੇ ਨੂੰ ਬਚਪਨ 'ਚ ਇਹ ਅਨੁਭਵ ਨਾ ਕਰਵਾਇਆ ਜਾਵੇ, ਤਾਂ ਉਹ ਵੱਡਾ ਹੋ ਕੇ ਮਾਨਸਿਕ ਦਬਾਅ ਅਤੇ ਨਿਰਾਸ਼ਾ ਨੂੰ ਸਹਿਣ 'ਚ ਮੁਸਕਲ ਮਹਿਸੂਸ ਕਰਦਾ ਹੈ। ਅਕਸਰ ਅਸੀਂ ਇਹ ਟਪਲਾ ਖਾ ਜਾਂਦੇ ਹਾਂ ਕਿ ਬਾਲ-ਮਨੋਵਿਗਿਆਨ ਬੱਚਿਆਂ ਨੂੰ ਸਿਰਫ ਖੁੱਲ੍ਹ ਜਾਂ ਆਜਾਦੀ ਦੇਣ ਦੀ ਹੀ ਵਕਾਲਤ ਕਰਦਾ ਹੈ। ਪਰ ਇਹ ਸਿੱਕੇ ਦਾ ਇੱਕ ਹੀ ਪਹਿਲੂ ਹੈ। ਪ੍ਰਸਿੱਧ ਮਨੋਵਿਗਿਆਨੀ ਡਾਇਨਾ ਬਾਮਰਿੰਡ ਵੱਲੋਂ ਦਿੱਤੇ ਗਏ 'ਸੰਤੁਲਿਤ ਪਰਵਰਿਸ਼' ਦੇ ਸਿਧਾਂਤ ਅਨੁਸਾਰ ਬੱਚਿਆਂ ਦੇ ਸਿਹਤਮੰਦ ਵਿਕਾਸ ਲਈ ਪਿਆਰ ਦੇ ਨਾਲ-ਨਾਲ ਉਸਾਰੂ ਹੱਦਾਂ (ਅਨੁਸਾਸਨ) ਵੀ ਜਰੂਰੀ ਹਨ। ਇੱਥੇ ਹੱਦਾਂ ਤੈਅ ਕਰਨ ਦਾ ਅਰਥ ਬੱਚੇ ਨੂੰ ਡਰਾਉਣਾ ਜਾਂ ਦਬਾਉਣਾ ਨਹੀਂ, ਸਗੋਂ ਉਸ ਨੂੰ ਇਕ ਸੁਰੱਖਿਅਤ ਮਹੌਲ ਦੇਣਾ ਹੈ। ਅਸਲ ਮਨੋਵਿਗਿਆਨ ਉਹ ਹੈ ਜਿੱਥੇ ਮਾਪੇ ਬੱਚੇ ਦੀ ਆਜਾਦੀ ਦਾ ਸਤਿਕਾਰ ਕਰਦਿਆਂ ਪਿਆਰ ਅਤੇ ਸਪਸਟਤਾ ਨਾਲ 'ਨਾਂਹ' ਕਹਿਣਾ ਵੀ



ਜਾਣਦੇ ਹੋਣ। ਜਦੋਂ ਬੱਚਾ ਕੋਈ ਨਾਜਾਇਜ ਮੰਗ ਕਰੇ, ਤਾਂ ਉਸ ਨੂੰ ਤਰਕ ਨਾਲ ਸਮਝਾਇਆ ਜਾਵੇ। ਜਿਹੜਾ ਬੱਚਾ ਬਚਪਨ ਵਿੱਚ ਸੁਚੱਜੇ ਢੰਗ ਨਾਲ 'ਨਾਂਹ' ਸੁਣਨਾ ਨਹੀਂ ਸਿੱਖਦਾ, ਉਹ ਵੱਡਾ ਹੋ ਕੇ ਬਾਹਰੀ ਦੁਨੀਆ ਦੇ ਇਨਕਾਰਾਂ ਨੂੰ ਸਹਿਣ ਵਿੱਚ ਕਮਜੋਰ ਪੈ ਜਾਂਦਾ ਹੈ। ਅੱਜ ਬੱਚੇ ਦੇ ਹੱਥ ਵਿੱਚ ਖਿਡੌਣੇ ਨਾਲੋਂ ਪਹਿਲਾਂ ਮੋਬਾਈਲ ਫੋਨ ਆ ਜਾਂਦਾ ਹੈ। ਬੱਚੇ ਨੂੰ ਚੁੱਪ ਕਰਵਾਉਣ, ਖਾਣਾ ਖੁਆਉਣ ਜਾਂ ਰੁਝਾਈ ਰੱਖਣ ਲਈ ਮੋਬਾਈਲ ਇੱਕ ਆਸਾਨ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ ਪਰ ਹੌਲੀ-ਹੌਲੀ ਇਹੀ ਸਾਧਨ ਉਸ ਦੀ ਸਰੀਰਕ ਅਤੇ ਮਾਨਸਿਕ ਸਿਹਤ ਲਈ ਇਕ ਵੱਡੀ ਚੁਣੌਤੀ ਬਣ ਜਾਂਦਾ ਹੈ। ਮੈਡੀਕਲ ਵਿਗਿਆਨ ਅਨੁਸਾਰ ਜਦੋਂ ਬੱਚਾ ਲਗਾਤਾਰ ਸਕਰੀਨ 'ਤੇ ਗੇਮਾਂ ਖੇਡਦਾ ਹੈ ਜਾਂ ਵੀਡੀਓਜ ਦੇਖਦਾ ਹੈ, ਤਾਂ ਉਸ ਦੇ ਦਿਮਾਗ 'ਚੋਂ 'ਡੋਪਾਮੀਨ' ਨਾਮਕ ਰਸਾਇਣ ਦਾ ਰਿਸਾਅ ਹੁੰਦਾ ਹੈ, ਜੋ ਉਸ ਨੂੰ ਤੁਰੰਤ ਖੁਸੀ ਅਤੇ ਸੰਤੁਸਟੀ ਦਾ ਅਹਿਸਾਸ ਕਰਵਾਉਂਦਾ ਹੈ। ਹੌਲੀ-ਹੌਲੀ ਦਿਮਾਗ ਇਸ ਉੱਚ ਪੱਧਰੀ ਡੋਪਾਮੀਨ ਦਾ ਆਦੀ ਹੋ ਜਾਂਦਾ ਹੈ। ਨਤੀਜੇ ਵਜੋਂ ਉਸ ਨੂੰ ਆਮ ਸਰੀਰਕ ਖੇਡਾਂ, ਪੜ੍ਹਾਈ ਜਾਂ ਹੋਰ ਰਵਾਇਤੀ ਗਤੀਵਿਧੀਆਂ ਨੀਰਸ ਲੱਗਣ ਲੱਗਦੀਆਂ ਹਨ। ਇਸੇ ਕਾਰਨ ਬੱਚਾ ਹਰ ਛੋਟੀ-ਛੋਟੀ ਗੱਲ 'ਤੇ ਚਿੜਚਿੜਾ ਹੋ ਜਾਂਦਾ ਹੈ। ਬਾਅਦ 'ਚ ਜਦੋਂ ਮਾਪੇ ਸ਼ਿਕਾਇਤ ਕਰਦੇ ਹਨ ਕਿ ਬੱਚਾ ਮੋਬਾਈਲ ਇਕ ਮਿੰਟ ਲਈ ਵੀ ਨਹੀਂ ਛੱਡਦਾ, ਤਾਂ ਸਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਇਸ ਵਿਨਾਸਕਾਰੀ ਆਦਤ ਦੀ ਸੁਰੂਆਤ ਕਿੱਥੋਂ ਹੋਈ ਸੀ। ਆਧੁਨਿਕ ਜੀਵਨ-ਸੈਲੀ ਨੇ ਬੱਚਿਆਂ ਦੀਆਂ ਖਾਣ-ਪੀਣ ਦੀਆਂ ਆਦਤਾਂ 'ਚ ਵੀ ਵੱਡਾ ਵਿਗਾੜ ਪੈਦਾ ਕੀਤਾ ਹੈ। ਚਿਪਸ, ਬਿਸਕੁਟ, ਕੋਲਡ ਡਰਿੰਕਸ ਅਤੇ ਫਾਸਟ ਫੂਡ ਅੱਜ ਬੱਚਿਆਂ ਦੀ ਰੋਜਾਨਾ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਚੁੱਕੇ ਹਨ। ਬੱਚਿਆਂ ਦੇ ਜਨਮਦਿਨਾਂ ਅਤੇ ਹੋਰ ਸਮਾਗਮਾਂ 'ਚ ਵੀ ਦਿਖਾਵੇ ਦੀ ਸੰਸਕ੍ਰਿਤੀ ਹਾਵੀ ਹੋ ਰਹੀ ਹੈ, ਜਿੱਥੇ ਮਾਪੇ ਖੁਦ ਉਨ੍ਹਾਂ ਨੂੰ ਰਵਾਇਤੀ ਪੌਸਟਿਕ ਭੋਜਨ ਦੀ ਥਾਂ ਇਹ ਬਾਜਾਰੀ ਖਾਣਾ ਖੁਆਉਣ 'ਚ ਮਾਣ ਮਹਿਸੂਸ ਕਰਦੇ ਹਨ ਪਰ ਜਦੋਂ ਬੱਚੇ ਪੂਰੀ ਤਰ੍ਹਾਂ ਅਜਿਹੇ ਭੋਜਨ ਦੇ ਆਦੀ ਹੋ ਜਾਂਦੇ ਹਨ ਤੇ ਇਸ ਦਾ ਸਿੱਧਾ ਨਤੀਜਾ ਛੋਟੀ ਉਮਰ 'ਚ ਮੋਟਾਪੇ ਜਾਂ ਹੋਰ ਗੰਭੀਰ ਸਿਹਤ ਸਮੱਸਿਆਵਾਂ ਦੇ ਰੂਪ 'ਚ ਸਾਹਮਣੇ ਆਉਂਦਾ ਹੈ, ਤਾਂ ਮਾਪਿਆਂ ਦੀਆਂ ਸ਼ਿਕਾਇਤਾਂ ਸੁਰੂ ਹੋ ਜਾਂਦੀਆਂ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬੱਚੇ ਦੀ ਇਸ ਬਿਮਾਰ ਕਰਨ ਵਾਲੀ ਆਦਤ ਦੀ ਨੀਂਹ ਕਿਸੇ ਬਾਹਰੀ ਦੁਨੀਆ ਨੇ ਨਹੀਂ, ਸਗੋਂ ਸਾਡੇ ਆਪਣੇ ਘਰ 'ਚ ਹੀ ਰੱਖੀ ਸੀ। ਸਾਡੇ ਬਜੁਰਗਾਂ ਦੀ ਪਰਵਰਿਸ਼ ਦੇ ਢੰਗ 'ਚ ਭਾਵੇਂ ਕੁਝ ਸੀਮਾਵਾਂ ਹੋ ਸਕਦੀਆਂ ਸਨ ਪਰ ਇਕ ਗੱਲ ਨਿਸਚਿਤ ਸੀ ਕਿ ਉੱਥੇ ਪਿਆਰ ਦੇ ਨਾਲ-ਨਾਲ ਦ੍ਰਿੜ ਅਨੁਸਾਸਨ ਵੀ ਮੌਜੂਦ ਸੀ। ਵਧੀਆ ਪਰਵਰਿਸ਼ ਉਹ ਹੈ, ਜਿਸ 'ਚ ਪਿਆਰ, ਸੰਵਾਦ, ਸਤਿਕਾਰ ਅਤੇ ਅਨੁਸਾਸਨ ਦਾ ਸੰਤੁਲਿਤ ਮੇਲ ਹੋਵੇ। ਬੱਚੇ ਨੂੰ ਨਾ ਤਾਂ ਡਰ ਦੇ ਸਾਏ ਹੇਠ ਪਾਲਣ ਦੀ ਲੋੜ ਹੈ ਅਤੇ ਨਾ ਹੀ ਉਸ ਨੂੰ ਇੰਨੀ ਛੋਟ ਦੇਣ ਦੀ ਕਿ ਉਹ ਸਹੀ ਅਤੇ ਗਲਤ ਦਾ ਫਰਕ ਹੀ ਭੁੱਲ ਜਾਵੇ। ਅੱਜ ਬੱਚਿਆਂ ਦੀਆਂ ਭੌਤਿਕ ਲੋੜਾਂ ਨਾਲੋਂ ਉਨ੍ਹਾਂ ਦੀਆਂ ਭਾਵਨਾਤਮਕ ਲੋੜਾਂ ਨੂੰ ਸਮਝਣ ਦੀ ਵਧੇਰੇ ਲੋੜ ਹੈ। ਮੁਕਾਬਲੇਬਾਜੀ, ਪ੍ਰੀਖਿਆਵਾਂ, ਸੋਸਲ ਮੀਡੀਆ ਅਤੇ ਬਦਲਦੇ ਸਮਾਜਿਕ ਮਾਹੌਲ ਦੇ ਦਬਾਅ ਵਿਚਕਾਰ ਕਈ ਬੱਚੇ ਅੰਦਰੋਂ ਇਕੱਲੇਪਣ ਦਾ ਸ਼ਿਕਾਰ ਹੋ ਰਹੇ ਹਨ। ਜਦੋਂ ਹਕੀਕਤ ਉਨ੍ਹਾਂ ਦੀਆਂ ਇਨ੍ਹਾਂ ਕਾਲਪਨਿਕ ਉਮੀਦਾਂ ਦੇ ਅਨੁਕੂਲ ਨਹੀਂ ਹੁੰਦੀ, ਤਾਂ ਨਿਰਾਸਾ, ਤਣਾਅ ਅਤੇ ਅਸੰਤੁਸਟੀ ਦਾ ਜਨਮ ਹੁੰਦਾ ਹੈ। ਇਸ ਲਈ ਬੱਚਿਆਂ ਨੂੰ ਹਰ ਮੁਸਕਲ ਤੋਂ ਬਚਾਉਣ ਦੀ ਬਜਾਏ ਉਨ੍ਹਾਂ ਨੂੰ ਮੁਸਕਲਾਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਣਾ ਜ਼ਿਆਦਾ ਜਰੂਰੀ ਹੈ। ਅਸਲ ਵਿੱਚ ਪਰਵਰਿਸ਼ ਬੱਚਿਆਂ ਨੂੰ ਹਰ ਸੁੱਖ ਦੇਣ ਦਾ ਨਹੀਂ, ਸਗੋਂ ਉਨ੍ਹਾਂ ਨੂੰ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਯੋਗ ਬਣਾਉਣ ਦਾ ਨਾਮ ਹੈ। ਸਾਡਾ ਫਰਜ ਉਨ੍ਹਾਂ ਲਈ ਰਾਹਾਂ ਨੂੰ ਆਸਾਨ ਬਣਾਉਣਾ ਨਹੀਂ, ਸਗੋਂ ਉਨ੍ਹਾਂ ਨੂੰ ਜ਼ਿੰਦਗੀ ਦੇ ਬਿਖੜੇ ਰਾਹਾਂ ਉੱਤੇ ਦ੍ਰਿੜਤਾ ਨਾਲ ਤੁਰਨ ਦੇ ਕਾਬਲ ਬਣਾਉਣਾ ਹੈ। ਭਵਿੱਖ ਦਾ ਸਮਾਜ ਸਾਡੇ ਘਰਾਂ ਵਿੱਚ ਪਲ ਰਿਹਾ ਹੈ। ਆਖਰਕਾਰ, ਚੰਗੇ ਬੱਚੇ ਕਿਸਮਤ ਨਾਲ ਨਹੀਂ, ਸਗੋਂ ਸੰਤੁਲਿਤ ਅਤੇ ਜ਼ਿੰਮੇਵਾਰ ਪਰਵਰਿਸ਼ ਦੀ ਬਦੌਲਤ ਬਣਦੇ ਹਨ। ਜੇ ਬੱਚੇ ਸਾਡਾ ਅਸਲ ਸਰਮਾਇਆ ਹਨ, ਤਾਂ ਉਨ੍ਹਾਂ ਨੂੰ ਸਿਰਫ ਭੌਤਿਕ ਸਹੂਲਤਾਂ ਨਹੀਂ, ਸਗੋਂ ਚੰਗੀ ਜੀਵਨ-ਜਾਚ, ਸਬਰ, ਸੰਸਕਾਰ ਅਤੇ ਸੰਘਰਸ ਦਾ ਸਾਹਮਣਾ ਕਰਨ ਦਾ ਹੌਸਲਾ ਦੇਣ ਦੀ ਲੋੜ ਹੈ। ਕਿਉਂਕਿ ਜਦੋਂ ਅਸੀਂ ਉਨ੍ਹਾਂ ਦੇ ਰਾਹ ਬੇਹੱਦ ਸੌਖੇ ਕਰ ਦੇਂਦੇ ਹਾਂ, ਤਾਂ ਅਣਜਾਣੇ ਹੀ ਉਨ੍ਹਾਂ ਦੀਆਂ ਮੰਜ਼ਿਲਾਂ ਔਖੀਆਂ ਕਰ ਦਿੰਦੇ ਹਾਂ।

ਨਵਦੀਪ ਝੁਨੀਰ

# ਨੌਜਵਾਨਾਂ ਕੋਲ ਰਾਸ਼ਟਰ ਨੂੰ ਬਦਲਣ ਵਾਲੀ ਸਕਤੀ, ਜੋ ਭਾਰਤ ਦੇ ਅਕਸ ਨੂੰ ਬਦਲ ਸਕਦੀ’

## ਅਜ਼ਾਦੀ ਦਿਹਾੜੇ ’ਤੇ ਵਿਸ਼ੇਸ਼

ਅੰਗਰੇਜ਼ਾਂ ਨੇ 1947 ਵਿੱਚ ਭਾਰਤ ਛੱਡ ਦਿੱਤਾ। ਲਾਰਡ ਡਲਹੌਜ਼ੀ, ਰੌਬਰਟ ਕਲਾਈਵ ਨਹੀਂ ਰਹੇ। ਈਸਟ ਇੰਡੀਆ ਕੰਪਨੀ ਹੁਣ ਭਾਰਤ ਨੂੰ ਕੰਟਰੋਲ ਨਹੀਂ ਕਰ ਰਹੀ। ਆਓ ਅੱਗੇ ਵਧੀਏ ਅਤੇ ਉਨ੍ਹਾਂ ਬ੍ਰਿਟਿਸ਼ਾਂ ਨੂੰ ਜਿੰਮੇਵਾਰ ਠਹਿਰਾਉਣਾ ਛੱਡ ਦੇਈਏ, ਜਿਨ੍ਹਾਂ ਨੇ 1947 ਵਿੱਚ ਸਾਡੀਆਂ ਆਪਣੀਆਂ ਕਮੀਆਂ ਲਈ 1947 ਵਿੱਚ ਭਾਰਤ ਛੱਡ ਦਿੱਤਾ ਸੀ। ਦੋਸ਼ ਲਗਾਉਣ ਨਾਲ ਕੁਝ ਨਹੀਂ ਬਦਲੇਗਾ। ਭਾਰਤ ਆਪਣੀ ਅਦਭੁਤ ਵਿਭਿੰਨਤਾ ਦੇ ਕਾਰਨ ਵਿਲੱਖਣ ਹੈ। ਭਾਰਤ ਦਾ ਵਿਚਾਰ ਹੈ - ਵਿਭਿੰਨਤਾ ਵਿੱਚ ਏਕਤਾ, ਇੱਕ ਵਾਰ ਜਦੋਂ ਲੋਕ ਬਹੁਗਿਣਤੀ ਵਿਸ਼ਵਾਸਾਂ ਜਿਵੇਂ ਖ਼ੁਰਾਕ ਸੰਬੰਧੀ ਆਦਤਾਂ, ਧਾਰਮਿਕ ਵਿਸ਼ਵਾਸਾਂ, ਕੱਪੜਿਆਂ, ਭਾਸ਼ਾ, ਸੂਡੋਨੇਸ਼ਨਿਜ਼ਮ ਨੂੰ ਅੱਗੇ ਵਧਾਉਣਾ ਸ਼ੁਰੂ ਕਰਦੇ ਹਨ ਤਾਂ ਇਹ ਵਿਭਿੰਨਤਾ ਟੁੱਟ ਜਾਵੇਗੀ। ਇਸਦੇ ਨਾਲ ਭਾਰਤ ਦੀ ਏਕਤਾ ਟੁੱਟ ਜਾਵੇਗੀ। ਦੱਖਣੀ ਭਾਰਤੀਆਂ ਨੂੰ ਹਿੰਦੀ ਸਿੱਖਣ ਲਈ ਮਜਬੂਰ ਕਰਨਾ ਜਾਂ ਬੰਗਾਲੀਆਂ ਅਤੇ ਮਾਲਿਆਲੀਆਂ ਨੂੰ ਆਪਣੀ ਪਸੰਦ ਦਾ ਭੋਜਨ ਖਾਣਾ ਬੰਦ ਕਰਨ ਲਈ ਕਹਿਣਾ ਜਾਂ ਉੱਤਰ ਪੂਰਬੀ ਭਾਰਤੀਆਂ ਨੂੰ ਹੋਰ “ਭਾਰਤੀ“ ਦਿਖਣ ਲਈ ਕਹਿਣਾ ਭਾਰਤ ਦੀ ਏਕਤਾ ਲਈ ਭਿਆਨਕ ਹੋਵੇਗਾ।

ਭਾਰਤ ਇੱਕ ਲੋਕਤੰਤਰ ਦੇਸ਼ ਹੈ। ਕੋਈ ਵੀ ਸਰਕਾਰ ਦੀ ਆਲੋਚਨਾ ਕਰ ਸਕਦਾ ਹੈ ਅਤੇ ਆਲੋਚਕ ਆਪਣੇ ਆਪ “ਰਾਸ਼ਟਰ ਵਿਰੋਧੀ“ ਨਹੀਂ ਬਣ ਜਾਂਦਾ। ਮੋਦੀ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀਆਂ ਤੋਂ ਵੱਖਰੇ ਨਹੀਂ ਹਨ, ਉਹ ਲੋਕਾਂ ਦੀ ਆਲੋਚਨਾ ਤੋਂ ਉੱਪਰ ਨਹੀਂ ਹਨ। ਵਿਦੇਸ਼ੀ ਜਾਂ ਕੋਈ ਲੋਕ ਜੋ ਕਹਿੰਦੇ ਹਨ ਕਿ ਭਾਰਤ ਅਸੁਰੱਖਿਅਤ ਹੈ, ਸੱਚ ਹੈ ਕਿਉਂਕਿ ਦੇਸ਼ ਦੇ ਕੁਝ ਹਿੱਸੇ ਸੱਚਮੁੱਚ ਅਸੁਰੱਖਿਅਤ ਹਨ। ਮੈਨੂੰ ਸਮਝ ਨਹੀਂ ਆ ਰਹੀ ਕਿ ਉਨ੍ਹਾਂ ਨੂੰ ਪਾਕਿਸਤਾਨ ਜਾਣ ਲਈ ਕਿਉਂ ਕਿਹਾ ਜਾਂਦਾ ਹੈ? ਕੀ ਇਹ ਇਸ ਲਈ ਹੈ, ਕਿਉਂਕਿ ਪਾਕਿਸਤਾਨ ਵਧੇਰੇ ਸੁਰੱਖਿਅਤ ਹੈ? ਯਕੀਨਨ ਨਹੀਂ! ਇਸ ਲਈ ਆਓ ਇਹ ਸੁਨਿਸ਼ਚਿਤ ਕਰੀਏ ਕਿ ਭਾਰਤ ਹਰ ਕਿਸੇ ਲਈ ਸੁਰੱਖਿਅਤ ਹੈ।

ਸਾਨੂੰ ਭਾਰਤ ਬਾਰੇ ਕਿਸੇ ਵਿਦੇਸ਼ੀ ਦੀ ਧਾਰਨਾ ਨੂੰ ਜ਼ਿਆਦਾ ਮਹੱਤਵ ਦੇਣਾ ਛੱਡ ਦੇਣਾ ਚਾਹੀਦਾ ਹੈ। ਅਸੀਂ ਕਿਸੇ ਹੋਰ ਵਿਅਕਤੀ ਦੀ ਪ੍ਰਮਾਣਿਕਤਾ ਬਾਰੇ ਬਹੁਤ ਜ਼ਿਆਦਾ ਪਰਵਾਹ ਕਰਦੇ ਹਾਂ।




ਪ੍ਰਧਾਨ ਮੰਤਰੀ ਲੋਕਾਂ ਦੀ ਪਸੰਦ ਹੈ। ਇਸ ਲਈ ਉਸਨੂੰ ਲੋਕਾਂ ਪ੍ਰਤੀ ਜਵਾਬਦੇਹ ਹੋਣਾ ਚਾਹੀਦਾ ਹੈ। ਕਿਸਨੇ ਉਸਨੂੰ ਪ੍ਰਧਾਨ ਮੰਤਰੀ ਬਣਾਇਆ? ਲੋਕਾਂ ਨੇ! ਅਸੀਂ ਸਵਾਲ ਕਰਨ ਦੀ ਸੁਤੰਤਰਤਾ ਦੇ ਹੱਕਦਾਰ ਹਾਂ, ਇਹ ਉਹ ਆਜ਼ਾਦੀ ਦਾ ਵਿਚਾਰ ਹੈ, ਜੋ ਸਾਡੇ ਬਾਨੀ ਪੁਰਖਿਆਂ ਦੁਆਰਾ ਲੋਕਤੰਤਰ ਦੇ ਰੂਪ ਵਿੱਚ ਸਾਨੂੰ ਦਿੱਤੀ ਗਈ ਹੈ।

ਹਿੰਦੂ, ਈਸਾਈ, ਜੈਨ ਅਤੇ ਸਿੱਖ ਹੋਣ ਦੇ ਨਾਤੇ ਮੁਸਲਮਾਨ ਭਾਰਤ ਲਈ ਇੰਨੇ ਵਿਲੱਖਣ ਹਨ, ਜੋ ਉਹ ਮੁਗਲਾਂ ਦੇ ਉੱਤਰਾਧਿਕਾਰੀ ਨਹੀਂ ਹਨ। ਉਨ੍ਹਾਂ ਦੇ ਪੂਰਵਜਾਂ ਨੇ ਭਾਰਤ ਨੂੰ ਉਸਦੀ ਆਜ਼ਾਦੀ ਦਿਵਾਉਣ ਲਈ ਬਸਤੀਵਾਦ ਦੇ ਵਿਰੁੱਧ ਹਿੰਦੂਆਂ ਦੇ ਨਾਲ ਲੜਿਆ ਸੀ। ਜਿਹੜਾ ਵੀ ਵਿਅਕਤੀ ਸੰਵਿਧਾਨ ਦਾ ਨਿਰਾਦਰ ਕਰਦਾ ਹੈ, ਉਹ ਨਿਸ਼ਚਤ ਰੂਪ ਤੋਂ ਦੇਸ਼ ਵਿਰੋਧੀ ਹੈ। ਇਸ ਲਈ ਸਾਰੇ ਪਿਛੋਕੜਾਂ ਦੇ ਕਤਲੇਆਮ ਦੇਸ਼ ਵਿਰੋਧੀ ਹਨ, ਸਵੈ-ਘੋਸ਼ਿਤ ਰਾਸ਼ਟਰਵਾਦੀ, ਜੋ 14 ਅਗਸਤ ਨੂੰ ਭਾਰਤੀ ਮੁਸਲਮਾਨਾਂ ਦੇ ਸੁਤੰਤਰਤਾ ਦਿਵਸ ਦੀ ਕਾਮਨਾ ਕਰਦੇ ਹਨ, ਉਹ ਰਾਸ਼ਟਰ ਵਿਰੋਧੀ ਹਨ, ਜੋ ਟਵਿੱਟਰ ‘ਤੇ ਮੌਜੂਦਾ ਸਰਕਾਰ ਦੇ ਮਹਿਲਾ ਆਲੋਚਕਾਂ ਨੂੰ “ਬਲਾਤਕਾਰ ਦੀਆਂ ਧਮਕੀਆਂ“ ਦਿੰਦੇ ਹਨ, ਉਨ੍ਹਾਂ ਨੂੰ ਦੇਸ ਧ੍ਰੋਹੀ, ਗਲਤ ਮੰਨਿਆਂ ਜਾਣਾ ਚਾਹਿੰਦਾ ਹੈ।

“ਤੁਸੀਂ ਤਸਵੀਰਾਂ ਦੇ ਚਿਹਰਿਆਂ ਨੂੰ ਕੰਧਾਂ ਵੱਲ ਮੋੜ ਕੇ ਇਤਿਹਾਸ ਦੇ ਰਾਹ ਨੂੰ ਨਹੀਂ ਬਦਲ ਸਕਦੇ “. ਸਾਡੇ ਸੰਸਥਾਪਕਾਂ ਨੇ ਭਾਰਤ ਦੀ ਆਜ਼ਾਦੀ ਲਈ ਲੜਾਈ ਲੜੀ ਸੀ। ਆਓ ਇਹ ਸੁਨਿਸ਼ਚਿਤ ਕਰੀਏ ਕਿ ਅਸੀਂ ਉਨ੍ਹਾਂ ਬਾਰੇ ਸੋਸ਼ਲ ਮੀਡੀਆ ਨਾਲੋਂ ਇਤਿਹਾਸ ਦੀਆਂ ਕਿਤਾਬਾਂ ਤੋਂ ਵਧੇਰੇ ਜਾਣਕਾਰੀ ਹਾਂਸਿਲ ਕਰੀਏ। ਭਾਰਤ ਨੂੰ ਹੋਰ ਆਜ਼ਾਦੀ ਘੁਲਾਟੀਆਂ ਦੇ ਨਾਲ ਉਸਦੀ ਆਜ਼ਾਦੀ ਮਿਲਦੀ ਹੈ। ਮਨਘੜਤ ਜਾਣਕਾਰੀ ਦੇ ਕਾਰਨ ਆਓ ਉਨ੍ਹਾਂ ਨੂੰ ਘੱਟ ਨਾ ਸਮਝੀਏ। ਆਓ ਉਨ੍ਹਾਂ ਲੋਕਾਂ ਦਾ ਸਤਿਕਾਰ ਕਰੀਏ ਜਿਨ੍ਹਾਂ ਨੇ ਇਹ ਸੁਨਿਸ਼ਚਿਤ ਕੀਤਾ ਕਿ ਭਾਰਤ ਨੂੰ ਆਜ਼ਾਦੀ ਦੀ ਰੌਸ਼ਨੀ ਦੇਖਣ ਨੂੰ ਮਿਲੇਗੀ ਜਿਸ ਵਿੱਚ ਭਗਤ ਸਿੰਘ, ਗਾਂਧੀ, ਨਹਿਰੂ, ਬੋਸ ਅਤੇ ਹੋਰ ਸਾਰੇ ਸ਼ਾਮਲ ਸਨ।

ਸੁਤੰਤਰਤਾ ਅਤੇ ਸੁਤੰਤਰਤਾ ਦਾ ਵਿਚਾਰ ਪ੍ਰਸ਼ਨ ਕਰਨ ਦੇ ਯੋਗ ਹੋਣਾ, ਵਿਚਾਰਾਂ ਅਤੇ ਬੋਲਣ ਦੀ ਆਜ਼ਾਦੀ ਦੇ ਯੋਗ ਹੋਣਾ ਅਤੇ ਅਸਹਿਮਤੀ ਹੋਣਾ ਅਤੇ ਬਿਨਾਂ ਕਿਸੇ ਡਰ ਦੇ ਚੱਲਣਾ ਹੈ ਨਾ ਕੇ ਲੁਕ ਲੁਕ ਕੇ ਤੇ ਜੀਭ ਨੂੰ ਆਪਣੇ ਹਰਫਾਂ ਨੂੰ , ਆਪਣੀ ਸੋਚ ਨੂੰ ਤਾਲਾਂ ਮਾਰ ਕੇ ਡਰ ਦੇ ਮਾਰੇ ਜਿੰਦਗੀ ਰੀਂਗ ਰੀਂਗ ਕੇ ਚੱਲਣਾ।

ਅੰਗਰੇਜ਼ਾਂ ਨੇ ਇਸ ਨੂੰ ਦਬਾ ਦਿੱਤਾ ਸੀ, ਹੁਣ ਅਸੀਂ ਸੁਤੰਤਰ ਹਾਂ, ਇਸ ਲਈ ਆਓ ਆਪਾਂ ਸਾਰੇ ਸੁਤੰਤਰ ਸੋਚ ਅਤੇ ਆਜ਼ਾਦੀ ਦੀ ਵਰਤੋਂ ਕਰੀਏ। ਆਓ ਪਹਿਲਾਂ ਦੇ ਆਜ਼ਾਦੀ ਘੁਲਾਟੀਆਂ ਲਈ ਨਿਰਾਸ਼ ਨਾ ਹੋਈਏ ਜਿਨ੍ਹਾਂ ਨੇ ਆਪਣੀ ਜਾਨ ਦੇ ਦਿੱਤੀ ਤਾਂ ਜੋ ਭਾਰਤ ਦੀ ਅਗਲੀ ਪੀੜ੍ਹੀ ਆਜ਼ਾਦੀ ਦੇ ਸਤਰੰਗੀ ਪੀਂਘ ਨੂੰ ਵੇਖ ਸਕੇ। ਇਸ ਦੇ ਨਾਲ ਹੀ ਫਾਰਮਰਸ ਦੇ ਚੱਲ ਰਹੀਆਂ ਰੈਲੀਆਂ ਵਾਦ ਵਿਵਾਦ ਵਾਰੇ ਸਰਕਾਰ ਨੂੰ ਇਸ 15 ਅਗਸਤ ਦੀ ਅਜਾਦੀ , ਆਪਣੇ ਸੁਤੰਤਰ ਹੋਣ ਦਾ ਅਹਿਸਾਸ ਕਰਵਾਈਏ, ਜਿਸ ਨਾਲ ਸਭ ਨਾਲ ਪੂਰਾ ਪੂਰਾ ਇੰਨਸਾਫ ਹੋ ਸਕੇ।

ਇਸ ਦੇ ਨਾਲ ਹੀ ਜਿਵੇਂ ਕਿ ਨੌਜਵਾਨਾਂ ਕੋਲ ਰਾਸ਼ਟਰ ਨੂੰ ਬਦਲਣ ਦੀ ਸੱਚੀ ਅਤੇ ਤੇਜ਼ ਸਕਤੀ ਹੈ, ਹੌਂਸਲੇ ਹਨ ਅਤੇ ਉਨ੍ਹਾਂ ਦਾ ਖ਼ੂਨ ਇੰਨਾ ਗਰਮ ਹੈ ਕਿ ਉਨ੍ਹਾਂ ਨੂੰ ਦੇਸ਼ ਦੀ ਤਸਵੀਰ ਨੂੰ ਬਹੁਤ ਸਹੀ ਢੰਗ ਨਾਲ ਬਦਲਣ ਦੀ ਸੋਚ ਰੱਖਦੇ ਹਨ। ਤੁਸੀਂ ਜਾਣਦੇ ਹੋ ਕਿ ਹਰ ਸਾਲ ਸੁਤੰਤਰਤਾ ਦਿਵਸ ਮਨਾਉਣ ਪਿੱਛੇ ਮੁੱਖ ਤਰਕ ਕੀ ਹੈ? ਇਸ ਤਰਕ ਦੇ ਪਿੱਛੇ ਦਾ ਕਾਰਨ ਇਹ ਹੈ ਕਿ ਨੌਜਵਾਨ ਪੀੜ੍ਹੀ ਨੂੰ ਸਾਡੇ ਸਹੀਦਾ, ਗੁਰੂਆਂ ਵਲੋਂ, ਸਾਡੇ ਵਡੇਰਿਆਂ ਵਲੋਂ ਦਿੱਤੀਆਂ ਕੁਰਬਾਨੀਆਂ ਤੋਂ ਜਾਣੂ ਕਰਵਾਇਆਂ ਜਾਵੇਂ। ਜਿਹਨਾਂ ਕਈ ਆਜ਼ਾਦੀ ਘੁਲਾਟੀਆਂ ਨੇ ਦੇਸ਼ ਨੂੰ ਆਪਣੀਆਂ ਜਾਨਾਂ ਦਿੱਤੀਆਂ ਹਨ, ਚਾਹੁੰਦੇ ਸਨ ਕਿ ਇਹ ਰਾਸ਼ਟਰ ਸੁਤੰਤਰ ਅਤੇ ਖੁਸ਼ਹਾਲ ਹੋਵੇ।

ਇਸ ਲਈ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਖ਼ੂਨ ਅਤੇ ਪਸੀਨੇ ਨੂੰ ਵਿਅਰਥ ਨਹੀਂ ਜਾਣ ਦੇਣਾ ਚਾਹੀਦਾ। ਸਾਨੂੰ ਸਾਰਿਆਂ ਨੌਜਵਾਨਾਂ ਨੂੰ ਇਕ ਟੀਮ ਏਕਾ ਬਣਾ ਕੇ ਕੰਮ ਕਰਨਾ ਚਾਹੀਦਾ ਹੈ ਕਿਉਂਕਿ ਮਿਲ ਕੇ ਅਸੀਂ ਆਪਣੇ ਸੰਵਿਧਾਨ ਨੂੰ ਅੱਗੇ ਵਧਾ ਸਕਦੇ ਹਾਂ। ਅਸੀਂ ਨੌਜਵਾਨਾਂ ਦਾ ਆਗਮਨ, ਅਗਾਂਹਵਧੂ ਸੋਚ, ਹਿੰਮਤ - ਹੌਂਸਲੇ ਤਾਂ ਟੋਕਿਉ ਉਲਪਿਕ ਵਿੱਚ ਦੇਖ ਲਿਆ ਹੈ, ਤਕਰੀਬਨ 218 ਨੌਜਵਾਨਾਂ ਵਲੋਂ ਹਿਸਾ ਲੈ ਕੇ ਦੇਸ ਲਈ 7 ਤਮਕੇ ਜਿੱਥੇ ਹਨ।

ਇਸ ਲਈ ਆਪਣੇ ਦੇਸ ਦੇ ਕੁੜੀਆਂ ਅਤੇ ਮੁੰਡੇ ਨੂੰ ਬੇਨਤੀ ਹੈ ਕਿ ਆਪਣੀਆਂ ਅੱਖਾਂ ਖੋਲ੍ਹੋ, ਨੈੱਟਫਲਿਕਸ ਲੜੀਵਾਰਾਂ ਅਤੇ ਹੋਰ ਭੈੜੀਆਂ ਸੋਸ਼ਲ ਮੀਡੀਆ ਸਾਈਟਾਂ ‘ਤੇ ਘੱਟ ਸਮਾਂ ਬਿਤਾਓ ਅਤੇ ਸਮਾਜਕ ਕੰਮਾਂ ਵਿੱਚ ਆਪਣਾ ਸਮਾਂ ਲਗਾਓ ਅਤੇ ਕਿਰਪਾ ਕਰਕੇ ਆਪਣੇ ਜਨਮ ਨੂੰ ਵਧੇਰੇ ਸਫਲ ਬਣਾਉਣ ਲਈ ਰਾਸ਼ਟਰ ਨਿਰਮਾਣ ਦੀ ਪ੍ਰਕਿਰਿਆ ਵਿੱਚ ਯੋਗਦਾਨ ਪਾਓ। ਆਪਣੀ ਜ਼ਿੰਦਗੀ ਨੂੰ ਸਿਰਫ ਖਾਣਾ, ਸੌਣਾ, ਗੱਲਬਾਤ ਕਰਨਾ, ਪੀਣਾ, ਬੇਕਾਰ ਚੀਜ਼ਾਂ ਅਤੇ ਗੱਲਾਂ ਵਿੱਚ ਸਮਾਂ ਬਰਬਾਦ ਕਰਨ ਨਾਲ ਬਰਬਾਦ ਨਾ ਕਰੋ ਸਿਰਫ ਇਸ ਲੜੀ ਨੂੰ ਤੋੜੋ ਅਤੇ ਕੁਝ ਅਜਿਹਾ ਵਿਲੱਖਣ ਹੈ ਜੋ ਤੁਸੀਂ ਦੂਜਿਆਂ ਲਈ ਪ੍ਰੇਰਣਾ ਦਾਇਕ ਬਣ ਸਕਦੇ ਹੋ ਕਿਉਂਕਿ ਮੇਰਾ ਮੰਨਣਾ ਹੈ ਕਿ ਸਾਡੇ ਵਿੱਚੋਂ ਕੁਝ ਜੰਮੇ ਹੋਏ ਨੇਤਾ ਹਨ ਅਤੇ ਕੁਝ ਸਾਡੇ ਜਨੂੰਨ ਵਿਚ ਨੇਤਾ ਗਿਰੀ ਹੈ ਤੇ ਕੁਝ ਸਮਰਪਣ, ਦਿਲਚਸਪੀ ਨਾਲ ਨੇਤਾ ਬਣ ਗਏ ਜੋ ਦੇਸ ਦੇ ਭਵਿੱਖ ਲਈ ਬਹੁਤ ਲਾਹੇਬੰਦ ਸਾਬਿਤ ਹੋ ਸਕਦੀ ਹੈ ।

ਆਜਾਦੀ ਦਿਹਾੜੇ ਦੀਆਂ ਆਪ ਸਭ ਨੂੰ ਬਹੁਤ ਬਹੁਤ ਮੁਬਾਰਕਾ!

ਸੁਰਜੀਤ ਸਿੰਘ ਫਲੋਰਾ

# ਕਾਨੂੰਨ ’ਚ ਸੋਧ ਦੇ ਸੰਕੇਤ

ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ ਚੰਡੀਗੜ੍ਹ ’ਚ ਕੈਬਨਿਟ ਦੀ ਬੈਠਕ ਤੋਂ ਬਾਅਦ ਕਿਹਾ ਕਿ ਐਡਵੋਕੇਟ ਜਨਰਲ ਦਫਤਰ ਤੋਂ ਕਾਨੂੰਨੀ ਰਾਇ ਮਿਲਣ ਤੋਂ ਬਾਅਦ ਮੌਨਸੂਨ ਇਜਲਾਸ ’ਚ ਤਜਵੀਜਸ਼ੁਦਾ ਬੇਅਦਬੀ ਕਾਨੂੰਨ ’ਚ ਸੋਧ ’ਤੇ ਚਰਚਾ ਕੀਤੀ ਜਾਏਗੀ। ਮੰਤਰੀ ਮੰਡਲ ਨੇ ਤਿੰਨ ਤੋਂ 10 ਅਗਸਤ ਤੱਕ ਇਜਲਾਸ ਬੁਲਾਉਣ ਲਈ ਸਹਿਮਤੀ ਦਿੱਤੀ ਹੈ ਤੇ ਜਰੂਰਤ ਪੈਣ ’ਤੇ ਇਸ ਨੂੰ ਵਧਾਇਆ ਵੀ ਜਾ ਸਕਦਾ ਹੈ। ਸੂਬਾ ਸਰਕਾਰ ਨੇ ਕਾਨੂੰਨ ’ਚ ਸੰਭਾਵਿਤ ਬਦਲਾਅ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਦੇ ਨਾਲ ਵੀ ਗੱਲਬਾਤ ਕੀਤੀ ਹੈ। ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਦੇ ਮੌਨਸੂਨ ਸੈਸਨ ਦੌਰਾਨ ਬੇਅਦਬੀ ਸਬੰਧੀ ਕਾਨੂੰਨ ’ਚ ਸੋਧ ਕਰਨ ਦੇ ਸੰਕੇਤ ਦਿੱਤੇ ਗਏ ਹਨ। ਇਸ ਸੰਵੇਦਨਸ਼ੀਲ ਮੁੱਦੇ ’ਤੇ ਲੋਕਾਂ ਦੀਆਂ ਭਾਵਨਾਵਾਂ ਲੰਬੇ ਸਮੇਂ ਤੋਂ ਇਨਸਾਫ ਦੀ ਉਡੀਕ ਕਰ ਰਹੀਆਂ ਹਨ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨਾਲ ਵਿਚਾਰ-ਵਟਾਂਦਰੇ ਲਈ ਐਡਵੋਕੇਟ ਜਨਰਲ ਨੂੰ ਭੇਜਣ ਦਾ ਫੈਸਲਾ ਇਹ ਸੰਕੇਤ ਦਿੰਦਾ ਹੈ ਕਿ ਸਰਕਾਰ ਇਸ ਮਾਮਲੇ ’ਚ ਵੱਡੇ ਪੱਧਰ ’ਤੇ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਸੰਵੇਦਨਸੀਲ ਵਿਸ਼ਿਆਂ ’ਤੇ ਸੰਵਾਦ ਹਮੇਸਾ ਟਕਰਾਅ ਨਾਲੋਂ ਬਿਹਤਰ ਰਾਹ ਹੁੰਦਾ ਹੈ। ਬੇਅਦਬੀ ਦੀਆਂ ਘਟਨਾਵਾਂ ਨੇ ਪੰਜਾਬ ਦੇ ਸਮਾਜਿਕ ਅਤੇ ਰਾਜਨੀਤਿਕ ਜੀਵਨ ’ਤੇ ਡੂੰਘੇ ਨਿਸਾਨ ਛੱਡੇ ਹਨ। ਹਰ ਵਾਰ ਸਖਤ ਕਾਨੂੰਨ ਦੀ ਮੰਗ ਉੱਠੀ, ਪਰ ਮਸਲਾ ਕੇਵਲ ਕਾਨੂੰਨ ਬਣਾਉਣ ਦਾ ਨਹੀਂ, ਸਗੋਂ ਉਸ ਨੂੰ ਸੰਵਿਧਾਨਕ ਕਸੌਟੀ ’ਤੇ ਖਰਾ ਉਤਾਰਨ ਅਤੇ ਪ੍ਰਭਾਵਸਾਲੀ ਢੰਗ ਨਾਲ ਲਾਗੂ ਕਰਨ ਦਾ



ਵੀ ਹੈ। ਪਹਿਲਾਂ ਵੀ ਕਈ ਯਤਨ ਕਾਨੂੰਨੀ ਪੇਚੀਦਗੀਆਂ ਜਾਂ ਹੋਰ ਕਾਰਨਾਂ ਕਰਕੇ ਅੱਗੇ ਨਹੀਂ ਵੱਧ ਸਕੇ। ਇਸ ਤਜਰਬੇ ਤੋਂ ਸਿੱਖਣ ਦੀ ਲੋੜ ਹੈ। ਧਾਰਮਿਕ ਭਾਵਨਾਵਾਂ ਦੀ ਰੱਖਿਆ ਹਰ ਲੋਕਤੰਤਰੀ ਸਰਕਾਰ ਦੀ ਜ਼ਿੰਮੇਵਾਰੀ ਹੈ, ਪਰ ਇਸ ਦੇ ਨਾਲ ਇਹ ਵੀ ਯਕੀਨੀ ਬਣਾਉਣਾ ਪਵੇਗਾ ਕਿ ਕੋਈ ਵੀ ਕਾਨੂੰਨ ਸੰਵਿਧਾਨ ਦੇ ਮੂਲ ਸਿਧਾਂਤਾਂ ਨਾਲ ਮੇਲ ਖਾਂਦਾ ਹੋਵੇ। ਕਾਨੂੰਨ ਅਜਿਹਾ ਹੋਵੇ ਜੋ ਹਰ ਧਰਮ ਪ੍ਰਤੀ ਸਮਾਨ ਸਨਮਾਨ ਦਾ ਸੰਦੇਸ ਦੇਵੇ ਅਤੇ ਕਿਸੇ ਵੀ ਤਰ੍ਹਾਂ ਦੇ ਭੇਦਭਾਵ ਜਾਂ ਦੁਰਵਰਤੋਂ ਦੀ ਗੁੰਜਾਇਸ ਨਾ ਛੱਡੇ। ਕਾਨੂੰਨ ਜਿੰਨਾ ਸਪੱਸਟ ਅਤੇ ਸੰਤੁਲਿਤ ਹੋਵੇਗਾ, ਉਸ ਦੇ ਅਦਾਲਤ ਵਿੱਚ ਟਿਕਣ ਦੀ ਸੰਭਾਵਨਾ ਵੀ ਉੱਨੀ ਹੀ ਵੱਧ ਹੋਵੇਗੀ। ਸਰਕਾਰ ਵੱਲੋਂ ਧਾਰਮਿਕ ਸੰਸਥਾਵਾਂ ਅਤੇ ਕਾਨੂੰਨੀ ਮਾਹਿਰਾਂ ਨਾਲ ਸਲਾਹ-ਮਸਵਰਾ ਕਰਨਾ ਸਹੀ ਦਿਸਾ ’ਚ ਕਦਮ ਹੈ। ਜੇਕਰ ਇਸ ਪ੍ਰਕਿਰਿਆ ਵਿੱਚ ਵਿਰੋਧੀ ਧਿਰਾਂ, ਨਿਆਂ ਵਿਦਵਾਨਾਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਵੀ ਭਰੋਸੇ ਵਿੱਚ ਲਿਆ ਜਾਵੇ ਤਾਂ ਕਾਨੂੰਨ ਨੂੰ ਹੋਰ ਮਜਬੂਤੀ ਮਿਲ ਸਕਦੀ ਹੈ। ਅਜਿਹੇ ਮੁੱਦਿਆਂ ’ਤੇ ਸਿਆਸੀ ਲਾਭ-ਹਾਨੀ ਤੋਂ ਉੱਪਰ ਉੱਠ ਕੇ ਸਰਬਸੰਮਤੀ ਬਣਾਉਣਾ ਹੀ ਪੰਜਾਬ ਦੇ ਹਿੱਤ ਵਿੱਚ ਹੋਵੇਗਾ। ਇਸ ਦੇ ਨਾਲ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਸਖਤ ਸਜਾਵਾਂ ਆਪਣੇ ਆਪ ’ਚ ਸਮੱਸਿਆ ਦਾ ਪੂਰਾ ਹੱਲ ਨਹੀਂ ਹੁੰਦੀਆਂ। ਤੇਜ ਜਾਂਚ, ਵਿਗਿਆਨਕ ਸਬੂਤ ਇਕੱਠੇ ਕਰਨ ਦੀ ਪ੍ਰਣਾਲੀ, ਸਮੇਂ ਸਿਰ ਮੁਕੱਦਮਿਆਂ ਦਾ ਨਿਪਟਾਰਾ ਅਤੇ ਦੋਸੀਆਂ ਨੂੰ ਯਕੀਨੀ ਸਜਾ-ਇਹ ਸਭ ਉੱਨੇ ਹੀ ਜਰੂਰੀ ਹਨ। ਜੇ ਲਾਗੂ ਕਰਨ ਵਾਲੀ ਪ੍ਰਣਾਲੀ ਕਮਜੋਰ ਰਹੀ ਤਾਂ ਨਵਾਂ ਕਾਨੂੰਨ ਵੀ ਲੋਕਾਂ ਦੀਆਂ ਉਮੀਦਾਂ ’ਤੇ ਖਰਾ ਨਹੀਂ ਉਤਰ ਸਕੇਗਾ। ਧਾਰਮਿਕ ਗ੍ਰੰਥਾਂ ਦਾ ਸਨਮਾਨ ਹਰ ਸਭਿਅਕ ਸਮਾਜ ਦੀ ਸਾਂਝੀ ਜ਼ਿੰਮੇਵਾਰੀ ਹੈ। ਪੰਜਾਬ ਨੂੰ ਅੱਜ ਅਜਿਹੇ ਕਾਨੂੰਨ ਦੀ ਲੋੜ ਹੈ ਜੋ ਸਿਰਫ ਸਖਤ ਨਾ ਹੋਵੇ, ਸਗੋਂ ਨਿਆਂਪੂਰਨ, ਵਿਹਾਰਕ ਅਤੇ ਸੰਵਿਧਾਨਕ ਤੌਰ ’ਤੇ ਮਜਬੂਤ ਵੀ ਹੋਵੇ। ਜੇ ਸਰਕਾਰ ਸਿਆਸੀ ਲਾਭ ਤੋਂ ਉੱਪਰ ਉੱਠ ਕੇ ਵਿਆਪਕ ਸਹਿਮਤੀ ਅਤੇ ਇਮਾਨਦਾਰ ਨੀਅਤ ਨਾਲ ਇਹ ਕਦਮ ਚੁੱਕਦੀ ਹੈ, ਤਾਂ ਇਹ ਨਾ ਕੇਵਲ ਬੇਅਦਬੀ ਦੀਆਂ ਘਟਨਾਵਾਂ ’ਤੇ ਅੰਕੁਸ ਲਗਾਉਣ ਵੱਲ ਮਹੱਤਵਪੂਰਨ ਸਾਬਤ ਹੋਵੇਗਾ, ਸਗੋਂ ਲੋਕਾਂ ਦਾ ਨਿਆਂ ਪ੍ਰਣਾਲੀ ’ਤੇ ਭਰੋਸਾ ਵੀ ਮਜਬੂਤ ਕਰੇਗਾ।

## ਗ਼ਜ਼ਲ

ਪਿੱਛੋਂ ਤੋੜਨੇ ਨਾ ਪੈਣ, ਪਹਿਲਾਂ ਬੁੱਤ ਨਾ ਬਣਾਉ ।
ਕਦੇ ਮਿੱਟੀ ਦੇ ਦਿਓਤਿਆਂ ਨੂੰ ਫੁੱਲ ਨਾ ਚੜ੍ਹਾਉ ।

ਕਰੋ ਮੰਜ਼ਿਲਾਂ ਦੁਰਾਡੀਆਂ ਦੇ ਰਾਹੀਆਂ ਦੀ ਪਛਾਣ,
ਚਿੱਤੋਂ ਹਾਰਿਆਂ ਦੇ ਨਾਲ ਕਦੇ ਅੱਖ ਨਾ ਮਿਲਾਉ ।

ਤੁਰੇ ਜਿੰਨਾ ਚਿਰ ਨਾਲ, ਮੰਨੋ ਓਸ ਨੂੰ ਕਮਾਲ,
ਉਸ ਮਹਿਕ ਨੂੰ ਸੰਭਾਲ, ਅੱਗੇ ਕਦਮ ਵਧਾਉ ।

ਅੱਖਾਂ ਮੀਟ ਪਹਿਲਾਂ ਕਰੋ ਨਾ ਜੀ ਅੰਧ-ਵਿਸ਼ਵਾਸ,
ਪਿੱਛੋਂ ਤੁਸੀਂ ਇਨਸਾਨ ਨੂੰ ਸ਼ੈਤਾਨ ਨਾ ਬਣਾਉ ।

ਕੋਈ ਰਿਸ਼ਤਾ ਜਦੋਂ ਵੀ ਬਣੇ ਰੂਹਾਂ ਉੱਤੇ ਬੋਝ,
ਦੇ ਕੇ ਸੋਹਣਾ ਜਿਹਾ ਮੋੜ, ਬਾਤ ਅੱਗੇ ਨਾ ਵਧਾਉ ।

ਬਹੁਤਾ ਬੋਲਣਾ ਹੀ ਬਹੁਤੀ ਵਾਰੀ ਕਰਦੈ ਖ਼ੁਆਰ,
ਮੈਨੂੰ ਚੁੱਪ ਰਹਿਣ ਦੇਵੋ, ਮੈਨੂੰ ਹੋਰ ਨਾ ਬੁਲਾਉ ।

ਮੇਰਾ ਚਿੱਕੜਾਂ 'ਚ ਭਾਵੇਂ ਕੌਲ-ਫੁੱਲ ਵਾਂਗੂੰ ਵਾਸ,
ਪੱਕੇ ਘਰਾਂ ਨਾਲ ਤਾਹੀਓਂ ਮੇਰਾ ਲਾਗ ਨਾ ਲਗਾਉ ।

ਹੋਣ ਦੋਸਤੀ ਦੇ ਬੂਟੇ, ਜੀਕੂੰ ਗਮਲੇ ਦੀ ਵੇਲ,
ਫੁੱਲ ਆਉਣਗੇ ਜ਼ਰੂਰ, ਜੇ ਰੋਜ਼ਾਨਾ ਪਾਣੀ ਪਾਉ ।

ਸਦਾ ਨੀਤੀਆਂ ਤੇ ਨੀਤਾਂ ਬਦਨੀਤ ਹੋਣ ਜਿੱਥੇ,
ਫਿਰ ਹੋਣੈਂ ਕੀਹ ਨਤੀਜਾ, ਮੇਰਾ ਮੂੰਹ ਨਾ ਖੁੱਲ੍ਹਾਉ ।


ਗੁਰਭਜਨ ਗਿੱਲ

## ਬੋਲ ਸਤਲੁਜ ਦੇ ਪਾਣੀਆਂ

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਕਿੱਧਰ ਗਈ ਜਵਾਨੀ।
ਕੀ ਬੀਤੀ ਉਹਨਾਂ ਨਾਲ ਸੀ,
ਲਹੂ ਜਦ ਹੋਇਆ ਪਾਣੀ।

ਪੁੱਤ ਜਿਨਾਂ ਦੇ ਖੋਹ ਲਏ ਤੂੰ,
ਉਹ ਵਿਲਕਣ ਮਾਵਾਂ।
ਭਟਕ ਦੀਆਂ ਮਰ ਗਈਆਂ,
ਜਾ ਸੁੰਨੀਆਂ ਰਾਹਵਾਂ।
ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਕਿੰਨ੍ਹਾਂ ਕਹਿਰ ਗੁਜਾਰੇ।
ਕਿੰਨੇ ਬੇਦੋਸੇ ਮਾਸੂਮ ਸੀ,
ਗਏ ਵਿੱਚ ਮਾਰੇ।

ਤੈਨੂੰ ਤਾਂ ਸਭ ਪਤਾ ਹੋਊ
ਹੁਣ ਤੂੰ ਦੱਸਦੇ।
ਉਹ ਕੌਣ ਸੀ ਜਾਲਮ ਆਦਮੀ
ਜੋ ਲੋਥਾਂ 'ਤੇ ਹੱਸਦੇ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਉਹ ਬੋਲ ਤਰਸਦੇ।
ਤੇਰੇ ਵਿੱਚ ਸਮਾ ਗਏ
ਕਿੰਨੇ ਤਾਰੇ ਅਰਸ ਦੇ।
ਦੱਸਦੇ ਉਹ ਕੌਣ ਸਨ,
ਜਿੰਨਾਂ ਲੁੱਟੀ ਜਵਾਨੀ,
ਕਿ ਅੱਜ ਵੀ ਫਿਰ ਰਹੇ,
ਕੋਈ ਦੱਸ ਨਿਸਾਨੀ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਘਾਟੇ ਕਿੰਝ ਹੋਣੇ ਪੂਰੇ।
ਪਾਣੀ ਤੇਰਾ ਪਵਿੱਤਰ ਸੀ
ਕੀਤਾ ਜਹਿਰ ਧਤੂਰੇ।

ਮੈਨੂੰ ਦੱਸ ਸਤਲੁਜ ਦੇ ਪਾਣੀਆਂ,
ਆਵਾਜਾਂ ਜੋ ਖਾਮੋਸ ਹੋ 'ਗੀਆਂ।
ਜਿਨਾਂ ਸੁਣਿਆ, ਜਿਨਾਂ ਵੇਖਿਆ,
ਰੂਹਾਂ ਬੇਹੋਸ ਹੋ 'ਗੀਆਂ।
ਸੱਚੋ ਸੱਚ ਦੱਸਦੇ ਤੇਰੇ ਮੈ ਪਾਵਾਂ
ਤਰਲੇ।
'ਪੱਤੋ' ਧੰਨ ਉਹ ਲੋਕ ਜਿੰਨਾਂ ਨੇ
ਦੁੱਖੜੇ ਜਰਲੇ।


ਹਰਪ੍ਰੀਤ ਪੱਤੋ

## ਮਾਂ ਸਕੀ ਜਾਂ ਮਤਰੇਈ

ਪੰਜਾਬੀ ਤੇ ਅੰਗਰੇਜੀ ਮੈਨੂੰ ਦੋਨੋਂ ਪਿਆਰੀਆਂ,
ਪੰਜਾਬੀ ਤੇ ਅੰਗਰੇਜੀ ਮੈਨੂੰ ਦੋਨੋਂ ਦੁਲਾਰੀਆਂ।

ਪੰਜਾਬੀ ਨੇ ਬਚਪਨ ਵਿੱਚ ਰੋਣਾ ਸਿਖਾਇਆ,
ਅੰਗਰੇਜੀ ਨੇ ਜਵਾਨੀ'ਚ ਕਮਾਉਣਾ ਸਿਖਾਇਆ।

ਪੰਜਾਬੀ ਬੁਢਾਪੇ ਵਿਚ ਹੈ ਦਿਲ ਦਾ ਸਹਾਰਾ,
ਅੰਗਰੇਜੀ ਨਵੇਂ ਬਚਪਨ ਲਈ ਹੈ ਨਜਾਰਾ।

ਬੁਢਾਪਾ ਤੇ ਬਚਪਨ ਹਰ ਘਰ ਵਿਚ ਵਸ ਦੇ,
ਦਾਦੂ ਦਾਦੀ ਪੋਤੇ ਪੋਤੀਆਂ ਰਲ ਮਿਲ ਹੱਸ ਦੇ।

ਇਕ ਦੂਜੇ ਨੂੰ ਹਰ ਗਲ ਸਮਝ ਸਮਝਾ ਲੈਂਦੇ,
ਚਿਹਰੇ ਦੇ ਹਾਅ ਭਾਅ ਨਾਲ ਸਭ ਕੁਝ ਕਹਿੰਦੇ।

ਮੇਰੇ ਦਿਲ'ਚ ਤੇ ਜੁਬਾਨ ਉੱਤੇ ਦੋਨੋਂ ਵਸਦੀਆਂ,
ਰਲ ਮਿਲ ਰਹਿੰਦੀਆਂ ਖਿੜ ਖਿੜ ਹੱਸ ਦੀਆਂ।

ਕਿਹੜੀ ਮਾਂ ਸਕੀ ਹੈ ਤੇ ਕਿਹੜੀ ਮਾਂ ਮਤਰੇਈ,
ਮੈਂ ਨਾਸਮਝ ਨਹੀਂ ਸਮਝ ਸਕਿਆ ਗਲ ਇਹੀ।

ਡਾ: ਦਵਿੰਦਰ ਸਿਘ ਜੀਤਲਾ
Dr. Davinder Singh Jitla


## ਸਭ ਨੂੰ ਦਿਸ ਰਿਹਾ

ਚਹੁੰ ਵਰਿਆਂ ਦੀ ਕੁੱਟ ਵਿਸਾਰੀ।।
ਮੰਡੀਆਂ ਵਿਚਲੀ ਲੁੱਟ ਵਿਸਾਰੀ।।
ਕੈਸੀ ਚਾਲ ਚੱਲੀ ਸਰਕਾਰੀ।।
ਸਭ ਕੁਝ ਦਿਤਾ ਮਨੋਂ ਵਿਸਾਰ।।
ਬੱਸ ਹੁਣ ਦਿਸਦਾ ਇਕ ਹਜਾਰ।।
ਸਭ ਨੂੰ ਦਿਸ ਰਿਹਾ ਇਕ ਹਜਾਰ।।

ਕਿਸੇ ਨੂੰ ਨਹੀਂ ਪਰਾਲੀ ਚੇਤੇ।।
ਨਾ ਜਬਰ ਸਰਕਾਰੀ ਚੇਤੇ।।
ਨਾ ਹੁਣ ਖੱਜਲ ਖੁਆਰੀ ਚੇਤੇ।।
ਟੁਰ ਪਏ ਸਾਰੇ ਬੰਨ ਕਤਾਰ।।
ਬਸ ਹੁਣ ਚੇਤੇ ਇਕ ਹਜਾਰ।।
ਸਭ ਨੂੰ ਦਿਸ ਰਿਹਾ ਇਕ ਹਜਾਰ।।

ਨਸ਼ਿਆਂ ਮਾਰੇ ਪੁੱਤ ਵੀ ਭੁੱਲ ਗਏ।।
ਇੰਨਕਾਊਟਰਾਂ ਦੀ ਰੁੱਤ ਵੀ ਭੁੱਲ
ਗਏ।।
ਬਰਗਾੜੀ ਲਈ, ਚੁੱਪ ਵੀ ਭੁੱਲ ਗਏ।।
ਬਹਿ ਗਏ ਕਿੰਝ ਜਮੀਰਾਂ ਮਾਰ।।
ਬਸ ਹੁਣ ਦਿਸਦਾ ਇਕ ਹਜਾਰ।।
ਸਭ ਨੂੰ ਦਿਸਦਾ ਇਕ ਹਜਾਰ।।

ਬੈਂਕਾਂ ਵਿੱਚ ਕਤਾਰਾਂ ਲੱਗੀਆਂ।।
ਭੈਣਾਂ ਵੇਖ ਹਜਾਰਾਂ ਲੱਗੀਆਂ।।
ਕਿਹੜੇ ਕੰਮ ਸਰਕਾਰਾਂ ਲੱਗੀਆਂ।।
ਮੇਰੀ ਤੇਰੀ ਸਮਝ ਤੋਂ ਬਾਹਰ।।
ਬਸ ਹੁਣ ਦਿਸ ਰਿਹਾ ਇਕ ਹਜਾਰ
।।
ਸਭ ਨੂੰ ਦਿਸਦਾ ਇਕ ਹਜਾਰ।।

ਬੜੇ ਬੜੇ ਸਰਦਾਰ ਮੈਂ ਵੇਖੇ ।।
ਜਿਹਨਾਂ ਦੇ ਪਰਿਵਾਰ ਮੈਂ ਵੇਖੇ।।
ਲੱਗੇ ਵਿੱਚ ਕਤਾਰ ਮੈਂ ਵੇਖੇ।।
ਬਣ ਗਏ ਨੀ ਜਿੰਦਾ ਮੁਰਦਾਰ।।
ਸਭ ਨੂੰ ਦਿਸ ਰਿਹਾ ਇਕ ਹਜਾਰ।।
ਬੱਸ ਹੁਣ ਦਿਸ ਰਿਹਾ ਇਕ ਹਜਾਰ।।

ਤੂੰ ਵੀ ਤੱਖਰਾ ਭੁੱਲ ਨਾ ਜਾਵੀਂ।।
ਵੇਖੀਂ ਕਿਧਰੇ ਰੁਲ ਨਾ ਜਾਵੀਂ।।
ਸਸਤੇ ਵੱਟੇ ਤੁਲ ਨਾ ਜਾਵੀਂ।।
ਨਹੀਂ ਰਹਿਣਾ ਉਚਾ ਕਿਰਦਾਰ।।
ਪਰ ਸਭ ਲਭਦੇ ਇਕ ਹਜਾਰ।।
ਸਭ ਨੂੰ ਦਿਸ ਰਿਹਾ ਇਕ ਹਜਾਰ।।

ਗੁਰਨਾਮ ਤੱਖਰ

## ਸੁੱਤੇ ਲੋਕ

ਹੱਥ ਮਿਲਾ ਕੇ ਜਿਨ੍ਹਾਂ ਨੇ ਹੱਥ ਧੋਣੇ ਨੇ।
ਉਨ੍ਹਾਂ ਨੇ ਕੀ ਯਾਰੋ ਹੱਥ ਵਟਾਉਣੇ ਨੇ।

ਨਾਲ ਨਹੀਂ ਜੇ ਤੁਰਨਾ , ਰਾਹ 'ਚੋ ਲਾਂਭੇ ਹੋ।
ਆਪਾਂ ਆਪਣੇ ਕੀਤੇ ਕੌਲ ਨਿਭਾਉਣੇ ਨੇ।

ਸਦੀਆਂ ਤੋਂ ਜੋ ਹੱਕ ਦਬਾਈ ਬੈਠੇ ਨੇ।
ਲੇਖੇ ਉਨ੍ਹਾਂ ਦੇ ਵੀ ਇੱਕ ਦਿਨ ਹੋਣੇ ਨੇ।

ਕਿਰਤ ਲੁਟਾਈ ਬੈਠੇ ਸੁੱਚੀ ਹੱਥ ਜਿਹੜੇ।
ਉਨ੍ਹਾਂ ਹੱਥਾਂ ਨੇ ਵੀ ਹੱਥ ਵਿਖਾਉਣੇ ਨੇ।

ਭੈਣਾਂ ਦੇ ਖਾਤੇ ਵਿੱਚ ਪੈਸੇ ਪੈ ਰਹੇ ਨੇ।
ਲੱਗਦਾ ਹੈ ਇਸ ਸਾਲ ਚੁਣਾਵ ਕਰਾਉਣੇ ਨੇ ।

ਸਮਝੇ ਨਾ ਜੋ ਚਾਲ ਸਿਆਸਤਦਾਨਾਂ ਦੀ।
ਘਰ ਘਰ ਦੇ ਵਿੱਚ ਲਾਂਬੂ ਇਨ੍ਹਾਂ ਲਾਉਣੇ ਨੇ।

ਲੋਕਾਂ ਨੇ ਲੜ੍ਹ ਫੜ੍ਹਿਆ ਨਾ ਜੇ ਏਕੇ ਦਾ।
ਬੋਝ ਬੇਗਾਨੇ ਹੀ ਇਨ੍ਹਾਂ ਫਿਰ ਢੋਣੇ ਨੇ।

ਨਤਮਸਤਕ ਨਿੱਤ ਹੁੰਦਾ ਹੈ " ਵਿਜੇ "ਕਲਮਾਂ
ਨੂੰ ।
ਇਨ੍ਹਾਂ ਨੇ ਹੀ ਸੁੱਤੇ ਲੋਕ ਜਗਾਉਣੇ ਨੇ।
ਇਨ੍ਹਾਂ ਨੇ 'ਨੇਰੇ ਰਾਹ ਰੁਸਨਾਉਣੇ ਨੇ।


ਵਿਜੇ ਅਗਨੀਹੋਤਰੀ

## ਗਿਰਗਟਾਂ ਵਰਗੇ ਰਿਸ਼ਤੇ

ਜਿਉਂਦਿਆਂ ਕੋਲ ਨਾ ਬੈਠੇ ਜਿਹੜੇ,ਆ ਮਰਿਆਂ
ਤੇ,ਬਹਿੰਦੇ ਨੇ
ਵਿੱਚ ਸਮਸਾਨਾਂ ਓਹੀ ਆ ਕੇ, ਉੱਠਜਾ
ਉੱਠਜਾ ,ਕਹਿੰਦੇ ਨੇ

ਕੱਲਿਆਂ ਛੱਡਕੇ ਤੁਰਗੇ ਜਿਹੜੇ, ਰੋਕਿਆਂ ਵੀ
ਜੋ,ਰੁਕੇ ਨਹੀਂ
ਅਰਥੀ ਨੂੰ ਹੱਥ ਪਾ ਕੇ ਓਹੀ, ਰੁਕ ਜਾ ਰੁਕ ਜਾ
ਕਹਿੰਦੇ ਨੇ

ਰੁੱਖ ਤਾਂ ਧੀਆਂ ਪੁੱਤਰਾਂ ਵਰਗੇ, ਸਦਾ ਹੀ ਛਾਵਾਂ
ਦਿੰਦੇ ਨੇ
ਅਕਸਰ ਰੁੱਖ ਨੂੰ ਦੇਖ ਪੰਜਾਬੀ, ਸੁੱਕ ਜਾ ਸੁੱਕ
ਜਾ ਕਹਿੰਦੇ ਨੇ

ਸਾਰੀ ਜਿੰਦਗੀ ਧੀਆਂ ਪੁੱਤਰਾਂ,ਬਾਤ ਨਾ ਪੁੱਛੀ
ਮਾਪਿਆਂ ਦੀ
ਥੁੱਕ ਲਗਾ ਕੇ ਅੱਖਾਂ ਤੇ ਉਹ ,ਲਵ ਯੂ ਲਵ ਯੂ
ਕਹਿੰਦੇ ਨੇ

ਸੁਬਾਹ ਸਵੇਰੇ ਉੱਠਕੇ ਜਿਹੜੇ ,ਮੱਥਾ ਟੇਕਣ
ਸੂਰਜ ਨੂੰ
ਡਾਣਸੀਂਵਾਲੀਆ ਆਥਣ ਵੇਲੇ,ਛੁਪਜਾ ਛੁਪਜਾ
ਕਹਿੰਦੇ ਨੇ


ਕੁਲਵੀਰ ਸਿੰਘ ਡਾਨਸੀਵਾਲ

## ਵਿਛੋੜਾ

ਰੂਹਾਂ ਦੇ ਵਿਚਕਾਰ ਦੁਨੀਆ ਦੇ ਵਾਸੀ ਮਾਲਕੋ
ਖਫਾ ਨਾ ਹੋਣਾ ਨਾ ਹੀ ਜੁਦਾ ਹੋਣਾ ਨਾ ਹੀ
ਰੋਣਾ ਧੋਣਾ
ਹਰੇਕ ਸੰਸਾਰ ਤੋਂ ਜਾਂਦੇ ਨੇ ਮੈਂ ਵੀ ਚਲਾ
ਜਾਵਾਂਗਾ
ਤਲਾਵਾਂ ਵਿਛੜਿਆਂ 'ਚ ਰਹਿਣਾ ਏ ਵਿਛੋੜਾ
ਸੱਜਣਾਂ ਦਾ ਝੱਲਣਾ ਪੈਣਾ ਏ

ਜੇ. ਐੱਸ. ਤਲਾਵਾਂ

## ਰਾਜਿਆ ਰਾਜ ਕਰੇਂਦਿਆਂ

ਰਾਜਿਆ ਰਾਜ ਕਰੇਂਦਿਆਂ ਤੇਰੇ ਕਿੱਥੇ ਗਏ ਉਹ
ਕੌਲ ?
ਉਦੋਂ ਚੋਣਾਂ ਵੇਲੇ ਰਸ ਮਿਸਰੀ ਤੇ ਹੁਣ ਕਿਉਂ ਕੌੜੇ
ਬੋਲ ?

ਰਾਜਿਆ ਰਾਜ ਕਰੇਂਦਿਆਂ ਦੱਸ ਕਿੱਥੋਂ ਲਈਏ
ਦੁੱਧ ?
ਜਹਿਰ ਹੈ ਸਾਰਾ ਵਿਕ ਰਿਹਾ ਤੇ ਕਿੱਥੋਂ ਲੱਭੀਏ
ਸੁੱਧ ?
ਸੁਣ ਕੇ ਦੜ ਕਿਉ ਵੱਟ ਗਿਐਂ ? ਕੁਝ ਤਾਂ ਮੂੰਹੋਂ
ਬੋਲ,
ਰਾਜਿਆ ਰਾਜ ਕਰੇਂਦਿਆਂ ਤੇਰੇ ......

ਰਾਜਿਆ ਰਾਜ ਕਰੇਂਦਿਆਂ ਤੂੰ ਕੁਝ ਤਾਂ ਸੋਚ
ਵਿਚਾਰ,
ਮਹਿੰਗਾਈ ਬੱਕਰੇ ਬੋਲਦੀ ਤੇ ਮੱਚ ਗਈ
ਹਾਹਾਕਾਰ,
ਸਰਨਾ ਨਹੀਉਂ ਚੁੱਪ ਕਰਕੇ, ਹੁਣ ਸੀਤੇ ਬੁੱਲ ਤਾਂ
ਖੋਲ੍ਹ,
ਰਾਜਿਆ ਰਾਜ ਕਰੇਂਦਿਆਂ ਤੇਰੇ ......

ਰਾਜੇ ਰਾਜ ਕਰੇਂਦਿਆਂ ਜਰਾ ਆਪਣੇ ਵੱਲ ਤਾਂ
ਵੇਖ,
ਪਰਜਾ ਨੰਗ ਧੜੰਗ ਫਿਰੇ ਕਿਉਂ ਸਾਹੀ ਤੇਰਾ
ਵੇਸ ?
ਗੂੰਗਾ ਬੱਥਾ ਕਿਉਂ ਹੋ ਰਿਹੈਂ, ਬਣ ਨਾ ਤੂੰ
ਅਣਭੋਲ,
ਰਾਜਿਆ ਰਾਜ ਕਰੇਂਦਿਆਂ ਤੇਰੇ .....

ਰਾਜਿਆ ਰਾਜ ਕਰੇਂਦਿਆਂ ਮੈਂ ਵੇਖਿਆ ਤੇਰਾ
ਦੇਸ,
ਰੋਟੀ ਖੁਣੋਂ ਪੁੱਤ ਪੋਤਰੇ, ਸਾਡੇ ਰੁਲਦੇ ਵਿੱਚ
ਪਰਦੇਸ,
ਦਿਲ ਮੇਰੇ ਦੀ ਹੂਕ ਸੁਣ, ਹੁਣ ਕੁੱਝ ਤਾਂ ਮੂੰਹੋਂ ਬੋਲ
